
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫ਼ਤਾਵਾਰੀ

# ਦੇਸ਼ ਦੁਆਬਾ

VOL - 6 ISSUE - 42
January 24, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ 641ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ- ਲੱਖ ਵਧਾਈਆਂ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 4 ਫਰਵਰੀ 2018 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰਾਂ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਅਮਰੀਕੀ ਸਰਕਾਰ ਦਾ ਸ਼ੱਟ ਡਾਊਨ ਹੋਇਆ ਖਤਮ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸਰਕਾਰੀ ਖਰਚ ਨਾਲ ਸਬੰਧਤ ਇਕ ਥੋੜ੍ਹੇ ਸਮੇਂ ਦੇ ਬਿੱਲ 'ਤੇ ਸਹੀ ਪਾਉਣ ਨਾਲ ਤਿੰਨ ਦਿਨਾਂ ਤੋਂ ਬੰਦ ਪਿਆ ਸਰਕਾਰੀ ਕੰਮਕਾਜ ਮੁੜ ਲੀਹਾਂ 'ਤੇ ਪੈ ਗਿਆ ਹੈ। ਨਵੇਂ ਬਿੱਲ ਦੀ ਮਿਆਦ ਅੱਠ ਫਰਵਰੀ ਤਕ ਰਹੇਗੀ ਤੇ ਉਦੋਂ ਤਕ ਟਰੰਪ ਸਰਕਾਰ ਨੂੰ ਸਰਕਾਰੀ ਕੰਮਕਾਜ ਲਈ ਫੰਡ ਮਿਲਦੇ ਰਹਿਣਗੇ। ਉਂਜ ਖਰਚਾ ਬਿੱਲ ਪਾਸ ਕਰਾਉਣ ਵਿੱਚ ਡੈਮੋਕਰੈਟਾਂ ਨੇ ਸੱਤਾਧਾਰੀ ਰਿਪਬਲਿਕਨਾਂ ਦਾ ਇਸ ਸਮਝੌਤੇ 'ਤੇ ਸਾਥ ਦਿੱਤਾ ਕਿ ਸਰਕਾਰ ਉਚਿਤ ਦਸਤਾਵੇਜ਼ਾਂ ਦੇ ਬਿਨਾਂ ਅਮਰੀਕਾ ਵਿੱਚ ਰਹਿ ਰਹੇ ਨੌਜਵਾਨ ਪਰਵਾਸੀਆਂ ਦੇ ਭਵਿੱਖ ਨੂੰ ਲੈ ਕੇ ਬਹਿਸ ਕਰਾਏਗੀ।



ਬੀਤੀ ਰਾਤ ਅਮਰੀਕੀ ਕਾਂਗਰਸ ਨੇ ਦੋਵਾਂ ਸਦਨਾਂ (ਸੈਨੇਟ ਤੇ ਪ੍ਰਤੀਨਿਧ ਸਭਾ) ਨੇ ਬਹੁਮਤ ਦੇ ਨਾਲ ਬਿੱਲ ਪਾਸ ਕਰ ਦਿੱਤਾ। ਵਿਰੋਧੀ ਖੇਮੇ ਨੇ ਰਿਪਬਲਿਕਨਾਂ ਤੋਂ ਅਮਰੀਕਾ ਵਿੱਚ ਬਚਪਨ ਤੋਂ ਨਜਾਇਜ਼ ਤਰੀਕੇ ਨਾਲ ਲਿਆਂਦੇ ਗਏ ਹਜ਼ਾਰਾਂ ਲੋਕਾਂ (ਜਿਨ੍ਹਾਂ ਨੂੰ ਡਰੀਮਰਜ਼ ਵੀ ਕਿਹਾ ਜਾਂਦਾ ਹੈ) ਦਾ ਭਵਿੱਖ ਸੁਰੱਖਿਅਤ ਕੀਤੇ ਜਾਣ ਨੂੰ ਲੈ ਕੇ ਮਿਲੇ ਭਰੋਸੇ ਮਗਰੋਂ ਬਿੱਲ ਪਾਸ ਕਰ ਦਿੱਤਾ। ਸੈਨੇਟ ਵਿੱਚ ਇਹ ਖਰਚਾ ਬਿੱਲ 81-18 ਜਦਕਿ ਪ੍ਰਤੀ-ਨਿਧ ਸਭਾ ਵਿੱਚ 266-150 ਨਾਲ ਪਾਸ ਹੋਇਆ। ਉਂਜ ਇਸ ਬਿੱਲ ਤਹਿਤ ਸਰਕਾਰ ਨੂੰ ਆਪਣਾ ਖਰਚਾ ਚਲਾਉਣ ਲਈ 8 ਫਰਵਰੀ ਤਕ ਹੀ ਫੰਡ ਮਿਲਣਗੇ ਤੇ ਇਸ ਤਰੀਕ ਤੋਂ ਪਹਿਲਾਂ ਡੈਮੋਕਰੈਟਾਂ ਤੇ ਰਿਪਬਲਿਕਨਾਂ ਨੂੰ ਇਕ ਦੂਜੇ ਨਾਲ ਸਹਿਮਤੀ ਬਣਾਉਂਦਿਆਂ ਸਮੱਸਿਆ ਦਾ ਕੋਈ ਚਿਰਕਾਲੀ ਹੱਲ ਕੱਢਣਾ ਹੋਵੇਗਾ।

ਟਰੰਪ ਨੇ ਇਕ ਬਿਆਨ ਵਿੱਚ ਕਿਹਾ, 'ਮੈਨੂੰ

**(ਬਾਕੀ ਸਫਾ 8 'ਤੇ)**

## ਚਰਨਜੀਤ ਸਿੰਘ ਚੱਢਾ ਚੀਫ਼ ਖਾਲਸਾ ਦੀਵਾਨ ਤੋਂ ਬਾਹਰ ਕੀਤੇ

**ਅੰਮ੍ਰਿਤਸਰ (ਬਿਊਰੋ)–** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਨਾਲ ਸਬੰਧਤ ਇਤਰ-ਾਜ਼ਯੋਗ ਵੀਡਿਓ ਮਾਮਲਾ ਵਿਚਾਰਨ ਉਪਰੰਤ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਨੇ ਚੱਢਾ ਦੀ ਦੀਵਾਨ ਤੋਂ ਮੁੱਢਲੀ ਮੈਂਬਰਸ਼ਿਪ ਖਾਰਿਜ ਕਰਨ ਦਾ ਫੈਸਲਾ ਕਰਦਿਆਂ ਦੀਵਾਨ ਵਿੱਚ ਦੋ ਸਾਲ ਤੱਕ ਕਿਸੇ ਵੀ ਅਹੁਦੇ ਉੱਤੇ ਕਾਰਜਸ਼ੀਲ ਹੋਣ 'ਤੇ ਰੋਕ ਲਾ ਦਿੱਤੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਦੇ ਗੁਰਦੁਆਰਾ ਛੋਟਾ ਘੱਲੂਘਾਰਾ ਵਿੱਚ ਵਾਪਰੀ ਮੰਦਭਾਗੀ ਘਟਨਾ ਲਈ ਗੁਰਦੁਆਰਾ ਕਮੇਟੀ ਦੇ ਆਗੂ ਮਾਸਟਰ



ਜੌਹਰ ਸਿੰਘ ਨੂੰ ਇੱਕ ਹਫ਼ਤਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਦੇ ਜੋੜੇ ਝਾੜਨ, ਬਰਤਨ ਮਾਂਜਣ ਅਤੇ ਕੀਰਤਨ ਸੁਣਨ ਦੀ ਤਨਖਾਹ ਲਾਈ ਹੈ। ਇਸ ਤੋਂ ਇਲਾਵਾ ਫਤਹਿਗੜ੍ਹ ਸਾਹਿਬ ਗੁਰਦੁਆਰੇ ਵਿੱਚ ਸ਼ਹੀਦੀ ਜੋੜ ਮੇਲੇ ਮੌਕੇ ਪ੍ਰਬੰਧਕਾਂ ਵੱਲੋਂ ਅਖੰਡ ਪਾਠ ਨਾ ਰੱਖਣ ਦੀ ਹੋਈ ਭੁੱਲ ਨੂੰ ਬਖ਼ਸ਼ ਦਿੱਤਾ ਹੈ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ

**(ਬਾਕੀ ਸਫਾ 8'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



FARMERS
INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648
2081 Arena Blvd. @ 100
Sacramento CA 95835

916-628-2210
Dil.realtor@gmail.com

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!




Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair

KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA BAZAAR



Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# 'ਆਪ' ਦੇ ਅਯੋਗ ਵਿਧਾਇਕਾਂ ਵੱਲੋਂ ਹਾਈ ਕੋਰਟ ਵਿੱਚੋਂ ਅਰਜ਼ੀ ਵਾਪਸ

**ਨਵੀਂ ਦਿੱਲੀ–** ਲਾਭ ਵਾਲੇ ਅਹੁਦੇ ਕਾਰਨ ਅਯੋਗ ਠਹਿਰਾਏ ਗਏ 'ਆਪ' ਦੇ 20 ਵਿਧਾਇਕਾਂ ਨੇ ਚੋਣ ਕਮਿਸ਼ਨ ਦੀ ਸਿਫ਼ਾਰਿਸ਼, ਜਿਸ ਦੇ ਆਧਾਰ 'ਤੇ ਰਾਸ਼ਟਰਪਤੀ ਨੇ ਇਨ੍ਹਾਂ ਨੂੰ ਬਰਖ਼ਾਸਤ ਕਰਨ 'ਤੇ ਮੋਹਰ ਲਾਈ ਹੈ, ਖ਼ਿਲਾਫ਼ ਪਾਈਆਂ ਅਰਜ਼ੀਆਂ ਦਿੱਲੀ ਹਾਈ ਕੋਰਟ ਵਿੱਚੋਂ ਵਾਪਸ ਲੈ ਲਈਆਂ ਹਨ। ਇਨ੍ਹਾਂ 20 ਵਿਧਾਇਕਾਂ, ਜਿਨ੍ਹਾਂ ਦੀ ਸੰਸਦੀ ਸਕੱਤਰ ਵਜੋਂ ਨਿਯੁਕਤੀ 'ਤੇ ਸਵਾਲ ਉੱਠੇ ਸਨ, ਨੇ ਹਾਈ ਕੋਰਟ ਨੂੰ ਦੱਸਿਆ ਕਿ ਅਸੈਂਬਲੀ ਸੀਟਾਂ ਤੋਂ ਲਾਂਭੇ ਕੀਤੇ ਜਾਣ ਖ਼ਿਲਾਫ਼ ਉਨ੍ਹਾਂ ਵੱਲੋਂ ਨਵੀਆਂ ਪਟੀਸ਼ਨਾਂ ਦਾਖ਼ਲ ਕੀਤੀਆਂ ਜਾਣਗੀਆਂ ਕਿਉਂਕਿ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਚੋਣ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਮੋਹਰ ਲਾਏ ਜਾਣ ਬਾਅਦ ਇਹ ਪਟੀਸ਼ਨਾਂ ਨਿਹਫਲ ਹੋ ਗਈਆਂ ਹਨ।



ਜਸਟਿਸ ਰੇਖਾ ਪੱਲੀ ਨੇ ਇਨ੍ਹਾਂ ਵਿਧਾਇਕਾਂ ਨੂੰ ਪਟੀਸ਼ਨਾਂ ਵਾਪਸ ਲੈਣ ਦੀ ਆਗਿਆ ਦੇ ਦਿੱਤੀ। ਇਨ੍ਹਾਂ 'ਚੋਂ ਇਕ ਵਿਧਾਇਕ ਵੱਲੋਂ ਪੇਸ਼ ਹੋਏ ਵਕੀਲ ਮਨੀਸ਼ ਵਸ਼ਿਸ਼ਟ ਨੇ ਅਦਾਲਤ ਨੂੰ ਦੱਸਿਆ ਕਿ ਰਾਸ਼ਟਰਪਤੀ ਵੱਲੋਂ ਚੋਣ ਕਮਿਸ਼ਨ ਦੀ ਸਿਫ਼ਾਰਿਸ਼ ਸਵੀਕਾਰ ਕੀਤੇ ਜਾਣ ਬਾਅਦ ਸਰਕਾਰ ਵੱਲੋਂ 20 ਜਨਵਰੀ ਨੂੰ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਸ ਦਸਤਾਵੇਜ਼ ਨੂੰ ਰਿਕਾਰਡ ਉਤੇ ਲੈਂਦਿਆਂ ਅਦਾਲਤ ਨੇ ਇਨ੍ਹਾਂ ਵਿਧਾਇਕਾਂ ਨੂੰ ਕੋਈ ਰਾਹਤ ਨਾ ਦੇਣ ਵਾਲੇ ਆਪਣੇ 19 ਜਨਵਰੀ ਦੇ ਹੁਕਮਾਂ ਨੂੰ ਬਰਕਰਾਰ ਰੱਖਿਆ ਹੈ। ਦੱਸਣਯੋਗ ਹੈ ਕਿ 21 ਵਿਧਾਇਕਾਂ, ਜਿਨ੍ਹਾਂ ਨੂੰ ਦਿੱਲੀ 'ਚ 'ਆਪ' ਸਰਕਾਰ ਨੇ ਸੰਸਦੀ ਸਕੱਤਰ ਨਿਯੁਕਤ ਕੀਤਾ ਸੀ, ਖ਼ਿਲਾਫ਼ ਪ੍ਰਸ਼ਾਂਤ ਪਟੇਲ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ। ਜਰਨੈਲ ਸਿੰਘ ਖ਼ਿਲਾਫ਼ ਕਾਰਵਾਈ ਰੋਕ ਦਿੱਤੀ ਸੀ ਕਿਉਂਕਿ ਪੰਜਾਬ ਵਿਧਾਨ ਸਭਾ ਚੋਣ ਲੜਨ ਲਈ ਉਸ ਨੇ ਰਾਜੌਰੀ ਗਾਰਡਨ ਤੋਂ ਵਿਧਾਇਕ ਵਜੋਂ ਅਸਤੀਫ਼ਾ ਦੇ ਦਿੱਤਾ ਸੀ।

# ਅਮੀਰ\ਗ਼ਰੀਬ ਵਿਚਲਾ ਪਾੜ੍ਹਾ ਢਹਿੰਦੀਆਂ ਕਲਾ 'ਚ ਜਾਣ ਦਾ ਸੰਕੇਤ

**ਦਾਵੋਸ–** ਭਾਰਤ ਦੀ ਕੁੱਲ ਆਬਾਦੀ 1.3 ਅਰਬ ਹੈ ਤੇ ਇਨ੍ਹਾਂ ਵਿੱਚ ਅਮੀਰਾਂ ਦੀ ਗਿਣਤੀ ਮਹਿਜ਼ ਇਕ ਫੀਸਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਇਕ ਫੀਸਦ ਵਰਗ ਹੀ ਕੁੱਲ ਪੂੰਜੀ ਦਾ 73 ਫੀਸਦ ਸਾਂਭੀ ਬੈਠਾ ਹੈ। ਗ਼ਰੀਬ ਗੁਰਬੇ ਦੀ ਗੱਲ ਕਰੀਏ ਤਾਂ ਅੱਧੇ ਨਾਲੋਂ ਵੱਧ ਭਾਰਤੀ ਲਗਪਗ 67 ਕਰੋੜ ਲੋਕਾਂ ਦੀ ਪੂੰਜੀ ਵਿੱਚ ਮਹਿਜ਼ ਇਕ ਫੀਸਦ ਦਾ ਵਾਧਾ ਹੋਇਆ ਹੈ। ਇਹ ਦਾਅਵਾ ਓਕਸਫੈਮ ਨੇ ਇਕ ਰਿਪੋਰਟ ਵਿੱਚ ਕੀਤਾ ਹੈ। ਓਕਸਫੈਮ ਇੰਡੀਆ ਦੀ ਸੀਈਓ ਨਿਸ਼ਾ ਅਗਰਵਾਲ ਨੇ ਕਿਹਾ, 'ਆਰਥਿਕ ਵਿਕਾਸ ਦਾ ਲਾਹਾ ਕੁਝ ਮੁੱਠੀ ਭਰ ਲੋਕਾਂ ਹੱਥ ਜਾਣਾ ਚਿੰਤਾਜਨਕ ਹੈ। ਅਰਬਪਤੀਆਂ ਦੀ ਪੂੰਜੀ ਦਾ ਲਗਾਤਾਰ ਤਾਂਹ ਨੂੰ ਚੜ੍ਹਨਾ ਸੰਪੰਨ ਅਰਥਚਾਰੇ ਦਾ ਨਹੀਂ ਬਲਕਿ ਆਰਥਿਕ ਪ੍ਰਬੰਧ ਦੇ ਢਹਿੰਦੀਆਂ ਕਲਾ 'ਚ ਜਾਣ ਦਾ ਸੰਕੇਤ ਹੈ।' 'ਰਿਵਾਰਡ ਵਰਕ, ਨੌਟ ਵੈਲਥ' ਨਾਂ ਦੀ ਇਸ ਰਿਪੋਰਟ ਮੁਤਾਬਕ, 'ਮਿਹਨਤ ਮੁਸ਼ੱਕਤ ਕਰਨ ਵਾਲੇ, ਕਾਸ਼ਤਕਾਰਾਂ, ਬੁਨਿਆਦੀ ਢਾਂਚੇ ਦੀ ਉਸਾਰੀ 'ਚ ਯੋਗਦਾਨ ਪਾਉਣ ਵਾਲੇ ਤੇ ਫੈਕਟਰੀਆਂ 'ਚ ਕੰਮ ਕਰਦੇ ਲੋਕਾਂ ਕੋਲ ਆਪਣੇ ਬੱਚਿਆਂ ਦੀ ਸਿੱਖਿਆ, ਪਰਿਵਾਰਕ ਮੈਂਬਰਾਂ ਦੀ ਦਵਾ ਦਾਰੂ ਤੇ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਜੋਗੇ ਵੀ ਪੈਸੇ ਨਹੀਂ ਹਨ। ਅਮੀਰ ਤੇ ਗ਼ਰੀਬ 'ਚ ਵਧਦਾ ਪਾੜਾ ਜਿੱਥੇ ਜਮਹੂਰੀਅਤ ਨੂੰ ਛੁਟਿਆਉਂਦਾ ਹੈ, ਉਥੇ ਭ੍ਰਿਸ਼ਟਾਚਾਰ ਤੇ ਪੂੰਜੀਵਾਦ ਨੂੰ ਵਧਾਉਂਦਾ ਹੈ।' ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਪਿਛਲੇ ਇਕ ਸਾਲ ਵਿੱਚ ਅਰਬਪਤੀਆਂ ਦੀ ਸੂਚੀ ਵਿੱਚ 17 ਨਵੇਂ ਨਾਂਅ ਜੁੜਨ ਨਾਲ ਇਹ ਅੰਕੜਾ 101 ਨੂੰ ਪੁੱਜ ਗਿਆ ਹੈ। ਇਨ੍ਹਾਂ ਵਿੱਚੋਂ 37 ਫੀਸਦ ਧਨਕੁਬੇਰਾਂ ਨੂੰ ਇਹ ਪੂੰਜੀ ਵਿਰਸੇ ਵਿੱਚ ਮਿਲੀ ਹੈ। ਕੁੱਲ 101 ਅਰਬਪਤੀਆਂ 'ਚੋਂ 51 ਅਜਿਹੇ ਹਨ, ਜਿਨ੍ਹਾਂ ਦੀ ਉਮਰ 65 ਸਾਲ ਜਾਂ ਇਸ ਤੋਂ ਵੱਧ ਹੈ।



ਰਿਪੋਰਟ ਮੁਤਾਬਕ ਇਨ੍ਹਾਂ ਧਨਕੁਬੇਰਾਂ ਵੱਲੋਂ ਅਗਲੇ 20 ਸਾਲਾਂ ਵਿੱਚ ਘੱਟੋ-ਘੱਟ 10,544 ਅਰਬ ਰੁਪਏ ਅੱਗੇ ਵਾਰਸਾਂ ਨੂੰ ਦਿੱਤੇ ਜਾਣਗੇ ਅਤੇ ਜੇਕਰ ਇਸ ਰਕਮ 'ਤੇ ਜਾਇਦਾਦ ਟੈਕਸ ਲਾਇਆ ਜਾਵੇ ਸਰਕਾਰ ਨੂੰ 3176 ਅਰਬ ਰੁਪਏ ਦੀ ਕਮਾਈ ਹੋ ਸਕਦੀ ਹੈ। ਰਿਪੋਰਟ ਵਿੱਚ ਆਮਦਨ ਵਿਚਲੇ ਖੱਪੇ ਨੂੰ ਪੂਰਨ ਲਈ ਜਾਇਦਾਦ ਟੈਕਸ ਮੁੜ ਲਾਗੂ ਕਰਨ, ਪੂੰਜੀ ਟੈਕਸ ਵਧਾਉਣ, ਕਾਰਪੋਰੇਟ ਟੈਕਸ ਬ੍ਰੇਕ ਨੂੰ ਘਟਾਉਂਦਿਆਂ ਬਿਲਕੁਲ ਖ਼ਤਮ ਕਰਨ ਤੇ ਬਰਾਬਰ ਦੇ ਮੌਕੇ ਮੁਹੱਈਆ ਕਰਾਉਣ ਜਿਹੇ ਸੁਝਾਅ ਵੀ ਦਿੱਤੇ ਗਏ ਹਨ।

# ਪੰਜਾਬ ਸਰਕਾਰ ਹੁਣ ਕਿਸਾਨਾਂ 'ਤੇ ਵੀ ਟੈਕਸ ਲਾਉਣ ਲਈ ਤਿਆਰ

**ਚੰਡੀਗੜ੍ਹ–** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਦੇਸ਼ ਦੇ ਸੰਕਟ ਵਿੱਚ ਘਿਰੇ ਕਿਸਾਨਾਂ ਤੇ ਖਾਸ ਕਰਕੇ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਵਾਰਿਸਾਂ ਦੀ ਮਦਦ ਲਈ ਪੰਜ ਲੱਖ ਤੋਂ ਵੱਧ ਆਮਦਨੀ ਵਾਲੇ ਕਿਸਾਨਾਂ ਉੱਤੇ ਅੱਧਾ ਫੀਸਦੀ ਆਮਦਨ ਕਰ ਲਾ ਕੇ ਸਮੱਸਿਆਂ ਦਾ ਹੱਲ ਕੀਤਾ ਜਾ ਜਾਵੇ। ਸੂਬੇ ਨੂੰ ਬਹੁਤ ਵੱਡੇ ਕਰਜ਼ੇ ਦੇ ਬੋਝ ਹੇਠ ਧੱਕਣ ਲਈ ਅਕਾਲੀਆਂ ਨੂੰ ਦੋਸ਼ੀ ਠਹਿਰਾਉਂਦਿਆਂ ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਦਫਤਰ ਸਾਹਮਣੇ ਧਰਨਾ 'ਤੇ ਬੈਠਣ ਤਾਂ ਜੋ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਕੁੱਝ ਰਾਹਤ ਦਿਵਾਉਣ 'ਚ ਮਦਦ ਹੋ ਸਕੇ।



ਉਨ੍ਹਾਂ ਕਿਹਾ ਕਿ ਪੰਜ ਲੱਖ ਤੋਂ ਵੱਧ ਆਮਦਨੀ ਵਾਲੇ ਕਿਸਾਨਾਂ 'ਤੇ ਕੇਵਲ ਅੱਧਾ ਫੀਸਦੀ ਟੈਕਸ ਲਾਉਣ ਨਾਲ ਪੰਜਾਹ ਹਜ਼ਾਰ ਕਰੋੜ ਰੁਪਏ ਇਕੱਠੇ ਹੋਣ ਦਾ ਅੰਦਾਜ਼ਾ ਹੈ ਤੇ ਇਹ ਪੈਸਾ ਸੰਕਟ ਵਿੱਚ ਘਿਰੇ ਗਰੀਬ ਕਿਸਾਨਾਂ ਦੀ ਜ਼ਮੀਨ ਦੀ ਸਿਹਤ ਸੁਧਾਰਨ, ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਵਾਰਿਸਾਂ,ਪਾਣੀ ਦੀ ਬਿਹਤਰ ਵਰਤੋਂ ਲਈ ਵਰਤਿਆ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਪੈਸੇ ਨਾਲ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਮੱਦਦ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਇਹ ਤਜਵੀਜ਼ ਪਿਛਲੇ ਦਿਨੀਂ ਜੀਐੱਸਟੀ ਕੌਂਸਲ ਦੀ ਮੀਟਿੰਗ ਵਿੱਚ ਦਿੱਤੀ ਸੀ। ਚੋਣ ਨਤੀਜਿਆਂ ਦੇ ਐਲਾਨ ਤੋਂ ਇੱਕ ਦਿਨ ਪਹਿਲਾਂ ਅਕਾਲੀਆਂ ਨੇ 31,000 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਨੂੰ ਕਰਜ਼ੇ ਵਿੱਚ ਬਦਲਵਾ ਦਿੱਤਾ ਸੀ। ਉਨ੍ਹਾਂ ਕਿਹਾ 'ਮੈਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਸੀਸੀਐਲ ਦਾ 31,000 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਵਾਉਣ ਲਈ ਪ੍ਰਧਾਨ ਮੰਤਰੀ ਮੋਦੀ ਦੇ ਦਫਤਰ ਸਾਹਮਣੇ ਧਰਨਾ ਦੇਣ ਤੇ ਜੇ ਉਹ ਕਰਜ਼ਾ ਮੁਆਫ ਕਰਵਾ ਦਿੰਦੇ ਹਨ ਤਾਂ ਅਸੀਂ ਇਹ ਸਾਰਾ ਪੈਸਾ ਕਿਸਾਨਾਂ ਨੂੰ ਜਾਰੀ ਕਰ ਦਿਆਂਗੇ।' ਉਨ੍ਹਾਂ ਕਿਹਾ ਕਿ 31,000 ਹਜ਼ਾਰ ਕਰੋੜ ਰੁਪਏ ਦੀ ਸੀਸੀਐਲ ਨੂੰ ਕਰਜ਼ੇ ਵਿੱਚ ਬਦਲਣ ਕਰਕੇ ਸਾਨੂੰ 3240 ਕਰੋੜ ਰੁਪਏ ਹਰ ਸਾਲ ਭਰਨੇ ਪੈਣਗੇ ਤੇ ਇਹ ਪੈਸਾ ਵੀਹ ਸਾਲ ਅਦਾ ਕਰਨਾ ਪਵੇਗਾ। ਜੀਐਸਟੀ ਦੀ ਚਰਚਾ ਕਰਦਿਆ ਉਨ੍ਹਾਂ ਕਿਹਾ ਕਿ 28 ਫੀਸਦੀ ਟੈਕਸ ਦੀ ਸਲੈਬ ਖਤਮ ਕਰਨੀ ਚਾਹੀਦੀ ਹੈ ਕਿਉਂਕਿ ਦੁਨੀਆਂ ਵਿੱਚ ਕਿਤੇ ਵੀ ਇਸ ਤਰ੍ਹਾਂ ਦੀ ਸਲੈਬ ਨਹੀਂ ਹੈ ਤੇ ਟੈਕਸ ਸਲੈਬ 5 ਤੋਂ 15 ਫੀਸਦੀ ਦੇ ਵਿਚਾਲੇ ਹੋਣੀ ਚਾਹੀਦੀ ਹੈ।






# ਵਿਸ਼ਵ ਆਰਥਿਕ ਮੰਚ ਨੂੰ ਸੰਬੋਧਨ ਕਰਨ ਵਾਲੇ ਮੋਦੀ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ

**ਦਾਵੋਸ–** ਨਰਿੰਦਰ ਮੋਦੀ ਇਥੇ ਕੌਮਾਂਤਰੀ ਆਰਥਿਕ ਫੋਰਮ (ਡਬਲਿਊਈਐਫ) ਨੂੰ ਸੰਬੋਧਨ ਕਰਨ ਵਾਲੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣ ਗਏ ਹਨ। ਇਸ ਦੌਰਾਨ ਉਨ੍ਹਾਂ ਨੇ ਵਿਸ਼ਵ ਨੂੰ ਦਰਪੇਸ਼ ਅਤਿਵਾਦ ਸਮੇਤ ਹੋਰ 'ਗੰਭੀਰ' ਚੁਣੌਤੀਆਂ ਬਾਰੇ ਗੱਲ ਕੀਤੀ। ਜਲਵਾਯੂ ਤਬਦੀਲੀ ਅਤੇ ਅਤਿਵਾਦ ਨੂੰ ਵਿਸ਼ਵ ਲਈ ਗੰਭੀਰ ਚਿੰਤਾਵਾਂ ਦੱਸਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਅਤਿਵਾਦ ਖ਼ਤਰਨਾਕ ਹੈ ਪਰ 'ਚੰਗੇ ਅਤਿਵਾਦ' ਅਤੇ 'ਮਾੜੇ ਅਤਿਵਾਦ' ਦਰਮਿਆਨ ਕੀਤਾ ਜਾਂਦਾ 'ਮਸਨੂਈ ਫ਼ਰਕ' ਵੀ ਅਤਿਵਾਦ ਜਿੰਨਾ ਹੀ ਘਾਤਕ ਹੈ।

ਡਬਲਿਊਈਐਫ ਸਾਲਾਨਾ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁੱਝ ਨੌਜਵਾਨਾਂ ਨੂੰ ਕੱਟੜਪੰਥੀ ਬਣਦੇ ਦੇਖ ਕੇ ਬਹੁਤ ਦੁੱਖ ਹੁੰਦਾ ਹੈ। ਇਸ ਖ਼ਤਰੇ ਬਾਰੇ ਭਾਰਤ ਦਾ ਸਟੈਂਡ ਸਾਰਿਆਂ ਨੂੰ ਪਤਾ ਹੀ ਹੈ ਅਤੇ ਉਹ ਇਸ ਬਾਰੇ ਵਿਸਥਾਰ 'ਚ ਗੱਲ ਨਹੀਂ ਕਰਨਾ ਚਾਹੁੰਦੇ।

ਸ੍ਰੀ ਮੋਦੀ ਨੇ ਕਿਹਾ, 'ਆਓ 'ਸੁਤੰਤਰਤਾ ਦਾ ਸਵਰਗ' ਬਣਾਈਏ, ਜਿਥੇ ਸਹਿਯੋਗ ਹੋਵੇ ਅਤੇ ਕੋਈ ਪਾੜਾ ਜਾਂ ਫੁੱਟ ਨਾ ਹੋਵੇ।' ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬੇਯਕੀਨੀ ਵਾਲੇ ਆਲਮੀ ਵਾਤਾਵਰਨ ਵਿੱਚ ਸਥਿਰ,



ਪਾਰਦਰਸ਼ੀ ਅਤੇ ਪ੍ਰਗਤੀਸ਼ੀਲ ਭਾਰਤ ਇਕ ਚੰਗੀ ਖ਼ਬਰ ਹੈ। ਬੀਤੇ ਕੱਲ੍ਹ ਇਥੇ ਪੁੱਜੇ ਸ੍ਰੀ ਮੋਦੀ ਨੇ ਕਿਹਾ ਕਿ ਸ਼ਾਂਤੀ, ਸੁਰੱਖਿਆ ਤੇ ਸਥਿਰਤਾ ਦੇ ਮੁੱਦੇ ਗੰਭੀਰ ਆਲਮੀ ਚੁਣੌਤੀਆਂ ਵਜੋਂ ਉਭਰੇ ਹਨ। ਉਨ੍ਹਾਂ ਕਿਹਾ ਕਿ ਪਿਛਲੀ ਵਾਰ 1997 'ਚ ਜਦੋਂ ਭਾਰਤੀ ਪ੍ਰਧਾਨ ਮੰਤਰੀ ਇਥੇ ਆਏ ਸਨ ਤਾਂ ਭਾਰਤ ਦੀ ਜੀਡੀਪੀ 400 ਅਰਬ ਅਮਰੀਕੀ ਡਾਲਰ ਤੋਂ ਥੋੜ੍ਹੀ ਵੱਧ ਸੀ ਪਰ ਹੁਣ ਇਹ ਛੇ ਗੁਣਾ ਤੋਂ ਵੀ ਵੱਧ ਹੈ। ਡਬਲਿਊਈਐਫ ਦੇ ਵਿਸ਼ਾ-ਵਸਤੂ 'ਵੰਡੇ ਵਿਸ਼ਵ 'ਚ ਸਾਂਝਾ ਭਵਿੱਖ ਸਿਰਜੀਏ' ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਦਾ 'ਵਿਸ਼ਵ ਇਕ ਪਰਿਵਾਰ' ਦਾ ਫਲਸਫ਼ਾ ਅੱਜ ਦੇ ਵੰਡ ਤੇ ਪਾੜੇ ਵਾਲੇ ਸਮੇਂ 'ਚ ਹੋਰ ਵੀ ਢੁਕਵੀਂ ਹੋ ਗਈ ਹੈ।

ਭਾਰਤ ਨੂੰ ਆਪਣੀ ਜਮਹੂਰੀਅਤ ਤੇ ਬਹੁਲਵਾਦ 'ਤੇ ਮਾਣ ਹੈ। ਇਸ ਮੁਲਕ ਨੇ ਹਮੇਸ਼ਾ ਆਲਮੀ ਸ਼ਾਂਤੀ 'ਚ ਯੋਗਦਾਨ ਪਾਇਆ ਹੈ ਅਤੇ ਉਨ੍ਹਾਂ ਦਾ ਏਕਤਾ ਤੇ ਏਕੀਕਰਨ ਵਾਲੀਆਂ ਕਦਰਾਂ-ਕੀਮਤਾਂ 'ਚ ਦ੍ਰਿੜ੍ਹ ਵਿਸ਼ਵਾਸ ਹੈ। ਉਨ੍ਹਾਂ ਨੇ ਜਲਵਾਯੂ ਤਬਦੀਲੀ ਦੇ ਖ਼ਤਰੇ ਨੂੰ ਠੱਲ੍ਹਣ ਲਈ ਵਿਸ਼ਵ ਨੂੰ ਵਿਚਾਰ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਤਾਵਰਨ ਨਾਲ ਪਿਆਰ ਭਾਰਤੀ ਸੱਭਿਆਚਾਰ ਦਾ ਹਿੱਸਾ ਹੈ।

# ਮਾਤਾ ਜਰਨੈਲ ਕੌਰ ਗਿੱਲ ਦੇ ਅਕਾਲ ਚਲਾਣੇ ਪਰਿਵਾਰ ਨੂੰ ਭਾਰੀ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਬੀਤੇ ਦਿਨੀ ਸੈਕਰਾਮੈਂਟੋ ਨਿਵਾਸੀ ਮਾਤਾ ਜਰਨੈਲ ਕੌਰ ਅਕਾਲ ਚਲਾਣਾ ਕਰ ਗਏ ਸਨ। ਇੰਨਾਂ ਦਾ ਪਿਛਲਾ ਪਿੰਡ ਚੋਟੀਆਂ ਖੁਰਦ,f ਜਲ੍ਹਾਂ ਮੋਗਾ ਸੀ। ਉਹ ਪਿਛਲੇ ਕਈ ਸਾਲਾ ਤੋਂ ਸੈਕਰਾਮੈਂਟੋ, ਕੈਲੀਫੋਰਨੀਆਂ ਰਹਿ ਰਹੇ ਸਨ। ਇਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ 27 ਜਨਵਰੀ 2018, ਦਿਨ ਸ਼ਨੀਵਾਰ ਨੂੰ 725 El Camino Ave, Sacramento, CA ਵਿਖੇ 10 ਵਜ਼ੇ ਤੋਂ 12 ਵਜੇ ਹੋਣਗੀਆਂ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਗੁਰਦੁਆਰਾ ਸਾਹਿਬ' 2301 Evergreen Ave, West Sacramento, CA 95691 ਵਿਖੇ 12 ਵਜ਼ੇ ਤੋਂ 2 ਵਜ਼ੇ ਤੱਕ ਹੋਵੇਗੀ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰਾਂ ਗੁਰਮੇਜ਼ ਸਿੰਘ ਗਿੱਲ (530) 681-3212, ਗੁਰਜੰਟ ਸਿੰਘ ਗਿੱਲ (559) 352-7509, ਕੁਲਵੰਤ ਸਿੰਘ ਗਿੱਲ (916) 285-0936 ਜਾਂ ਸੁਖਵੰਤ ਸਿੰਘ ਗਿੱਲ ਨਾਲ (916) 997-5163 'ਤੇ ਸੰਪਰਕ ਕਰ ਸਕਦੇ ਹੋ।

# ਬੇਘਰ ਸਰਹੱਦੀ ਲੋਕਾਂ ਵੱਲੋਂ ਸੁਰੱਖਿਅਤ ਟਿਕਾਣਿਆਂ ਦੀ ਮੰਗ

**ਆਰ ਐਸ ਪੁਰਾ (ਜੰਮੂ)–** ਸਰਹੱਦ 'ਤੇ ਪਾਕਿਸਤਾਨ ਵਾਲੇ ਪਾਸਿਓਂ ਹੁੰਦੀ ਗੋਲੀਬਾਰੀ ਦੇ ਸਹਿਮ ਹੇਠ ਜਿਊਣ ਲਈ ਮਜਬੂਰ ਤੇ ਅਕਸਰ ਆਪਣੇ ਘਰ ਬਾਹਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਹਿਜਰਤ ਕਰ ਜਾਣ ਵਾਲੇ ਲੋਕ ਅੱਜ ਵੀ ਘਰ ਪਰਤਣ ਤੋਂ ਡਰਦੇ ਹਨ। ਇਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਵਾਅਦੇ ਮੁਤਾਬਕ ਸੁਰੱਖਿਅਤ ਜ਼ੋਨਾਂ ਵਿੱਚ ਜ਼ਮੀਨ ਦੇ ਟੁਕੜੇ ਦੇ ਨਾਲ ਬੰਕਰਾਂ ਦੀ ਉਸਾਰੀ ਕਰ ਕੇ ਦਿੱਤੀ ਜਾਵੇ। ਮੰਗ ਕਰਨ ਵਾਲੇ ਵੱਡੀ ਗਿਣਤੀ ਲੋਕ ਰਾਜ ਸਰਕਾਰ ਵੱਲੋਂ ਸਰਹੱਦੀ ਲੋਕਾਂ ਲਈ ਬਣਾਏ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ। ਯਾਦ ਰਹੇ ਕਿ ਪਿਛਲੇ ਚਾਰ ਦਿਨਾਂ ਤੋਂ ਜੰਮੂ, ਕਠੂਆ ਤੇ ਸਾਂਬਾ ਦੇ ਪੰਜ ਜ਼ਿਲ੍ਹਿਆਂ ਵਿੱਚ ਕੌਮਾਂਤਰੀ ਸਰਹੱਦ ਤੇ ਕੰਟਰੋਲ ਲਕੀਰ 'ਤੇ ਬਿਨਾਂ ਭੜਕਾਹਟ ਤੋਂ ਕੀਤੀ ਭਾਰੀ



ਗੋਲੀਬਾਰੀ ਵਿੱਚ ਪੰਜ ਸਲਾਮਤੀ ਦਸਤਿਆਂ ਸਮੇਤ 12 ਲੋਕ ਹਲਾਕ ਤੇ 50 ਤੋਂ ਵੱਧ ਲੋਕ ਜ਼ਖ਼ਮੀ ਹੋ ਚੁੱਕੇ ਹਨ।

ਅਜੇ ਪਿਛਲੇ ਮਹੀਨੇ ਕੇਂਦਰ ਸਰਕਾਰ ਨੇ ਜੰਮੂ ਡਿਵੀਜ਼ਨ ਵਿੱਚ ਐਲਓਸੀ ਤੇ ਕੌਮਾਂਤਰੀ ਸਰਹੱਦ 'ਤੇ ਰਹਿੰਦੇ ਲੋਕਾਂ ਦੀ ਸੁਰੱਖਿਆ ਲਈ 415.73 ਦੀ ਲਾਗਤ ਨਾਲ 14,460 ਜ਼ਮੀਨਦੋਜ਼ ਬੰਕਰਾਂ ਦੀ ਉਸਾਰੀ ਨੂੰ ਪ੍ਰਵਾਨਗੀ ਦਿੱਤੀ ਹੈ। ਭਾਜਪਾ ਨੇ ਸਾਲ 2015 ਵਿੱਚ ਪੀਡੀਪੀ ਨਾਲ ਗੱਠਜੋੜ ਸਰਕਾਰ ਬਣਾਉਣ ਤੋਂ ਪਹਿਲਾਂ ਆਪਣੀ ਚੋਣ ਮੁਹਿੰਮ ਦੌਰਾਨ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਪੰਜ ਪੰਜ ਮਰਲੇ ਜ਼ਮੀਨ ਦੇਣ ਦਾ ਵਾਅਦਾ ਕੀਤਾ ਸੀ। ਰਾਜ ਸਰਕਾਰ ਨੇ ਹਾਲਾਂਕਿ ਮਗਰੋਂ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਹਰ ਪਰਿਵਾਰ ਨੂੰ ਪੰਜ ਮਰਲੇ ਜ਼ਮੀਨ ਦੇਣ ਦੀ ਥਾਂ ਉਸ ਨੇ ਸਰਹੱਦੀ ਜ਼ਿਲ੍ਹਿਆਂ ਵਿੱਚ ਬੰਕਰਾਂ ਦੀ ਉਸਾਰੀ ਦਾ ਫ਼ੈਸਲਾ ਕੀਤਾ ਹੈ। ਸਰਕਾਰ ਦਾ ਤਰਕ ਸੀ ਕਿ ਆਬਾਦੀ ਦਾ ਹਿਜਰਤ ਕਰ ਜਾਣਾ ਰਾਜ ਤੇ ਦੇਸ਼ ਦੇ ਹਿੱਤ ਵਿੱਚ ਨਹੀਂ ਹੈ।

# ਮਾਤਾ ਸੁਰਜੀਤ ਕੌਰ ਦੇ ਅਕਾਲ ਚਲਾਣੇ ਪਰਿਵਾਰ ਨੂੰ ਭਾਰੀ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀ ਸ਼ਹਿਰ ਫਰਿਜ਼ਨੋ, ਕੈਲੀਫੋਰਨੀਆਂ ਨਿਵਾਸੀ ਮਾਤਾ ਸੁਰਜੀਤ ਕੌਰ (ਪਤਨੀ ਸ. ਪਿਆਰਾ ਸਿੰਘ) ਅਕਾਲ ਚਲਾਣਾ ਕਰ ਗਏ। ਇਹਨਾਂ ਦਾ ਪਿਛਲਾ ਪਿੰਡ ਡੱਲਾ, ਨਜ਼ਦੀਕ ਜਗਰਾਉ ਸੀ। ਉਹ ਪਿਛਲੇ 12 ਸਾਲਾ ਤੋਂ ਫਰਿਜ਼ਨੋ ਰਹਿ ਰਹੇ ਸਨ ਅਤੇ ਇਸ ਸਮੇਂ ਉਨ੍ਹਾਂ ਦੀ ਉਮਰ 70 ਸਾਲ ਸੀ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ 28 ਜਨਵਰੀ 2018, ਦਿਨ ਐਤਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ 11 ਵਜ਼ੇ ਤੋਂ 1 ਵਜ਼ੇ ਹੋਣਗੀਆਂ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਵਿਖੇ ਹੋਵੇਗੀ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਹਰਜਿੰਦਰ ਸਿੰਘ ਨਾਲ ਫੋਨ ਨੰਬਰ (559) 433-5614 ਸੰਪਰਕ ਕਰ ਸਕਦੇ ਹੋ।




ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮ ਤੁਮ੍ਹਾਰੇ ਲੇਖੇ॥

ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:
ਅਜੈ ਪਡਵੱਗਾ (916) 462-7300
ਭਾਈ ਨਿਰਮਲ ਸਿੰਘ (916) 410-9564
ਭਾਈ ਜਸਪਾਲ ਸਿੰਘ (916) 274-9278
ਰਮੇਸ਼ ਬੰਗੜ (916) 821-2175
ਬਲਵਿੰਦਰ ਰੱਲ੍ਹ (916) 425-2705

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਮਹੀਨਾਵਾਰ ਸਮਾਗਮ
ਅਖੰਡ ਪਾਠ ਸਾਹਿਬ ਦੀ ਸੇਵਾ:

**ਰਾਕੇਸ਼ ਚੰਦਰ ਅਤੇ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
26 ਜਨਵਰੀ 2018, ਸਵੇਰੇ 10 ਵਜੇ
ਭੋਗ 28 ਜਨਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਸ੍ਰੀ ਗੁਰੂ ਰਵਿਦਾਸ ਟੈਂਪਲ ਬੀਬੀਆਂ ਅਤੇ ਸਮੂਹ ਸਾਧ ਸੰਗਤ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
2 ਫਰਵਰੀ 2018, ਸਵੇਰੇ 10 ਵਜੇ
ਭੋਗ 4 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਸੁੱਖ ਰਾਮ ਚੰਦੜ ਅਤੇ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
9 ਫਰਵਰੀ 2018, ਸਵੇਰੇ 10 ਵਜੇ
ਭੋਗ 11 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਹਰਬੰਸ ਰੱਲ੍ਹ ਅਤੇ ਅਮਰਜੀਤ ਸਿੰਘ ਅਤੇ ਸਮੂਹ ਪਰਿਵਾਰ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
16 ਫਰਵਰੀ 2018, ਸਵੇਰੇ 10 ਵਜੇ
ਭੋਗ 18 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਬ੍ਰਹਮ ਗਿਆਨੀ ਸੰਤ ਦਰਸ਼ਨ ਦਾਸ ਜੀ ਨਗਰ ਵਾਲੇ ਮਹਾਂਪੁਰਸ਼ (ਫਿਲੌਰ) ਸਮੂਹ ਸਾਧ ਸੰਗਤ ਸੇਵਾ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
23 ਫਰਵਰੀ 2018, ਸਵੇਰੇ 10 ਵਜੇ
ਭੋਗ 25 ਫਰਵਰੀ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਗੁਰੂ ਰਵਿਦਾਸ ਟੈਂਪਲ ਨੌਜਵਾਨ ਸਭਾ, ਸੈਕਰਾਮੈਂਟੋ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
2 ਮਾਰਚ 2018, ਸਵੇਰੇ 10 ਵਜੇ
ਭੋਗ 4 ਮਾਰਚ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

**ਗੁਰੂ ਰਵਿਦਾਸ ਟੈਂਪਲ ਅਤੇ ਸਮੂਹ ਸਾਧ ਸੰਗਤ, ਰਿਓ ਲਿੰਡਾ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ
8 ਮਾਰਚ 2018, ਸਵੇਰੇ 10 ਵਜੇ
ਭੋਗ 11 ਮਾਰਚ 2018, ਸਵੇਰੇ 10 ਵਜੇ ਤੋਂ 2 ਵਜੇ ਤੱਕ

ਅਖੰਡ ਪਾਠ ਸਾਹਿਬ ਦੀ ਸੇਵਾ ਲੈਣ ਲਈ ਸੰਪਰਕ ਕਰੋ: 916-992-1719

# "ਮਹਿਫਲ ਮਿੱਤਰਾਂ ਦੀ" ਬੈਨਰ ਹੇਠ ਪੰਜਾਬੀ ਮਾਂ ਬੋਲੀ ਨੂੰ ਕੀਤਾ ਸਿਜਦਾ









**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਵਿਦੇਸ਼ਾਂ ਵਿੱਚ ਪੰਜਾਬੀ ਮਾਂ ਬੋਲੀ ਅਤੇ ਗੁਰਮੁੱਖੀ ਨੂੰ ਸੱਭਿਆਚਾਰ ਨਾਲ ਜੋੜਦੇ ਹੋਏ, ਲੱਚਰਤਾ ਤੋਂ ਦੂਰ ਪੀੜੀ ਦਰ ਪੀੜੀ ਜਿੰਦਾ ਰੱਖਣ ਦਾ ਇਕ ਸੰਭਵ ਯਤਨ ਹਰ ਸਮੇਂ ਪੰਜਾਬੀ ਭਾਈਚਾਰੇ ਵੱਲੋਂ ਕੀਤਾ ਜਾਂਦਾ ਹੈ।

ਅਜਿਹੀ ਹੀ ਇਕ ਸਾਨਦਾਰ ਮਹਿਫਲ ਦਾ ਆਗਾਜ਼ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਉੱਭਰ ਰਹੇ ਗੀਤਕਾਰ ਗੈਰੀ ਢੇਸੀ ਦੇ ਯਤਨਾਂ ਸਦਕਾ ਯਾਦਗਾਰੀ ਹੋ ਨਿਬੜਿਆ। ਜਿਸ ਦੌਰਾਨ ਪੰਜਾਬੀ ਨੂੰ ਪ੍ਰਫੁਲਤ ਕਰਨ ਅਤੇ ਅਜੋਕੇ ਯੁੱਗ ਵਿੱਚ ਲੱਚਰਤਾ ਤੋਂ ਬਚਾਉਣ ਲਈ ਵਿਚਾਰਾਂ ਹੋਈਆਂ। ਇਸ ਚੰਗੇ ਗੀਤਾਂ ਦੀ ਹੋ ਰਹੀ ਚੋਰੀ ਅਤੇ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ 'ਤੇ ਵੀ ਚਿੰਤਾ ਪ੍ਰਗਟਾਈ ਗਈ।

ਜਿਸ ਸੰਬੰਧੀ ਪੰਜਾਬ ਵਿੱਚ ਬਣੀਆਂ ਸੰਸਥਾਵਾ ਕੋਈ ਚੰਗਾ ਹੁੰਗਾਰਾ ਅਤੇ ਅੱਗੇ ਨਹੀਂ ਆ ਰਹੀਆਂ। ਅੱਜ-ਕੱਲ੍ਹ ਦੇ ਨਵੇਂ ਗਾਇਕਾਂ ਦੇ ਗੀਤ ਅਤੇ ਵੀਡੀਉ ਨਵੀਂ ਪੀੜੀ ਨੂੰ ਸੇਧ ਦੇਣ ਦੀ ਬਜਾਏ, ਗੁੰਮਰਾਹ ਕਰ ਸੱਭਿਆਚਾਰ ਤੋਂ ਦੂਰ ਕਰ ਰਹੇ ਹਨ।

ਸਮੁੱਚੇ ਪ੍ਰੋਗਰਾਮ ਦੌਰਾਨ ਗੱਲਬਾਤ ਤੋਂ ਬਿਨ੍ਹਾਂ ਇਕ ਸਾਨਦਾਰ ਮਹਿਫਲ ਵੀ ਸਭ ਦੇ ਮੰਨੋਰੰਜਨ ਦਾ ਕੇਂਦਰ ਰਹੀ। ਜਿਸ ਵਿੱਚ ਅਮਰੀਕਾ ਦੇ ਪ੍ਰਸਿੱਧ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ ਨੇ ਪੁਰਾਤਨ ਸੱਭਿਆਚਾਰ ਨੂੰ ਦਰਸਾਉਂਦੇ ਗੀਤਾਂ ਰਾਹੀ ਖੂਬ ਰੰਗ ਬੰਨਿਆ। ਇਸ ਤੋਂ ਇਲਾਵਾ ਨਵੇਂ-ਪੁਰਾਣੇ ਗੀਤਾਂ ਰਾਹੀ ਸਭ ਨੇ ਰੰਗ ਬੰਨਿਆਂ।

ਜਦਕਿ ਬਾਕੀ ਗਾਇਕਾਂ ਵਿੱਚ ਅਵਤਾਰ ਗਰੇਵਾਲ ਦਿਲਦਾਰ ਮਿਊਜ਼ੀਕਲ ਗਰੁੱਪ, ਗੈਰੀ ਢੇਸ਼ੀ, ਗੁੱਲੂ ਸਿੱਧੂ ਬਰਾੜ, ਗੀਤਕਾਰ ਸਤਵੀਰ ਹੀਰ, ਗੀਤਕਾਰ ਪਾਲਾ ਢੇਸੀ, ਅਮਰੀਕ ਢਾਂਡਾ, ਕਮਲਜੀਤ ਬਾਸੀ ਆਦਿਕ ਬਹੁਤ ਸਾਰੇ ਪੰਜਾਬੀਅਤ ਪ੍ਰਤੀ ਸਾਹਿੱਤ ਪ੍ਰੇਮੀਆਂ ਨੇ ਹਾਜ਼ਰੀ ਭਰੀ।

# ਹਾਈ ਕੋਰਟ ਦੇ ਫੈਸਲੇ ਦਾ ਭੀਮ ਕ੍ਰਾਂਤੀ ਦਲ ਨੇ ਕੀਤਾ ਸਵਾਗਤ



**ਹੁਸ਼ਿਆਰਪੁਰ-** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਨਕਲੀ ਏਜੰਟਾਂ ਖਿਲਾਫ ਸਖਤੀ ਤੋਂ ਬਾਅਦ ਪੰਜਾਬ ਦਾ ਹਰ ਨੌਜਵਾਨ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਅਮਰਜੀਤ ਕੁਮਾਰ ਭੱਟੀ ਪ੍ਰਧਾਨ ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਦਾ ਭੀਮ ਕ੍ਰਾਂਤੀ ਦਲ ਸਵਾਗਤ ਕਰਦਾ ਹੈ ਜੋ ਕਿ ਧੋਖੇਬਾਜ਼ ਏਜੰਟਾਂ ਨੂੰ ਕਾਬੂ ਕਰਨ ਸਬੰਧੀ ਹੈ। ਉਹਨਾਂ ਕਿਹਾ ਕਿ 32 ਦੇ ਕਰੀਬ ਟਰੈਵਲ ਏਜੰਟ ਰਜਿਸਟਰਡ ਹਨ ਪਰ ਪੰਜਾਬ ਵਿਚ ਧੋਖੇਬਾਜ਼ ਏਜੰਟਾਂ ਦੀ ਗਿਣਤੀ ਸਭ ਤੋਂ ਵੱਧ ਹੈ। ਪੰਜਾਬ ਵਿਚ ਆਮ ਜਨਤਾ ਭੁੱਖੇ ਸੋਣ ਲਈ ਮਜਬੂਰ ਹੈ। ਚੋਣਾਂ ਦੇ ਵਕਤ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਵੱਡੇ-ਵੱਡੇ ਦਾਅਵੇ ਕਰਕੇ ਸੱਤਾ ਵਿਚ ਆ ਜਾਂਦੀਆਂ ਹਨ ਪਰ ਜਦੋਂ ਸਰਕਾਰ ਬਣ ਜਾਂਦੀ ਹੈ ਤਾਂ ਕੀਤੇ ਹੋਏ ਵਾਅਦੇ ਭੁੱਲ ਜਾਂਦੇ ਹਨ ਤੇ ਪੰਜਾਬ ਦਾ ਨੌਜਵਾਨ ਦੁਖੀ ਹੋ ਕੇ ਵਿਦੇਸ਼ ਜਾਣ ਦੀ ਸੋਚਦਾ ਹੈ। ਰੋਜ਼ੀ ਰੋਟੀ ਲਈ ਵਿਦੇਸ਼ ਜਾਣ ਲਈ ਧੋਖੇਬਾਜ਼ ਏਜੰਟਾਂ ਦੇ ਜਾਲ ਵਿਚ ਪੰਜਾਬ ਦਾ ਨੌਜਵਾਨ ਫਸ ਜਾਂਦਾ ਹੈ ਅਤੇ ਕੁਝ ਅਖੌਤੀ ਧੋਖੇਬਾਜ਼ ਟਰੈਵਲ ਏਜੰਟ ਲੋਕਾਂ ਨੂੰ ਠੱਗਦੇ ਹਨ ਪਰ ਬਾਅਦ ਵਿਚ ਇਹਨਾਂ ਕੋਲ ਗੇੜੇ ਮਾਰਨ ਤੋਂ ਇਲਾਵਾ ਕੁਝ ਨਹੀਂ ਮਿਲਦਾ। ਭੀਮ ਕ੍ਰਾਂਤੀ ਦਲ ਦੇ ਆਗੂਆਂ ਨੇ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦਾ ਹਰ ਨੌਜਵਾਨ ਧੋਖੇਬਾਜ਼ ਏਜੰਟਾਂ ਤੋਂ ਬਚ ਕੇ ਰਜਿਸਟਰਡ ਟਰੈਵਲ ਏਜੰਟਾਂ ਰਾਹੀਂ ਹੀ ਵਿਦੇਸ਼ ਜਾਣ। ਇਸ ਮੌਕੇ ਮਨੀਸ਼ ਕੁਮਾਰ ਵਾਈਸ ਪ੍ਰਧਾਨ ਭੀਮ ਕ੍ਰਾਂਤੀ ਦਲ, ਮਨਪ੍ਰੀਤ ਸਿੰਘ ਜਨਰਲ ਸਕੱਤਰ, ਹਰਜਿੰਦਰ ਕੁਮਾ ਰਲਾਡੀ ਹਲਕਾ ਪ੍ਰਧਾਨ ਮਹਿਲਾਪੁਰ ਆਦਿ ਆਗੂ ਹਾਜ਼ਰ ਸਨ।

# ਪੰਜਾਬ ਦੇ ਮਿਡਲ ਸਕੂਲਾਂ ਸਿਰ ਹੁਣ ਨਵਾਂ ਖ਼ਤਰਾ ਮੰਡਰਾਇਆ

**ਚੰਡੀਗੜ੍ਹ-** ਹਾਲ ਹੀ ਵਿੱਚ ਆਏ ਅੰਕੜਿਆਂ ਕਾਰਨ ਪੰਜਾਬ ਦੇ ਅਧਿਆਪਕਾਂ ਲਈ ਨਵਾਂ ਖਤਰਾ ਪੈਦਾ ਹੋ ਗਿਆ ਹੈ। ਹਾਸਲ ਅੰਕੜਿਆਂ ਅਨੁਸਾਰ ਸੂਬੇ ਵਿਚਲੇ ਕੁੱਲ 2669 ਸਰਕਾਰੀ ਮਿਡਲ ਸਕੂਲਾਂ ਵਿਚੋਂ 1258 ਵਿਚ ਪ੍ਰਤੀ ਸਕੂਲ ਔਸਤਨ 50-50 ਵਿਦਿਆਰਥੀ ਹੀ ਪੜ੍ਹਦੇ ਹਨ। ਇਨ੍ਹਾਂ ਵਿਚੋਂ 444 ਸਕੂਲਾਂ ਵਿਚ ਔਸਤਨ ਪ੍ਰਤੀ ਸਕੂਲ 30 ਜਾਂ ਇਸ ਤੋਂ ਵੀ ਘੱਟ ਬੱਚੇ ਪੜ੍ਹਦੇ ਹਨ ਜਦਕਿ 814 ਸਕੂਲਾਂ ਵਿਚ ਮਸਾਂ 31 ਤੋਂ 50 ਤੱਕ ਬੱਚੇ ਹੀ ਪੜ੍ਹਨ ਆਉਂਦੇ ਹਨ।

ਸਰਕਾਰ ਵੱਲੋਂ 2669 ਮਿਡਲ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ 6-6 ਅਸਾਮੀਆਂ ਵਿਚੋਂ ਅਜਿਹੇ ਤੱਥਾਂ ਨੂੰ ਅਧਾਰ ਬਣਾ ਕੇ ਦੋ-ਦੋ ਅਸਾਮੀਆਂ ਉਪਰ ਕੈਂਚੀ ਫੇਰੀ ਜਾ ਰਹੀ ਹੈ। ਨਵੇਂ ਫੈਸਲੇ ਤਹਿਤ ਮੌਜੂਦਾ ਹਿੰਦੀ ਤੇ ਪੰਜਾਬੀ ਦੇ ਵੱਖ-ਵੱਖ ਅਧਿਆਪਕਾਂ ਦੀਆਂ ਅਸਾਮੀਆਂ ਦਾ ਭੋਗ ਪਾ ਕੇ ਪੰਜਾਬੀ ਤੇ ਹਿੰਦੀ ਭਾਸ਼ਾਵਾਂ ਪੜ੍ਹਾਉਣ ਲਈ ਕੇਵਲ ਇਕ ਅਧਿਆਪਕ ਹੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਵਿੱਤੀ ਸੰਕਟ ਕਾਰਨ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨਵੀਂ ਭਰਤੀ ਰਾਹੀਂ ਭਰਨ ਦੀ ਇਜਾਜ਼ਤ ਨਾ ਮਿਲਣ ਕਾਰਨ ਅਧਿਕਾਰੀਆਂ ਵੱਲੋਂ ਖਾਲੀ ਅਸਾਮੀਆਂ ਨੂੰ ਭਰਨ ਦਾ ਇਹ ਨਵਾਂ ਜੁਗਾੜ ਲਾਇਆ ਗਿਆ ਹੈ। ਸੂਤਰਾਂ ਅਨੁਸਾਰ ਮਿਡਲ ਸਕੂਲਾਂ ਵਿਚ ਦੋ-ਦੋ ਅਧਿਆ-ਪਕਾਂ ਦੀਆਂ ਅਸਾਮੀਆਂ ਘਟਾਉਣ ਦਾ ਫੈਸਲਾ ਜਿਥੇ ਕਾਫੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਦੇ ਅਧਾਰ 'ਤੇ ਕੀਤਾ ਗਿਆ ਹੈ, ਉਥੇ ਬਹੁਤੇ ਮਿਡਲ ਸਕੂਲਾਂ ਵਿਚ ਕੇਵਲ ਇਕ-ਇਕ ਸੈਸ਼ਨ ਹੀ ਚੱਲਣ ਕਾਰਨ ਇਹ ਕਟੌਤੀ ਕੀਤੀ ਜਾ ਰਹੀ ਹੈ। ਰੂਪਨਰਗ ਦੇ ਕੁੱਲ 162 ਮਿਡਲ ਸਕੂਲਾਂ ਵਿਚੋਂ 67, ਹੁਸ਼ਿਆਰਪੁਰ ਦੇ 223 ਸਕੂਲਾਂ ਵਿਚੋਂ 60, ਗੁਰਦਾਸਪੁਰ ਦੇ 228 ਸਕੂਲਾਂ ਵਿਚੋਂ 46 ਅਤੇ ਫਤਿਹਗੜ੍ਹ ਸਾਹਿਬ ਦੇ 137 ਸਕੂਲਾਂ ਵਿਚੋਂ 41 ਸਕੂਲਾਂ ਵਿਚ ਪ੍ਰਤੀ ਸਕੂਲ 30 ਜਾਂ ਇਸ ਤੋਂ ਘੱਟ ਬੱਚੇ ਪੜ੍ਹ ਰਹੇ ਹਨ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਵਿਚਲੇ ਕਈ ਮਿਡਲ ਸਕੂਲਾਂ 'ਚ ਵੀ ਬੱਚਿਆਂ ਦੀ ਗਿਣਤੀ 30 ਜਾਂ ਇਸ ਤੋਂ ਘੱਟ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੁੱਲ 223 ਮਿਡਲ ਸਕੂਲਾਂ ਵਿਚੋਂ 95, ਗੁਰਦਾਸਪੁਰ ਦੇ 228 ਸਕੂਲਾਂ ਵਿਚੋਂ 73, ਲੁਧਿਆਣਾ ਦੇ 191 ਸਕੂਲਾਂ ਵਿਚੋਂ 57 ਅਤੇ ਜ਼ਿਲ੍ਹਾ ਰੂਪਨਗਰ ਦੇ ਕੁੱਲ 162 ਮਿਡਲ ਸਕੂਲਾਂ ਵਿਚੋਂ 55 ਸਕੂਲਾਂ ਵਿਚ ਪ੍ਰਤੀ ਸਕੂਲ ਕੇਵਲ 31 ਤੋਂ 50 ਤੱਕ ਬੱਚੇ ਹੀ ਪੜ੍ਹਦੇ ਹਨ। ਪਹਿਲਾਂ ਮਿਡਲ ਸਕੂਲਾਂ ਵਿਚ ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਤੇ ਹਿਸਾਬ ਤੇ ਸਾਇੰਸ ਲਈ ਇਕ-ਇਕ ਅਧਿਆਪਕ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਸਨ। ਇਸ ਤੋਂ ਇਲਾਵਾ ਪੰਜਾਬੀ, ਹਿੰਦੀ, ਡਰਾਇੰਗ ਅਤੇ ਸਰੀਰਕ ਸਿੱਖਿਆ ਲਈ ਵੱਖਰੇ ਤੌਰ 'ਤੇ ਇਕ-ਇਕ ਅਧਿਆਪਕ ਦੀਆਂ ਅਸਾਮੀਆਂ ਸਨ। ਹੁਣ ਹਿੰਦੀ ਤੇ ਪੰਜਾਬੀ ਅਤੇ ਸਰੀਰਕ ਸਿੱਖਿਆ ਤੇ ਆਰਟ ਤੇ ਕਰਾਫਟ ਦੋ-ਦੋ ਵਿਸ਼ਿਆਂ ਲਈ ਵੀ ਕੇਵਲ ਇਕ-ਇਕ ਅਧਿਆਪਕ ਨੂੰ ਰੱਖਣ ਦਾ ਫੈਸਲਾ ਲਿਆ ਗਿਆ ਹੈ। ਇਸ ਤਹਿਤ ਹੁਣ ਮਿਡਲ ਸਕੂਲਾਂ ਵਿਚ ਛੇ ਦੀ ਥਾਂ ਚਾਰ ਅਧਿਆਪਕਾਂ ਰਾਹੀਂ ਹੀ ਬੁੱਤਾ ਸਾਰਿਆ ਜਾਵੇਗਾ। ਇਸ ਕਾਰਨ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਹਿੰਦੀ ਦੇ ਅਧਿਆਪਕ ਵੱਲੋਂ ਪੰਜਾਬੀ ਜਾਂ ਪੰਜਾਬੀ ਦੇ ਅਧਿਆਪਕ ਵੱਲੋਂ ਹਿੰਦੀ ਪੜ੍ਹਾਉਣੀ ਸੰਭਵ ਹੈ ? ਸਾਂਝਾ ਅਧਿਆਪਕ ਮੋਰਚਾ ਨੇ ਇਸ ਫੈਸਲੇ ਵਿਰੁੱਧ 28 ਜਨਵਰੀ ਨੂੰ ਦੀਨਾਨਗਰ ਵਿਖੇ ਸਿੱਖਿਆ ਮੰਤਰੀ ਅਰੁਣ ਚੌਧਰੀ ਦੇ ਘਰ ਦਾ ਘਿਰਾਓ ਕਰਨ ਦਾ ਐਲਾਨ ਕਰ ਦਿੱਤਾ ਹੈ।

# ਕੈਨੇਡੀਅਨ ਕਲੱਬ 'ਚ ਸਿੱਖ ਨੂੰ ਦਸਤਾਰ ਉਤਾਰਨ ਲਈ ਕਿਹਾ




**ਔਟਾਵਾ-** ਕੈਨੇਡੀਅਨ ਕਲੱਬ ਵਿੱਚ ਇਕ ਔਰਤ ਨੇ ਸਿੱਖ ਵਿਅਕਤੀ ਨੂੰ ਦਸਤਾਰ ਲਾਹੁਣ ਲਈ ਕਿਹਾ। ਦਸਤਾਰ 'ਲਾਹੁਣ' ਦੀ ਧਮਕੀ ਤੋਂ ਇਲਾਵਾ ਸਿੱਖ ਵਿਅਕਤੀ ਖ਼ਿਲਾਫ਼ ਨਸਲੀ ਟਿੱਪਣੀਆਂ ਵੀ ਕੀਤੀਆਂ ਗਈਆਂ। ਸੀਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਸਾਬਕਾ ਕੈਨੇਡੀਅਨ ਫੌਜੀਆਂ ਦੀ ਆਰਗੇਨਾਈਜੇਸ਼ਨ 'ਰਾਇਲ ਕੈਨੇਡੀਅਨ ਲੀਜਨ' ਵਿੱਚ ਜਸਵਿੰਦਰ ਸਿੰਘ ਧਾਲੀਵਾਲ ਆਪਣੇ ਦੋਸਤਾਂ ਨਾਲ ਸਨੂਕਰ ਖੇਡ ਰਿਹਾ ਸੀ। ਇਸ ਆਰਗੇਨਾਈਜੇਸ਼ਨ ਦੇ ਪ੍ਰਬੰਧਕ ਉਨ੍ਹਾਂ ਕੋਲ ਆਏ ਅਤੇ ਸ੍ਰੀ ਧਾਲੀਵਾਲ ਨੂੰ ਦਸਤਾਰ ਉਤਾਰਨ ਲਈ ਕਿਹਾ ਕਿਉਂਕਿ ਸੀਨੀਅਰ ਫ਼ੌਜੀਆਂ ਦੇ ਸਨਮਾਨ ਵਿੱਚ ਸਿਰ 'ਤੇ ਪਹਿਨੀ ਵਸਤ ਉਤਾਰਨਾ ਉਨ੍ਹਾਂ ਦੀ ਨੀਤੀ ਹੈ। ਹਾਲਾਂਕਿ ਧਾਰਮਿਕ ਚਿੰਨ੍ਹਾਂ ਨੂੰ ਛੋਟ ਦਿੱਤੀ ਗਈ ਹੈ। ਇਹ ਘਟਨਾ ਬੁੱਧਵਾਰ ਨੂੰ ਕੈਨੇਡਾ ਦੇ ਪ੍ਰਿੰਸ ਐਡਵਰਡ ਟਾਪੂ 'ਤੇ ਟਿਗਨਿਸ਼ ਸ਼ਹਿਰ ਵਿੱਚ ਹੋਈ। ਇਸ ਘਟਨਾ ਦੀ ਵੀਡੀਓ ਵਿੱਚ ਇਕ ਔਰਤ ਦਸਤਾਰ 'ਲਾਹੁਣ' ਦੀ ਧਮਕੀ ਦੇ ਰਹੀ ਹੈ ਅਤੇ ਬਾਰ ਦਾ ਇਕ ਸਰਪ੍ਰਸਤ ਭੱਦੇ ਇਸ਼ਾਰੇ ਕਰਦਾ ਕਹਿ ਰਿਹਾ ਹੈ ਕਿ ਦਸਤਾਰ ਉਤਾਰਨੀ ਚਾਹੀਦੀ ਹੈ ਕਿਉਂਕਿ 'ਇਹ ਕਾਨੂੰਨ ਹੈ'। ਇਸ ਰਿਪੋਰਟ ਮੁਤਾਬਕ 'ਰਾਇਲ ਕੈਨੇਡੀਅਨ ਲੀਜਨ' ਦੇ ਪ੍ਰਧਾਨ ਸਟੀਫਨ ਗਲੈਂਟ ਨੇ ਕਿਹਾ ਕਿ ਉਨ੍ਹਾਂ ਦੀ ਨੀਤੀ 'ਚ ਧਾਰਮਿਕ ਵਸਤਰਾਂ ਨੂੰ ਛੋਟ ਦਿੱਤੀ ਗਈ ਹੈ। ਗਲੈਂਟ ਨੇ ਕਿਹਾ, 'ਦਸਤਾਰ ਦੇ ਧਾਰਮਿਕ ਵਸਤਰ ਹੋਣ ਬਾਰੇ ਭੁਲੇਖਾ ਸੀ, ਜਿਸ ਕਾਰਨ ਅਣਜਾਣੇ ਵਿੱਚ ਇਹ ਗਲਤੀ ਹੋ ਗਈ। ਇਸ ਵਾਸਤੇ ਮੈਂ ਮੁਆਫ਼ੀ ਮੰਗਦਾ ਹਾਂ। ਮੈਂ ਆਪਣੇ ਸਟਾਫ ਅਤੇ ਇਥੋਂ ਤਕ ਕੇ ਪੂਰੇ ਲੀਜਨ ਪਰਿਵਾਰ ਵੱਲੋਂ ਮੁਆਫ਼ੀ ਮੰਗਦਾ ਹਾਂ। ਅਸੀਂ ਧਾਰਮਿਕ ਚਿੰਨ੍ਹਾਂ ਤੇ ਵਸਤਰਾਂ ਬਾਰੇ ਆਪਣੇ ਸਟਾਫ ਨੂੰ ਸਿਖਲਾਈ ਦੇਵਾਂਗੇ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਹੋਵੇ।'

# ਅਮਰੀਕਾ ਵੱਲੋਂ ਪਾਕਿ ਨੂੰ ਤਾਲਿਬਾਨ ਆਗੂਆਂ ਖ਼ਿਲਾਫ਼ ਕਾਰਵਾਈ ਦਾ ਸੱਦਾ

**ਵਾਸ਼ਿੰਗਟਨ-** ਕਾਬੁਲ ਵਿੱਚ ਇਕ ਹੋਟਲ ਉਤੇ ਅਤਿਵਾਦੀਆਂ ਦੇ ਗਰੁੱਪ ਵੱਲੋਂ ਕੀਤੇ ਗਏ ਹਮਲੇ, ਜਿਸ 'ਚ 14 ਵਿਦੇਸ਼ੀਆਂ ਸਮੇਤ 22 ਵਿਅਕਤੀ ਮਾਰੇ ਗਏ ਸਨ, ਦੇ ਕੁੱਝ ਦਿਨਾਂ ਬਾਅਦ ਅਮਰੀਕਾ ਨੇ ਪਾਕਿਸਤਾਨ ਨੂੰ ਕਿਹਾ ਕਿ ਸਰਹੱਦ ਪਾਰ ਅਫ਼ਗਾਨਿਸਤਾਨ ਵਿੱਚ ਅਤਿਵਾਦੀ ਹਮਲੇ ਕਰਨ ਵਾਲੇ ਤਾਲਿਬਾਨ ਲੀਡਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਜਾਂ ਦੇਸ਼ ਵਿੱਚੋਂ ਬਾਹਰ ਕੱਢਿਆ ਜਾਵੇ। ਤਾਲਿਬਾਨ ਵੱਲੋਂ ਕਾਬੁਲ 'ਚ ਇੰਟਰ-ਕੌਂਟੀਨੈਂਟਲ ਹੋਟਲ ਉਤੇ ਹਮਲੇ ਦੀ ਜ਼ਿੰਮੇਵਾਰੀ ਲੈਣ ਬਾਅਦ ਵ੍ਹਾਈਟ ਹਾਊਸ ਦਾ ਇਹ ਸੰਖੇਪ ਬਿਆਨ ਆਇਆ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਸਾਰ੍ਹਾ ਸੈਂਡਰਜ਼ ਨੇ ਪੱਤਰਕਾਰਾਂ ਨੂੰ ਦੱਸਿਆ, 'ਅਸੀਂ ਪਾਕਿਸਤਾਨ ਨੂੰ ਤਾਲਿਬਾਨ ਆਗੂਆਂ ਨੂੰ ਤੁਰੰਤ ਗ੍ਰਿਫ਼ਤਾਰ ਜਾਂ ਬਾਹਰ ਕੱਢਣ ਅਤੇ ਇਸ ਜਥੇਬੰਦੀ ਨੂੰ ਅਪਰੇਸ਼ਨਾਂ ਲਈ ਪਾਕਿ ਦੀ ਸਰਜ਼ਮੀਂ ਦੀ ਵਰਤੋਂ ਨਾ ਕਰਨ ਦੇਣ ਦਾ ਸੱਦਾ ਦਿੱਤਾ ਹੈ। ਅਫ਼ਗਾਨਿਸਤਾਨ ਵਿੱਚ ਨਾਗਰਿਕਾਂ 'ਤੇ ਅਜਿਹੇ ਹਮਲੇ ਸਾਡੇ ਅਫ਼ਗਾਨ ਭਾਈਵਾਲ ਦੇ ਸਮਰਥਨ ਵਾਲੇ ਸਾਡੇ ਇਰਾਦੇ ਨੂੰ ਹੋਰ ਦ੍ਰਿੜ੍ਹ ਕਰਦੇ ਹਨ। ਅਸੀਂ ਅਫ਼ਗਾਨ ਸੁਰੱਖਿਆ ਬਲਾਂ ਦੀ ਤੇਜ਼ ਅਤੇ ਅਸਰਦਾਰ ਜਵਾਬੀ ਕਾਰਵਾਈ ਦੀ ਪ੍ਰਸੰਸਾ ਕਰਦੇ ਹਾਂ। ਅਫ਼ਗਾਨ ਬਲ ਸਾਡੇ ਸਮਰਥਨ ਨਾਲ ਅਫ਼ਗਾਨਿਸਤਾਨ ਦੇ ਦੁਸ਼ਮਣਾਂ ਨੂੰ ਹਰਾਉਣ ਲਈ ਅਣਥੱਕ ਯਤਨ ਕਰ ਰਹੇ ਹਨ।' ਦੱਸਣਯੋਗ ਹੈ ਕਿ ਅਮਰੀਕਾ ਵੱਲੋਂ ਅਤਿਵਾਦੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਅਤੇ ਉਨ੍ਹਾਂ ਦੀਆਂ ਸੁਰੱਖਿਅਤ ਠਾਹਰਾਂ ਤਬਾਹ ਕਰਨ ਲਈ ਪਾਕਿਸਤਾਨ 'ਤੇ ਦਬਾਅ ਪਾਇਆ ਜਾ ਰਿਹਾ ਹੈ। ਪਿਛਲੇ ਦਿਨੀਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਸੀ ਕਿ ਪਾਕਿਸਤਾਨ ਨੇ ਅਮਰੀਕਾ ਨੂੰ 'ਝੂਠ ਅਤੇ ਫਰੇਬ' ਤੋਂ ਸਿਵਾਏ ਕੁੱਝ ਨਹੀਂ ਦਿੱਤਾ। ਅਮਰੀਕਾ ਨੇ ਪਾਕਿ ਨੂੰ 2 ਅਰਬ ਅਮਰੀਕੀ ਡਾਲਰ ਦੀ ਸੁਰੱਖਿਆ ਸਹਾਇਤਾ ਵੀ ਰੋਕ ਦਿੱਤੀ ਸੀ। ਅਫ਼ਗਾਨਿਸਤਾਨ ਦੇ ਗ੍ਰਹਿ ਮੰਤਰਾਲੇ ਦੇ ਤਰਜਮਾਨ ਨੇ ਦੱਸਿਆ ਸੀ ਕਿ ਹੋਟਲ 'ਤੇ ਹਮਲਾ ਕਰਨ ਵਾਲੇ ਛੇ ਅਤਿਵਾਦੀ ਮਾਰ ਦਿੱਤੇ ਗਏ ਹਨ ਅਤੇ ਅਫ਼ਗਾਨ ਸੁਰੱਖਿਆ ਬਲਾਂ ਨੇ ਇਸ ਹੋਟਲ ਨੇੜੇ ਖੜ੍ਹੇ ਵਾਹਨ ਵਿੱਚ ਲੱਦੀ ਧਮਾਕਾਖੇਜ਼ ਸਮੱਗਰੀ ਨੂੰ ਨਕਾਰਾ ਕਰ ਦਿੱਤਾ ਹੈ।


## Matrimonial

Sikh Saini boy, Age 28 years old, height 6'6", Profession: Vollyball coach at the university. Education M.P.Ed. Caste and Education does not matter. The girl's family can send the girl's bio-data to this email -meenukaur.21@gmail.com or call at 408-480-6234.


# ਜੰਮੂ ਕਸ਼ਮੀਰ ਨੂੰ ਮਿੱਤਰਤਾ ਦਾ ਪੁਲ ਬਣਾਉਣ ਭਾਰਤ ਤੇ ਪਾਕਿ: ਮਹਿਬੂਬਾ

**ਸ੍ਰੀਨਗਰ-** ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਅੱਜ ਭਾਰਤ ਅਤੇ ਪਾਕਿਸਤਾਨ ਨੂੰ ਅਪੀਲ ਕੀਤੀ ਕਿ ਉਹ ਜੰਮੂ ਕਸ਼ਮੀਰ ਨੂੰ ਦੋਵਾਂ ਦੇਸ਼ਾਂ ਵਿੱਚ ਜੰਗ ਦਾ ਮੈਦਾਨ ਬਣਾਉਣ ਦੀ ਥਾਂ ਮਿੱਤਰਤਾ ਦੇ ਪੁਲ ਵਜੋਂ ਵਿਕਸਤ ਕਰਨ। ਉਨ੍ਹਾਂ ਕਿਹਾ ਕਿ ਸਾਡੀਆਂ ਸਰਹੱਦਾਂ ਗਵਾਹੀ ਭਰਦੀਆਂ ਹਨ ਕਿ ਸਰਹੱਦ ਉੱਤੇ ਰੱਬ ਨੂੰ ਭੁਲਾ ਕੇ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਹੈ। ਜਦੋਂ ਵੀ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਕਾਸ ਦੀ ਗੱਲ ਕਰਦੇ ਹਨ ਤਾਂ ਜੰਮੂ ਕਸ਼ਮੀਰ ਵਿੱਚ ਇਸ ਦੇ ਉਲਟ ਵਾਪਰਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਸਕੂਲ ਬੰਦ ਹਨ ਅਤੇ ਸਾਡੇ ਬੱਚੇ ਘਰਾਂ ਅੰਦਰ ਬੰਦ ਹਨ। ਉਨ੍ਹਾਂ ਕਿਹਾ, 'ਮੈਂ ਆਪਣੇ ਪ੍ਰਧਾਨ ਮੰਤਰੀ ਅਤੇ ਗਵਾਂਢੀ ਪਾਕਿਸਤਾਨ ਨੂੰ ਅਪੀਲ ਕਰਦੀ ਹਾਂ ਕਿ ਉਹ ਜੰਮੂ ਕਸ਼ਮੀਰ ਨੂੰ ਦੋਵਾਂ ਦੇਸ਼ਾਂ ਵਿਚਕਾਰ ਮਿੱਤਰਤਾ ਦਾ ਪੁਲ ਬਣਾਉਣ ਨਾ ਕਿ ਸੂਬਾ ਜੰਗ ਦਾ ਮੈਦਾਨ ਬਣੇ। ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਇੱਥੋਂ 65 ਕਿਲੋਮੀਟਰ ਦੂਰ ਬਾਰਾਮੂਲਾ ਜ਼ਿਲ੍ਹੇ ਵਿੱਚ ਸ਼ੀਹਰੀ 'ਚ ਪੁਲੀਸ ਦੇ ਰੰਗਰੂਟਾਂ ਦੀ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੰਮੂ ਕਸ਼ਮੀਰ ਦੇ ਲੋਕ ਸਰਹੱਦ ਉੱਤੇ ਦੁਵੱਲੀ ਫਾਈਰਿੰਗ ਵਿੱਚ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਾਡੀ ਬਦਕਿਸਮਤੀ ਹੈ ਕਿ ਸਾਡਾ ਸੂਬਾ ਸਾਡੇ ਦੇਸ਼ ਪਾਕਿਸਤਾਨ ਵਿਚਕਾਰ ਝਗੜੇ ਦਾ ਆਧਾਰ ਬਣਿਆ ਹੋਇਆ ਹੈ।

ਦੇਸ਼ ਦੁਆਬਾ

# ਅਮਰੀਕਾ ਦਾ ਸ਼ੱਟ ਡਾਊਨ

ਦੁਨੀਆਂ ਭਰ ਦੇ ਮੁਲਕਾਂ ਦੇ ਅਰਥਚਾਰਿਆਂ ਵਿਚ ਪਿਛਲੇ ਸਮੇਂ ਦਰਮਿਆਨ ਕਾਫੀ ਅਫਰਾ-ਤਫਰੀ ਮਚੀ ਰਹੀ ਹੈ। ਤੇਲ ਦੀਆਂ ਘਟੀਆਂ ਕੀਮਤਾਂ ਕਾਰਨ ਤੇਲ ਉਤਪਾਦਕ ਦੇਸ਼ਾਂ ਦਾ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ।ਪਰ ਕੁਝ ਸਮੇਂ ਤੋਂ ਸੁਧਾਰ ਦੀਆਂ ਖਬਰਾਂ ਨੇ ਆਸ ਦੀ ਕਿਰਨ ਜ਼ਰੂਰ ਲਗਾਈ ਹੈ। ਹਾਲ ਹੀ ਵਿਚ ਅਮਰੀਕੀ ਸ਼ੱਟ ਡਾਊਨ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਬਣਿਆ ਹੈ। ਸਰਕਾਰੀ ਸੰਸਥਾਵਾਂ ਅਤੇ ਹੋਰ ਸੰਗਠਨ ਬੰਦ ਹੋਣ ਕਾਰਨ ਅਨੇਕਾਂ ਕਿਸਮ ਦੇ ਸਵਾਲ ਖੜ੍ਹੇ ਹੋਣੇ ਸੁਭਾਵਿਕ ਹਨ। ਇਸ ਸਬੰਧੀ ਅਰਥਚਾਰੇ ਦੇ ਮਾਹਿਰ ਇਹੀ ਅੰਦਾਜ਼ਾ ਲਗਾ ਰਹੇ ਹਨ ਕਿ ਅਰਥਚਾਰੇ ਦੇ ਮਾਮਲੇ ਵਿਚ ਕਾਫੀ ਕੁਝ ਹਾਲੇ ਠੀਕ ਕਰਨ ਵਾਲਾ ਹੈ। ਅਮਰੀਕਾ ਵਿਚ ਪਹਿਲਾਂ ਵੀ ਕਈ ਵਾਰ ਸ਼ੱਟ ਡਾਊਨ ਹੋਇਆ ਹੈ ਪਰ ਅਮਰੀਕਾ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸੰਸਦ ਦੇ ਦੋਵੇਂ ਸਦਨਾਂ ਵਿਚ ਇਕੋ ਲਿਬਰਲ ਪਾਰਟੀ ਦਾ ਬਹੁਮਤ ਹੈ ਪਰ ਫਿਰ ਵੀ ਖਰਚੇ ਦਾ ਬਿਲ ਪਾਸ ਨਹੀਂ ਹੋ ਸਕਿਆ। ਇਸ ਵਾਰ ਬਰਾਕ ਓਬਾਮਾ ਦੀ ਅਗਵਾਈ ਹੇਠਲੀ ਸਾਬਕਾ ਡੈਮੋਕ੍ਰੇਟਿਕ ਸਰਕਾਰ ਵੱਲੋਂ ਆਰੰਭ ਕੀਤੇ ਗਏ'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼' ਪ੍ਰੋਗਰਾਮ ਨੂੰ ਲੈ ਕੇ ਹੰਗਾਮਾ ਹੋ ਗਿਆ। ਇਸ ਪ੍ਰੋਗਰਾਮ ਤਹਿਤ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਪੈਦਾ ਹੋਏ ਬੱਚਿਆਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਕੁਝ ਸਾਲਾਂ ਤੱਕ ਰੱਦ ਕਰਨ ਦੀ ਵਿਵਸਥਾ ਹੈ। ਸੱਤਾਧਾਰੀ ਰਿਪਬਲਿਕਨ ਪਾਰਟੀ ਓਬਾਮਾ ਦੇ ਇਸ ਚਰਚਿਤ ਪ੍ਰੋਗਰਾਮ ਦੇ ਖਿਲਾਫ ਹੈ। ਸਾਲ 2013 ਵਿਚ ਸ੍ਰੀ ਓਬਾਮਾ ਦੇ ਕਾਰਜਕਾਲ ਦੌਰਾਨ ਵੀ ਸਸਤੀ ਸਿਹਤ ਸੰਭਾਲ ਦੇ ਮੁੱਦੇ 'ਤੇ ਸ਼ੱਟ ਡਾਊਨ ਤੱਕ ਗੱਲ ਪਹੁੰਚ ਗਈ ਸੀ। ਉਦੋਂ 16 ਦਿਨਾਂ ਤੱਕ ਬਹੁਤ ਸਾਰੇ ਸਰਕਾਰੀ ਅਦਾਰੇ ਬੰਦ ਰਹੇ ਸਨ। 1974 ਤੱਕ ਅਮਰੀਕਾ ਵਿਚ ਬਜਟ ਪੇਸ਼ ਕਰਨ ਦੀ ਕੋਈ ਰਸਮੀ ਪ੍ਰਕਿਰਿਆ ਨਹੀਂ ਹੁੰਦੀ ਸੀ ਪਰ ਸੰਸਦ ਵਿਚ ਬਜਟ ਪੇਸ਼ ਕੀਤੇ ਜਾਣ ਤੋਂ ਲੈ ਕੇ ਹੁਣ ਤੱਕ 43 ਸਾਲਾਂ ਦੌਰਾਨ ਅਮਰੀਕਾ ਦੀਆਂ ਸਰਕਾਰਾਂ ਨੂੰ 18 ਵਾਰ ਅਜਿਹੇ ਸ਼ੱਟ ਡਾਊਨ ਦਾ ਸਾਹਮਣਾ ਕਰਨਾ ਪਿਆ। ਰਾਸ਼ਟਰਪਤੀ ਰੋਨਾਲਡ ਰੀਗਨ ਦੇ ਕਾਰਜਕਾਲ ਦੌਰਾਨ ਸਭ ਤੋਂ ਵੱਧ 8 ਵਾਰ ਅਜਿਹੀ ਸਥਿਤੀ ਆਈ, ਜਦਕਿ ਬਿਲ ਕਲਿੰਟਨ ਦੇ ਵਕਤ 21 ਵਾਰ ਅਜਿਹਾ ਹੋਇਆ।

ਮੌਜੂਦਾ ਰਾਸ਼ਟਰਪਤੀ ਸ੍ਰੀ ਡੋਨਾਲਡ ਟਰੰਪ ਨੂੰ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਵਿਚ ਹੀ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਦੋਵੇਂ ਧੜੇ ਇੱਕ-ਦੂਜੇ ਤੇ ਦੂਸ਼ਣ ਤਾਂ ਲਗਾ ਰਹੇ ਹਨ ਪਰ ਹੱਲ ਦੀ ਦਿਸ਼ਾ ਵਿਚ ਕਦਮ ਨਹੀਂ ਚੁੱਕੇ ਜਾ ਰਹੇ। ਅਮਰੀਕਾ ਵਿਚ ਵਿੱਤੀ ਸਾਲ ਅਕਤੂਬਰ ਤੋਂ ਸ਼ੁਰੂ ਹੁੰਦਾ ਹੈ ਅਤੇ ਟਰੰਪ ਸਰਕਾਰ ਉਦੋਂ ਤੋਂ ਹੀ ਆਰਜ਼ੀ ਫੰਡਿੰਗ ਦੇ ਸਹਾਰੇ ਚੱਲ ਰਹੀ ਹੈ। ਹੁਣ ਰਿਪਬਲਿਕਨ ਅਤੇ ਡੈਮੋਕ੍ਰੇਟ ਦੋਵੇਂ ਪਾਰਟੀਆਂ ਅੜ ਗਈਆਂ ਹਨ। ਅੰਦਰਖਾਤੇ ਇਸ ਹਾਲਾਤ ਨਾਲ ਨਿਪਟਣ ਦੇ ਯਤਨ ਜਾਰੀ ਹਨ। ਡੈਮੋਕ੍ਰੇਟ ਚਾਹੁੰਦੇ ਹਨ ਕਿ ਸਰਕਾਰ 7 ਲੱਖ ਪ੍ਰਵਾਸੀਆਂ ਨੂੰ ਕਾਨੂੰਨੀ ਸੁਰੱਖਿਆ ਦੇਵੇ ਪਰ ਟਰੰਪ ਪ੍ਰਸ਼ਾਸਨ ਉਹਨਾਂ ਨੂੰ ਬਾਹਰ ਕੱਢਣਾ ਚਾਹੁੰਦਾ ਹੈ। ਸ਼ੱਟ ਡਾਊਨ ਦਾ ਸਭ ਤੋਂ ਜ਼ਿਆਦਾ ਅਸਰ ਸਰਕਾਰੀ ਕਰਮਚਾਰੀਆਂ/ਅਧਿਕਾਰੀਆਂ ਤੇ ਪੈਂਦਾ ਹੈ, ਜਿਹਨਾਂ ਦੀਆਂ ਤਨਖਾਹਾਂ ਰੁਕ ਜਾਂਦੀਆਂ ਹਨ। ਇਸ ਕਾਰਨ ਆਰਥਿਕ ਦੁਚਿੱਤੀ ਵਾਲਾ ਮਾਹੌਲ ਵੀ ਬਣਦਾ ਹੈ। ਇਸ ਕਰਕੇ ਇਸ ਨੂੰ ਸੰਜੀਦਗੀ ਨਾਲ ਲੈਣਾ ਜ਼ਰੂਰੀ ਹੈ। ਦੇਸ਼ ਸਭ ਦਾ ਹੈ, ਸਾਰੀਆਂ ਪਾਰਟੀਆਂ ਦਾ ਮਕਸਦ ਦੇਸ਼ ਦੀ ਮਜ਼ਬੂਤੀ ਅਤੇ ਖੁਸ਼ਹਾਲੀ ਹੁੰਦਾ ਹੈ। ਇਸ ਕਰਕੇ ਇਸ ਮਸਲੇ ਤੇ ਕੋਈ ਵੀ ਪਾਰਟੀ ਮਨਮਰਜ਼ੀ ਨਹੀਂ ਕਰ ਸਕਦੀ ਅਤੇ ਨਾ ਹੀ ਕਰਨੀ ਚਾਹੀਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-58

## ਗੁਰਬਾਣੀ ਚਾਨਣ ਵਿੱਚ ਸੱਸ ਸਹੁਰਾ ਆਦਿਕ ਰਿਸ਼ਤੇ



ਅਵਤਾਰ ਸਿੰਘ ਮਿਸ਼ਨਰੀ
510-432-5827

ਸੱਸ ਸਹੁਰਾ-ਪਤੀ ਅਤੇ ਪਤਨੀ ਦੇ ਮਾਂ ਬਾਪ। ਇਨ੍ਹਾਂ ਰਿਸ਼ਤਿਆਂ ਬਾਰੇ ਗੱਲ ਬਾਤ ਅਤੇ ਖਹਿਬਾਜੀ ਆਮ ਤੌਰ ਤੇ ਜਿੰਦਗੀ ਚ ਚਲਦੀ ਰਹਿੰਦੀ ਹੈ। ਅਸਲੀ ਸੱਸ ਸਹੁਰਾ ਤੇ ਇਨ੍ਹਾਂ ਦੀਆਂ ਜਿਮੇਵਾਰੀਆਂ ਤੇ ਦੁਸ਼ਵਾਰੀਆਂ ਕੀ ਹਨ?

ਬਾਬਾ ਫਰੀਦ ਜੀ-ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥ ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥੩੧॥(੧੩੭੯) ਜੇ ਖਸਮ ਕਦੇ ਖ਼ਬਰ ਹੀ ਨਾਹ ਪੁੱਛੇ ਤਾਂ ਨਿਰਾ ਨਾਮ ਹੀ 'ਸੋਹਾਗਣ' ਰੱਖ ਲੈਣਾ ਕਿਸੇ ਕੰਮ ਨਹੀਂ। ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥ ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥੩੨॥(1379) ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥ ਨਾਨਕ ਧੰਨੁ ਸੁਹਾਗਣੀ ਜੋ ਭਾਵਹਿ ਵੇਪਰਵਾਹ॥੨॥ (੧੦੮੮) ਨੋਟ-ਇਹ ਦੋਵੇਂ ਸ਼ਲੋਕ ਗੁਰੂ ਨਾਨਕ ਸਾਹਿਬ ਦੇ ਹਨ। ਗੁਰੂ ਜੀ ਨੇ 'ਸੋਹਾਗਣ' ਦਾ ਅਸਲ ਲੱਛਣ ਭੀ ਇਸ ਸ਼ਲੋਕ ਵਿਚ ਦੱਸ ਕੇ ਫਰੀਦ ਜੀ ਦੇ ਸ਼ਲੋਕ ਦੀ ਹੋਰ ਵਿਆਖਿਆ ਕਰ ਦਿੱਤੀ ਹੈ। ਹੇ ਨਾਨਕ! ਖਸਮ ਪਰਮਾਤਮਾ ਜੀਵਾਂ ਦੀ ਪਹੁੰਚ ਤੋਂ ਪਰੇ ਹੈ, ਤੇ ਬਹੁਤ ਡੂੰਘਾ ਹੈ ਭਾਵ, ਉਹ ਇਤਨਾ ਜਿਗਰੇ ਵਾਲਾ ਹੈ ਕਿ ਭੁੱਲੜਾਂ ਉੱਤੇ ਭੀ ਗੁੱਸੇ ਨਹੀਂ ਹੁੰਦਾ; ਪਰ ਸੋਹਾਗਣ (ਜੀਵ-ਇਸਤ੍ਰੀ) ਉਹੀ ਹੈ ਜੋ ਉਸ ਬੇ-ਪਰਵਾਹ ਪ੍ਰਭੂ ਨੂੰ ਪਿਆਰੀ ਲੱਗਦੀ ਹੈ, ਜੋ ਇਸ ਲੋਕ ਤੇ ਪਰਲੋਕ ਵਿਚ ਉਸ ਖਸਮ ਦੀ ਬਣ ਕੇ ਰਹਿੰਦੀ ਹੈ।

ਸਸੁ ਵਿਰਾਇਣ ਨਾਨਕ ਜੀਉ ਸਸੁਰਾਵਾਦੀ ਜੇਠੋ ਪਉ ਪਉ ਲੂਹੈ॥(੯੬੩) ਹੇ ਨਾਨਕ ਦੁੱਖ ਦੇਣ ਵਾਲੀ (ਅਵਿਦਿਆ) ਜੀਵ ਇਸਤਰੀ ਦੀ ਵੈਰਨ ਹੈ। ਸਰੀਰ ਦਾ ਮੋਹ (ਸਹੁਰਾ)ਸਰੀਰ ਦੀ ਪਾਲਣਾ ਲਈ ਨਿਤ ਝਗੜਾ ਕਰਦਾ ਭਾਵ ਖਾਣ ਨੂੰ ਮੰਗਦਾ ਅਤੇ ਜੇਠ ਭਾਵ ਮੌਤ ਦਾ ਡਰ ਮੁੜ ਮੁੜ ਦੁਖੀ ਕਰਦਾ ਹੈ। ਸਸੂ ਤੇ ਪਿਰਿ ਕੀਨੀ ਵਾਖਿ॥ (੩੭੦) ਰਾਵਲਪਿੰਡੀ ਵੱਲ ਸੱਸ ਨੂੰ ਸੱਸੂ ਵੀ ਆਖਦੇ ਹਨ। ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉਂ ਮਿਲਣ ਨ ਦੇਇ ਬੁਰੀ॥ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ॥(੫੫੬) ਮੇਰਾ ਪ੍ਰਭੂ ਪਤੀ ਮੇਰੇ ਹਿਰਦੇ ਘਰ ਵਿੱਚ ਹੀ ਵਸਦੈ ਪਰ ਇਹ ਭੈੜੀ ਸੱਸ (ਮਾਇਆ) ਮੈਨੂੰ ਹਿਰਦੇ ਘਰ ਚ ਟਿਕਣ ਨਹੀਂ ਦਿੰਦੀ ਭਾਵ ਮੇਰੇ ਮਨ ਨੂੰ ਸਦਾ ਬਾਹਰ ਮਾਇਕ ਪਦਾਰਥਾਂ ਦੇ ਪਿੱਛੇ ਭਜਾਈ ਫਿਰਦੀ ਹੈ। ਇਹ ਚੰਦਰੀ ਮੈਨੂੰ ਪ੍ਰਭੂ ਪਤੀ ਨਾਲ ਮਿਲਣ ਨਹੀਂ ਦਿੰਦੀ ਪਰ ਮੈ ਇਸ ਤੋਂ ਬਚਣ ਲਈ ਸਤਿਸੰਗੀ ਸਹੇਲੀਆਂ ਦੇ ਚਰਨਾਂ ਦੀ ਸੇਵਾ ਕਰਦੀ ਹਾਂ। ਸਤਿਸੰਗ ਵਿੱਚ ਗੁਰੂ ਮਿਲਦਾ ਤੇ ਗੁਰੂ ਦੀ ਕ੍ਰਿਪਾ ਨਾਲ ਪਤੀ ਪ੍ਰਭੂ ਮੇਰੇ 'ਤੇ ਮਿਹਰ ਦੀ ਨਜਰ ਕਰਦਾ ਹੈ।

ਸਹੁਰਾ-ਸਸੁਰਾਰ, ਸਹੁਰਾਵਾਦੀ ਭਾਵ ਅਗਿਆਨ ਕਰਕੇ ਝਗੜਾਲੂ ਹੈ। ਇਸ ਲੋਕ ਦੇ ਪੇਕਾ ਘਰ ਦਾ ਵਸੇਬਾ ਸਦਾ ਨਹੀ ਰਹਿ ਸਕਦਾ, ਸਹੁਰੇ ਘਰ (ਪ੍ਰਲੋਕ) ਵਿੱਚ ਜਾਣਾ ਹੀ ਪੈਂਦਾ ਹੈ। ਹੇ ਨਾਨਕ ਜਿਹੜੀ ਜੀਵ ਇਸਤੀ ਪੇਕੇ ਘਰ (ਇਸ ਲੋਕ) ਵਿੱਚ ਗਾਫਲਤਾ ਦੀ ਨੀਂਦ ਸੁੱਤੀ ਰਹੀ,ਮਾਨੋ ਉਸ ਦੇ ਗੁਣਾਂ ਨੂੰ ਦਿਨ ਦਿਹਾੜੇ ਹੀ ਸੰਨ੍ਹ ਲੱਗੀ ਰਹੀ। ਉਸ ਨੇ ਗੁਣਾਂ ਦੀ ਗੰਠੜੀ ਗਵਾ ਲਈ ਤੇ ਅਵਗਣਾਂ ਦੀ ਪੰਡ ਬੰਨ੍ਹ ਲੈ ਤੁਰੀ-ਲਗੀ ਆਵੈ ਸਹੁਰੇ ਨਿਤ ਨ ਪੇਈਆ ਹੋਇ॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥੪॥(੨੪)

ਮਾਤਾ ਮਤਿ ਪਿਤਾ ਸੰਤੋਖੁ॥ ਸਤੁ ਭਾਈ ਕਰਿ ਏਹੁ ਵਿਸੇਖੁ॥੧॥ ਕਹਣਾ ਹੈ, ਕਿਛੂ ਕਹਣੁ ਨ ਜਾਇ॥ ਤਉ ਕੁਦਰਤਿ ਕੀਮਤਿ ਨਹੀ ਪਾਇ॥੧॥ਰਹਾਉ॥ ਸਰਮ ਸੁਰਤਿ ਦੁਇ ਸਸੁਰ ਭਏ॥ ਕਰਣੀ ਕਾਮਣਿ ਕਰਿ ਮਨ ਲਏ॥੨॥ ਸਾਹਾ ਸੰਜੋਗੁ ਵੀਆਹੁ ਵਿਜੋਗੁ॥ ਸਚੁ ਸੰਤਤਿ ਕਹੁ ਨਾਨਕ ਜੋਗੁ॥੩॥੩॥(੧੫੧-੫੨) ਜੇ ਕਰ ਜੀਵ ਇਸਤਰੀ ਉੱਚੀ ਮਤਿ ਨੂੰ ਮਾਂ ਤੇ ਸੰਤੋਖ ਨੂੰ ਆਪਣਾ ਪਿਤਾ ਬਣਾ ਲਵੇ ਭਾਵ ਸੰਤੋਖ ਦੀ ਨਿਗਰਾਨੀ ਚ ਰਹਿ ਕੇ, ਲੋਕਾਈ ਦੀ ਸੇਵਾ ਨੂੰ ਉਚੇਚਾ ਭਰਾ ਬਨਾਏ ਤਾਂ ਇਸ ਭਰਾ ਦਾ ਜੀਵਨ 'ਤੇ ਵਿਸ਼ੇਸ਼ ਅਸਰ ਪਵੇਗਾ। ਇਸ ਮਿਲਾਪ ਅਵਸਥਾ ਨੂੰ ਬਿਆਨ ਨਹੀਂ ਜਾ ਸਕਦਾ ਤੇ ਉਸ ਦੀ ਕੁਦਰਤ ਦਾ ਅੰਤ ਵੀ ਨਹੀਂ ਪਾਇਆ ਜਾ ਸਕਦਾ। ਉਦਮ ਤੇ ਉਚੀ ਸੁਰਤਿ ਦੋਵੇ ਉਸ ਜੀਵ ਇਸਤਰੀ ਦੇ ਸੱਸ ਸਹੁਰਾ ਹੋਣ। ਹੇ ਮਨ ਜੇ ਜੀਵ, ਸੁਚੱਜੀ ਜਿੰਦਗੀ ਨੂੰ ਇਸਤਰੀ ਬਣਾ ਲਏ ਅਤੇ ਸਤਸੰਗ ਵਿੱਚ ਜਾਣਾ ਪ੍ਰਭੂ ਨਾਲ ਵਿਆਹ ਦਾ ਸਾਹਾ ਸੋਧਿਆ ਜਾਏ(ਜਿਵੇਂ ਵਿਆਹ ਵੇਲੇ ਸੋਧਿਆ ਸਾਹਾ ਟਾਲਿਆ ਨਹੀਂ ਜਾ ਸਕਦਾ ਤਿਵੇ ਸਤਸੰਗ ਚੋਂ ਕਦੇ ਨਾ ਕੁੰਝੇ। ਹੇ ਨਾਨਕ ਸਤਸੰਗ ਚ ਰਹਿ ਕੇ ਦੁਨੀਆਂ ਨਾਲੋਂ ਨਿਰਮੋਹਤਾ ਰੂਪ ਪ੍ਰਭੂ ਨਾਲ ਵਿਆਹ ਹੋ ਜਾਏ ਤਾਂ ਇਸ ਵਿਆਹ ਚੋਂ ਸੱਚ ਭਾਵ ਪ੍ਰਭੂ ਦਾ ਸਦਾ ਹਿਰਦੇ ਚ ਟਿਕੇ ਰਹਿਣਾ, ਇਹ ਹੈ ਸੱਚਾ ਪ੍ਰਭੂ ਮਿਲਾਪ, ਇਸ ਮਿਪਾਪ ਚੋਂ ਜੀਵ ਇਸਤਰੀ ਦੀ ਸੱਚੀ ਸੰਤਾਨ ਪੈਦਾ ਹੋਵੇਗੀ।

ਜਿਵੇਂ ਨੂੰਹ ਪੁੱਤ, ਨੂੰਹ ਸੱਸ, ਸੱਸ ਸਹੁਰਾ ਆਪਣੀਆਂ ਦੁਨਿਆਵੀ ਜਿਮੇਵਾਰੀਆਂ ਤੋਂ ਭੱਜ ਕੇ, ਫੋਕੇ ਹਉਮੇ ਹੰਕਾਰ ਅਤੇ ਚੌਧਰ ਆਦਿਕ ਔਗੁਣਾਂ ਕਰਕੇ ਲੜਦੇ ਦੁਖੀ ਅਤੇ ਸਤ, ਸੰਤੋਖ ਤੇ ਹਲੀਮੀ ਆਦਿਕ ਸ਼ੁਭ ਗੁਣਾਂ ਕਰਕੇ ਸੁਖੀ ਰਹਿੰਦੇ ਹਨ।

*ਨੋਟ-ਜੇ ਸੱਸ, ਨੂੰਹ ਨੂੰ ਧੀ ਤੇ ਧੀ, ਸੱਸ ਨੂੰ ਮਾਂ ਵਾਲਾ ਪਿਆਰ ਸਤਿਕਾਰ ਦੇਵੇ, ਨੂੰਹ ਪੁੱਤ ਦੋਵੇਂ ਇੱਕ ਦੂਜੇ ਦੇ ਮਾਂ ਬਾਪ ਨੂੰ ਬਰਾਬਰ ਸਮਝਣ ਤਾਂ ਦੁਨਿਆਵੀ ਝਗੜੇ ਘਟਦੇ ਘਟਦੇ ਮੁੱਕ ਜਾਂਦੇ ਹਨ। ਉਪ੍ਰੋਕਤ ਗੁਰਬਾਣੀ ਵਿਚਾਰ ਤੋਂ ਸ਼ਪੱਸ਼ਟ ਹੋ ਜਾਂਦਾ ਹੈ ਕਿ ਅੱਜ ਇਨ੍ਹਾਂ ਰਿਸ਼ਤਿਆਂ ਚ ਤਰੇੜਾਂ ਹੀ ਅਵਿਦਿਆ,ਅਗਿਆਨਤਾ, ਹਉਮੇ ਹੰਕਾਰ, ਅੰਧ ਵਿਸ਼ਵਾਸ਼ ਤੇ ਭਰਮ ਭੁਲੇਖਿਆਂ ਚ ਫਸਨ ਕਰਕੇ ਆ ਰਹੀਆਂ ਹਨ। ਇਨਾਂ ਆ ਰਹੀਆਂ ਗਿਰਾਵਟਾਂ ਅਤੇ ਬੁਰਾਈਆਂ ਨੂੰ ਜੀਵਨ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਤੇ ਕਿਰਦਾਰ ਨੂੰ ਸਮਝ ਕੇ ਦੂਰ ਕੀਤਾ ਜਾ ਸਕਦਾ ਹੈ। ਇਸ ਸਭ ਵਿੱਚ ਸਹਿਣਸੀਲਤਾ ਕੜੀ ਦਾ ਕੰਮ ਕਰਦੀ ਹੈ। ਗੁਰਬਾਣੀ ਦੇ ਉਦੇਸ਼ਾਂ ਨੂੰ ਅੱਖਰੀ ਅਰਥਾਂ ਦੇ ਨਾਲ ਨਾਲ ਭਾਵ ਅਰਥ ਕਰਕੇ ਹੀ ਸਮਝਿਆ ਜਾ ਸਕਦਾ ਹੈ।*

# ਪਾਬੰਦੀ ਦੇ ਬਾਵਜੂਦ ਨਹੀਂ ਰੁਕ ਰਿਹਾ ਚਾਇਨਾ ਡੋਰ ਦਾ ਰੁਝਾਨ



ਪ੍ਰਮੋਦ ਧੀਰ
91-98550-31081

ਭਾਰਤ ਤਿਉਹਾਰਾਂ ਦਾ ਦੇਸ਼ ਹੈ ਜਿੱਥੇ ਸਾਰਾ ਸਾਲ ਕੋਈ ਨਾ ਕੋਈ ਤਿਉਹਾਰ ਆਉਂਦਾ ਹੀ ਰਹਿੰਦਾ ਹੈ ਅਤੇ ਲੋਕ ਆਪਣੇ ਰੀਤੀ ਰਿਵਾਜਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ। ਇਸ ਤਰ੍ਹਾਂ ਬਸੰਤ ਪੰਚਮੀ ਅਜਿਹਾ ਤਿਉਹਾਰ ਹੈ ਜਿਸਨੂੰ ਸਾਰੇ ਹੀ ਰਲ ਮਿਲ ਕੇ ਮਨਾਉਂਦੇ ਹਨ। ਇਸ ਦਿਨ ਲੋਕ ਪੀਲੇ ਕੱਪੜੇ ਪਾਉਣੇ ਪਸੰਦ ਕਰਦੇ ਹਨ,ਚਾਰੇ ਪਾਸੇ ਫੁੱਲਾਂ ਦੀ ਖੁਸ਼ਬੂ ਅਤੇ ਸੁੰਦਰਤਾ ਮਹਿਕਦੀ ਹੋਈ ਦੇਖਣ ਨੂੰ ਮਿਲਦੀ ਹੈ। ਇਸ ਦਿਨ ਬੱਚੇ ਤੋਂ ਲੈ ਕੇ ਬੁੱਢੇ ਤੱਕ ਤਕਰੀਬਨ ਹਰੇਕ ਉਮਰ ਦਾ ਵਿਅਕਤੀ ਪਤੰਗਬਾਜੀ ਦਾ ਲੁਤਫ ਜਰੂਰ ਲੈਣਾ ਪਸੰਦ ਕਰਦਾ ਹੈ।

ਪਤੰਗਬਾਜੀ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਪਰੰਪਰਾ ਹੈ ਇਸ ਸਬੰਧੀ ਰਾਜੇ ਮਹਾਂਰਾਜਿਆਂ ਦੁਆਰਾਂ ਖੁਦ ਪਤੰਗਬਾਜੀ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਬਸੰਤ ਦੇ ਦਿਨਾਂ ਵਿੱਚ ਪਤੰਗ ਬਾਜੀ ਦੇ ਸ਼ੌਂਕ ਵਧ ਜਾਂਦੇ ਹਨ ਤੇ ਕਈ ਬੱਚੇ ਸਾਰਾ ਸਾਲ ਹੀ ਪਤੰਗ ਉਡਾਉਣਾ ਪਸੰਦ ਕਰਦੇ ਹਨ। ਅੱਜ ਕੱਲ ਲੋਕ ਬਸੰਤ ਦੇ ਦਿਨ ਆਪਣੇ ਕੋਠਿਆਂ ਤੇ ਚੜ੍ਹ ਕੇ ਡੀ.ਜੇ ਆਦਿ ਲਗਾ ਕੇ ਖੂਬ ਪਤੰਗ ਚੜਾਉਂਦੇ ਹਨ ਤੇ ਸ਼ਰਤਾਂ ਲਗਾਉਂਦੇ ਹਨ। ਫਿਰ ਇੱਕ ਦੂਜੇ ਦੇ ਪਤੰਗ ਨੂੰ ਕੱਟ ਕੇ ਰੌਲਾ ਪਾਕੇ,ਭੰਗੜੇ ਪਾਕੇ ਚੀਕਾਂ ਮਾਰਕੇ ਦਿਲ ਪ੍ਰਚਾਵਾ ਕਰਦੇ ਹਨ। ਮਨੋਰੰਜਨ ਕਰਨਾ ਮਾੜੀ ਗੱਲ ਨਹੀ। ਪਰ ਅੱਜ ਕੱਲ ਪਤੰਗਬਾਜੀ ਲਈ ਲੋਕ ਚਾਇਨਾ ਡੋਰ ਵਰਤਨ ਲੱਗ ਪਏ ਹਨ ਜੋ ਕਿ ਮਨੁੱਖ ਲਈ ਅਤੇ ਪੰਛੀਆਂ ਲਈ ਬਹੁਤ ਹੀ ਖਤਰਨਾਕ 'ਤੇ ਜਾਨ ਲੇਵਾ ਹੈ।



**ਕੀ ਹੈ ਚਾਇਨਾ ਡੋਰ?** ਚਾਇਨਾ ਡੋਰ ਪਲਾਟਿਕ ਧਾਗੇ ਤੇ ਲੋਹੇ ਦੇ ਪਾਊਡਰ ਨਾਲ ਸੂਤੀ ਹੁੰਦੀ ਹੈ। ਇਹ ਖਤਰਨਾਕ ਅਤੇ ਜਾਨਲੇਵਾ ਸੁਮੇਲ ਹੈ, ਇਸ ਲਈ ਇਸ ਨੂੰ 'ਕਿੱਲਰ ਡੋਰ' ਵੀ ਕਿਹਾ ਜਾਂਦਾ ਹੈ। ਕੀ ਹਨ ਚਾਇਨਾ ਡੋਰ ਦੇ ਨੁਕਸਾਨ? ਨਾ-ਟੁੱਟਣ ਯੋਗ ਅਤੇ ਨਾ ਗਲਣ ਯੋਗ ਪਲਾਸਟਿਕ ਦਾ ਧਾਗਾ ਜਿੱਥੇ ਕੁਦਰਤ ਦੇ ਅਨਮੋਲ ਵਾਤਾਵਰਨ ਨੂੰ ਵਿਗਾੜਦਾ ਹੈ,ਉਥੇ ਇਹ ਇਨਸਾਨਾਂ ਅਤੇ ਪੰਛੀਆਂ ਲਈ ਮੌਤ ਦਾ ਫੰਦਾ ਬਣ ਜਾਂਦਾ ਹੈ। ਇਸ ਤੇ ਲੱਗਿਆ ਲੋਹੇ ਦਾ ਪਾਊਡਰ, ਬਿਜਲੀ ਦੀਆਂ ਤਾਰਾਂ ਨੂੰ ਛੂਹਣ ਨਾਲ ਬਿਜਲੀ ਦਾ ਕਰੰਟ ਪਾਸ ਕਰਦਾ ਹੈ ਅਤੇ ਸਾਡੇ ਬੱਚਿਆਂ ਨੂੰ ਜਾਨੀ ਨੁਕਸਾਨ ਪਹੁੰਚਾ ਸਕਦਾ ਹੈ। ਇਸਦੀ ਵਰਤੋਂ ਨਾਲ ਵੱਡੀ ਗਿਣਤੀ ਵਿੱਚ ਵਿਦੇਸ਼ੀ ਪੂੰਜੀ ਬਰਬਾਦ ਹੁੰਦੀ ਹੈ। ਚਾਇਨਾ ਡੋਰ ਨਾਲ ਸਾਡੇ ਲੱਖਾਂ ਦੇਸ਼ਵਾਸੀਆਂ ਦੀ ਰੋਜੀ ਰੋਟੀ ਖਤਮ ਹੋ ਰਹੀ ਹੈ। ਇਸ ਡੋਰ ਦੀ ਵਰਤੋਂ ਨਾਲ ਸਿਰਫ ਅਮਿਦਾਬਾਦ ਸ਼ਹਿਰ ਵਿੱਚ ਸਾਲ 2015 ਵਿੱਚ 76 ਐਕਸੀਡੈਂਟ, 21 ਗਲੇ ਵਿੱਚ ਫੰਦਾ ਸਮੇਤ 2789 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਅਖਬਾਰ 'ਚ ਪੜ੍ਹਿਆ ਕਿ 27 ਜਨਵਰੀ 2017 ਨੂੰ ਮੋਗਾ ਦਾ ਨਰਿੰਦਰ ਸ਼ਰਨ ਸਕੂਲ ਅਧਿਆਪਕ ਆਪਣੇ ਪ੍ਰਾਇਮਰੀ ਸਕੂਲ ਸੰਧੂਆਂ ਵਾਲਾ (ਮੋਗਾ) ਤੋਂ ਬਾਈਕ ਤੇ ਘਰ ਆ ਰਿਹਾ ਸੀ ਤਾਂ ਰਸਤੇ ਵਿੱਚ ਚਾਇਨਾ ਡੋਰ ਦਾ ਸ਼ਿਕਾਰ ਹੋ ਗਿਆ ਗਲਾ ਕੱਟਣ ਕਰਕੇ 13 ਟੰਕੇ ਲੱਗੇ। ਟਾਈਮਜ਼ ਆਫ ਇੰਡੀਆ ਦੇ ਮੁਤਾਬਿਕ 20 ਦੁਰਲਭ ਜਾਤੀ ਵਾਲੇ ਪੰਛੀ ਸਭ ਤੋਂ ਵੱਧ ਸ਼ਿਕਾਰ ਹੋਏ ਅਤੇ ਉਨ੍ਹਾਂ ਦੀ ਹੋਂਦ ਨੂੰ ਅੱਜ ਖਤਮ ਹੋਣ ਦਾ ਖਤਰਾ ਬਣਿਆ ਹੋਇਆ ਹੈ।

ਪਤੰਗਾਂ ਜਰੂਰ ਉਡਾਓ-ਪਰ ਸਾਵਧਾਨੀਆਂ ਵੀ ਅਪਣਾਓ: ਦੇਰ ਰਾਤ ਤੱਕ ਪਤੰਗ ਨਾਂ ਉਡਾਉ, ਕਿਉਂਕਿ ਆਪਣੇ ਘਰਾਂ ਨੂੰ ਪਰਤ ਰਹੇ ਪੰਛੀ ਹਨੇਰੇ ਕਾਰਨ ਇਸ ਡੋਰ ਵਿੱਚ ਫਸਕੇ ਜਖਮੀ ਹੋ ਜਾਂਦੇ ਹਨ। ਪਤੰਗ ਦਰੱਖਤ ਜਾਂ ਬਿਜਲੀ ਦੀਆਂ ਤਾਰਾਂ ਕੋਲ ਨਾ ਉਡਾਉ,ਕਿਉਂਕਿ ਦਰੱਖਤ ਜਾਂ ਤਾਰਾਂ ਵਿੱਚ ਫਸੀ ਡੋਰ ਪੰਛੀਆਂ ਅਤੇ ਰਾਹਗਿਰੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਉਲੰਘਣਾ ਹੋਵੇ ਦਾਂ ਕੀ ਹੈ ਸਜ਼ਾ? ਇਸ ਖਤਰਨਾਕ ਡੋਰ ਦੇ ਵੇਚਣ ਅਤੇ ਖਰੀਦਣ ਵਾਲੇ ਤੇ ਵਾਤਾਵਰਨ (ਪ੍ਰੋਟੈਕਸ਼ਨ) ਐਕਟ ਦੀ ਧਾਰਾ 5 ਦੇ ਅਨੁਸਾਰ 5 ਸਾਲ ਦੀ ਕੈਦ ਅਤੇ 1 ਲੱਖ ਰੁਪਏ ਤੱਕ ਜੁਰਮਾਨਾ ਵੀ ਹੋ ਸਕਦਾ ਹੈ।

**ਕੀ ਹੈ ਸਾਡਾ ਫਰਜ਼?** ਜੇ ਕਿਤੇ ਵੀ ਡੋਰ ਫਸੀ ਹੋਈ ਮਿਲੇ ਤਾਂ ਉਸ ਨੂੰ ਇਕੱਠਾ ਕਰਕੇ ਸਾੜ ਦਿਉ, ਤਾਂ ਕਿ ਜਾਨੀ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ। ਭਾਵੇਂ ਅਸੀਂ ਪਤੰਗਾਂ ਨਾਂ ਵੀ ਉਡਾਈਏ ਪਰ ਦੂਜਿਆਂ ਨੂੰ ਇਸ ਡੋਰ ਦੇ ਨੁਕਸਾਨ ਬਾਰੇ ਜਰੂਰ ਸੁਚੇਤ ਕਰੀਏ।

**ਦੋਸ਼ੀ ਕੌਣ?** ਕੁਝ ਸਮਝਦਾਰ ਮਾਤਾ ਪਿਤਾ ਆਪਣੇ ਬੱਚੇ ਨੂੰ ਸਮਝਾਉਣਾਂ ਤਾਂ ਕੀ ਸਗੋਂ ਬੱਚੇ ਦੀ ਜਿੱਦ ਅੱਗੇ ਝੁਕਕੇ, ਬੱਚੇ ਲਈ ਦੁਕਾਨਦਾਰ ਤੋਂ ਚਾਇਨਾ ਡੋਰ ਦੀ ਮੰਗ ਕਰਦੇ ਹਨ ਜੋ ਕਿ ਬਹੁਤ ਸ਼ਰਮਨਾਕ ਅਤੇ ਅਫਸੋਸਨਾਕ ਗੱਲ ਹੈ।

ਅਖੀਰ ਇਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਖੁਦ ਆਪਣੀ ਨੀਂਦ ਵਿੱਚੋਂ ਜਾਗੀਏ, ਕਿਉਂ ਕਿਸੇ ਤੇ ਆਸ ਲਗਾ ਕੇ ਬੈਠੇ ਹਾਂ, ਖੁਦ ਹੰਭਲਾ ਮਾਰੀਏ ਤੇ ਇਸ ਖੂਨੀ ਡੋਰ ਦੀ ਵਰਤੋਂ ਤੋਂ ਤੋਬਾ ਕਰੀਏ ਅਤੇ ਮਿਲਜੁਲ ਕੇ ਇਸ ਛੋਟੇ ਜਿਹੇ ਬੇਸ਼ਕੀਮਤੀ ਸੰਦੇਸ਼ ਨੂੰ ਘਰ ਘਰ ਪਹੁੰਚਾਈਏ ਤਾਂ ਕਿ ਕੋਈ ਵੀ ਸਾਡਾ ਨਜਦੀਕੀ ਇਸ ਘਟਨਾ ਦਾ ਸ਼ਿਕਾਰ ਨਾ ਹੋ ਸਕੇ। ਤਿਉਹਾਰ ਜਾਂ ਸ਼ੌਂਕ ਵੀ ਉਹੀ ਵਧੀਆ ਲਗਦੇ ਹਨ ਜਿੰਨਾ ਨੂੰ ਮਾਣ ਕੇ ਸਾਨੂੰ ਕੋਈ ਨੁਕਸਾਨ ਨਾਂ ਹੋਵੇ ਸਗੋਂ ਦਿਲੀਂ ਖੁਸ਼ੀ ਮਿਲੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੰਧਰਵ ਸੈਨ ਕੋਛੜ ਜਨਮ ਦਿਵਸ ਸਮਾਗਮ 'ਤੇ ਵਿਚਾਰ-ਚਰਚਾ ਅਤੇ ਪੱਤਰਕਾਰ ਰਚਨਾ ਖਹਿਰਾ ਦਾ ਸਨਮਾਨ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ, ਕਿਰਤੀ ਲਹਿਰ ਦੀ ਚੜ੍ਹਤ ਦੇ ਦੌਰ 1929 ਤੋਂ ਲੈ ਕੇ ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ ਅਤੇ ਨਿਆਂ ਭਰੇ ਸਮਾਜ ਦੀ ਸਿਰਜਣਾ ਲਈ ਸਦਾ ਸੰਗਰਾਮੀ ਸਫ਼ਰ 'ਤੇ ਰਹਿਣ ਵਾਲੇ ਗੰਧਰਵ ਸੈਨ ਕੋਛੜ ਦੇ 100ਵੇਂ ਜਨਮ ਦਿਹਾੜੇ 'ਤੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ 'ਵਿਚਾਰਧਾਰਕ, ਰਾਜਨੀਤਕ, ਸਮਾਜਕ, ਸਾਹਿਤਕ/ ਸਭਿਆਚਾਰਕ ਪੱਖਾਂ ਅਤੇ ਅਜੋਕੇ ਸਮੇਂ ਦੇ ਮਘਦੇ ਮਸਲਿਆਂ ਬਾਰੇ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਕਮੇਟੀ ਅਤੇ ਭਰੇ ਹਾਲ ਵੱਲੋਂ ਗੰਧਰਵ ਸੈਨ ਕੋਛੜ ਦਾ ਫੁੱਲਾਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ 'ਤੁਝਕੋ ਚਲਨਾ ਹੋਗਾ' ਗੀਤ ਦੀਆਂ ਧੁੰਨਾਂ ਫਿਜ਼ਾ 'ਚ ਵਿਸ਼ੇਸ਼ ਸੁਨੇਹਾ ਦੇ ਰਹੀਆਂ ਸਨ। ਗੰਧਰਵ ਸੈਨ ਕੋਛੜ ਦੀ ਅਦੁੱਤੀ ਦੇਣ ਨੂੰ ਸਿਜਦਾ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ, 'ਚੇਤਨਾ, ਚਿੰਤਨ ਅਤੇ ਦੇਸ਼ ਭਗਤ ਯਾਦਗਾਰ ਹਾਲ ਨੂੰ ਬਹੁ-ਪੱਖੀ ਦੇਣ ਉਪਰ ਮਾਣ ਕਰਨ ਅਤੇ ਉਹਨਾਂ ਦੇ ਜੀਵਨ ਤੋਂ ਸਿਖਣ ਦੀ ਲੋੜ ਹੈ।' ਗੰਧਰਵ ਸੈਨ ਕੋਛੜ ਨੇ ਕਿਹਾ ਕਿ ਮੁਲਕ ਦੀ ਵਿਵਸਥਾ ਮੁੱਢੋਂ ਸੁੱਢੋਂ ਬਦਲਕੇ ਮਿਹਨਤਕਸ਼ ਲੋਕਾਂ ਦੇ ਮਾਣ-ਸਨਮਾਨ ਵਾਲਾ ਰਾਜ ਅਤੇ ਸਮਾਜ ਸਿਰਜਣ ਲਈ ਮੈਂ ਜਿੰਨੀ ਕੁ ਕੋਸ਼ਿਸ਼ ਕੀਤੀ ਹੈ ਲੋਕਾਂ ਨੇ ਉਸ ਤੋਂ ਕਿਤੇ ਵਧਕੇ ਹੁੰਗਾਰਾ ਅਤੇ ਪਿਆਰ ਦਿੱਤਾ ਹੈ। ਉਹਨਾਂ ਕਿਹਾ ਕਿ ਮਾਰਕਸੀ ਫਲਸਫ਼ਾ ਹੀ ਲੋਕਾਂ ਦੀ ਮੁਕਤੀ ਦਾ ਅਸਲ ਮਾਰਗ-ਦਸੇਰਾ ਹੈ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਗੰਧਰਵ ਸੈਨ ਕੋਛੜ ਦੀ ਧੀ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਵਿਗਿਆਨਕ ਵਿਚਾਰਧਾਰਾ ਦੀ ਆਪਣੇ ਨਾਨਕੇ ਘਰ ਤੋਂ ਗੁੜ੍ਹਤੀ ਮਿਲਣ ਅਤੇ ਉਸ ਉਪਰੰਤ ਪਿਤਾ ਗੰਧਰਵ ਸੈਨ ਕੋਛੜ ਵੱਲੋਂ ਮਿਲੀ ਜਮਾਤੀ ਸੂਝ-ਬੂਝ ਸਦਕਾ ਮੈਂ ਕੋਸ਼ਿਸ਼ ਕੀਤੀ ਹੈ ਕਿ ਇਨਕਲਾਬੀ ਲਹਿਰਾਂ ਵਿੱਚ ਆਪਣਾ ਬਣਦਾ ਫਰਜ਼ ਅਦਾ ਕਰ ਸਕਾਂ। ਉਹਨਾਂ ਕਿਹਾ ਕਿ ਪਿਤਾ ਜੀ ਦਾ ਜਨਮ ਦਿਵਸ ਸਮਾਗਮ ਰਵਾਇਤੀ ਰਸਮ ਪੂਰਤੀ ਨਹੀਂ ਸਗੋਂ ਸਵੈ-ਅਧਿਐਨ ਕਰਦਿਆਂ ਲੋਕਾਂ ਦੀ ਮੁਕਤੀ ਦੀ ਮਸ਼ਾਲ ਲੈ ਕੇ ਤੁਰਨ ਦਾ ਅਹਿਦ ਕਰਨ ਦਾ ਦਿਨ ਹੈ। ''ਮਾਰਕਸਵਾਦੀ ਪ੍ਰਤੀਬੱਧਤਾ ਭਰੇ ਸੰਗਰਾਮੀ ਜੀਵਨ ਸਫ਼ਰ ਦੀ ਦਾਸਤਾਨ: ਗੰਧਰਵ ਸੈਨ ਕੋਛੜ'' ਵਿਸ਼ੇ ਉਪਰ ਬੋਲਦਿਆਂ ਸਮਾਗਮ ਦੇ ਬੁਲਾਰਿਆਂ ਡਾ. ਪਰਮਿੰਦਰ ਸਿੰਘ ਜੋਆਇੰਟ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਦਰਸ਼ਨ ਖਟਕੜ, ਡਾ. ਭੀਮਇੰਦਰ ਸਿੰਘ ਨੇ ਕਿਹਾ ਕਿ ਸਾਡੇ ਸਮੇਂ ਦੀਆਂ ਗੰਭੀਰ ਬਹੁ-ਪੱਖੀ ਚੁਣੌਤੀਆਂ ਸਰ ਕਰਨ ਲਈ ਕਾਮਰੇਡ ਗੰਧਰਵ ਸੈਨ ਕੋਛੜ ਵਰਗੀ ਮਾਰਕਸੀ ਪ੍ਰਤੀਬੱਧਤਾ, ਨਿਹਚਾ, ਤਨ, ਮਨ, ਧਨ ਨਿਛਾਵਰ ਕਰਨ ਦੀ ਲਟ ਲਟ ਬਲਦੀ ਭਾਵਨਾ ਦੀ ਲੋੜ ਹੈ।

ਸਮਾਗਮ 'ਚ 'ਦੀ ਟ੍ਰਿਬਿਊਨ' ਦੀ ਨਿਰਭੈ ਪੱਤਰਕਾਰ ਰਚਨਾ ਖਹਿਰਾ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਾਲ, ਪੁਸਤਕਾਂ ਦਾ ਸੈੱਟ ਅਤੇ ਨੂਰਮਹਿਲ ਸਰਾਂ ਦੀ ਤਸਵੀਰ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਨੇ ਮੰਗ ਕੀਤੀ ਕਿ ਰਚਨਾ ਖਹਿਰਾ 'ਤੇ ਮੜ੍ਹਿਆ ਨਿਰ-ਆਧਾਰ ਕੇਸ ਰੱਦ ਕੀਤਾ ਜਾਏ। ਪੱਤਰਕਾਰ ਰਚਨਾ ਖਹਿਰਾ ਨੇ ਸਨਮਾਨ ਹਾਸਲ ਕਰਦਿਆਂ ਕਿਹਾ ਕਿ ਹੱਕ, ਸੱਚ, ਇਨਸਾਫ ਲਈ ਆਪਣੀ ਕਲਮ ਦਾ ਯੋਗਦਾਨ ਪਾਉਣਾ ਹਰ ਪੱਤਰਕਾਰ ਦਾ ਨੈਤਿਕ ਫਰਜ਼ ਹੈ ਅਤੇ ਮੈਂ ਰਿਣੀ ਹਾਂ ਦੇਸ਼ ਭਗਤਾਂ ਦੀ ਜਿਹਨਾਂ ਨੇ ਮੈਨੂੰ ਸ਼ੁੱਭ ਕਰਮਨ ਕਰਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ।



ਜ਼ਿਕਰਯੋਗ ਹੈ ਕਿ ਇਸ ਸਮਾਗਮ 'ਚ ਜਾਣੇ-ਪਹਿਚਾਣੇ ਪੱਤਰਕਾਰ ਦਵਿੰਦਰ ਪਾਲ ਅਤੇ ਹਮੀਰ ਸਿੰਘ ਦਾ ਵੀ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ।

ਅਮੋਲਕ ਸਿੰਘ ਦੁਆਰਾ ਸੰਪਾਦਤ ਪੁਸਤਕ 'ਗੀਤਾਂ ਦੀ ਫੁਲਕਾਰੀ' ਲੋਕ ਅਰਪਣ ਕੀਤੀ ਗਈ ਜਿਸ ਵਿੱਚ ਇਨਕਲਾਬੀ ਵਿਰਾਸਤ ਦੇ ਵੱਖ ਵੱਖ ਪੜਾਵਾਂ ਅਤੇ ਸਮਿਆਂ ਦੇ ਹਾਣੀ ਗੀਤਾਂ ਦਾ ਸੰਗ੍ਰਹਿ ਕੀਤਾ ਗਿਆ।

ਪੁਸਤਕ ਰਿਲੀਜ਼ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਤੋਂ ਇਲਾਵਾ ਨਾਮਵਰ ਕਵੀ ਅਤੇ ਸਾਹਿਤ ਨਿਰੀਖ਼ਕ ਲਖਵਿੰਦਰ ਜੌਹਲ ਵੀ ਮੰਚ 'ਤੇ ਸੁਸ਼ੋਭਤ ਸਨ।

ਪ੍ਰਧਾਨਗੀ ਮੰਡਲ ਦੀ ਤਰਫ਼ੋਂ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸਮੁੱਚੀ ਕਮਿਊਨਿਸਟ ਇਨਕਲਾਬੀ, ਜਮਹੂਰੀ ਲਹਿਰ ਨੂੰ ਕਾਮਰੇਡ ਗੰਧਰਵ ਸੈਨ ਕੋਛੜ ਦੇ ਜੀਵਨ ਤੋਂ ਸਿਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਗੰਧਰਵ ਸੈਨ ਕੋਛੜ, ਜੀਵਨ ਸਫ਼ਰ ਦੇ ਅਨੇਕਾਂ ਮੋੜਾਂ-ਘੋੜਾਂ 'ਚ ਸਹੀ ਮਾਰਗ ਦਾ ਝੰਡਾ ਬੁਲੰਦ ਰੱਖਦੇ ਰਹੇ ਹਨ। ਮੰਚ ਸੰਚਾਲਕ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਸਿਧਾਂਤ ਅਤੇ ਅਮਲ ਦੇ ਸੁਮੇਲ ਦੇ ਜ਼ਿੰਦਾ ਇਤਿਹਾਸ ਦਾ ਨਾਂਅ ਹੈ, ਗੰਧਰਵ ਸੈਨ ਕੋਛੜ। ਉਹਨਾਂ ਕਿਹਾ ਕਿ ਅਗਲੇ ਵਰ੍ਹੇ ਤਿੱਖੀਆਂ ਚੁਣੌਤੀਆਂ ਭਰੇ ਹਨ ਇਹਨਾਂ ਦਾ ਟਾਕਰਾ ਕਰਨ ਲਈ ਮਜ਼ਦੂਰ ਜਮਾਤ ਦੀ ਅਗਵਾਈ 'ਚ ਮਿਸਾਲੀ ਲੋਕ-ਸੰਗਰਾਮ ਅੱਗੇ ਤੋਰਨ ਦੀ ਲੋੜ ਹੈ।

ਸਮਾਗਮ ਦੀ ਵਿਸ਼ੇਸ਼ਤਾ ਇਹ ਦੇਖਣ 'ਚ ਆਈ ਕਿ ਇਸ ਵਿੱਚ ਹੋਰਨਾਂ ਮਿਹਨਤਕਸ਼ ਵਰਗਾਂ ਤੋਂ ਇਲਾਵਾ ਵਿਸ਼ੇਸ਼ ਕਰਕੇ ਦਲਿਤ ਵਰਗ ਦੇ ਜੱਥਿਆਂ ਦੇ ਜੱਥੇ ਨਾਅਰੇ ਮਾਰਦੇ, ਮੁਬਾਰਕਾਂ ਦੇਣ ਅਤੇ ਫੁੱਲਾਂ ਦੇ ਗੁਲਦਸਤੇ ਭੇਂਟ ਕਰਨ ਲਈ ਜੋਸ਼-ਖਰੋਸ਼ ਨਾਲ ਪੁੱਜੇ।

ਇਸ ਮੌਕੇ ਕਮੇਟੀ ਅਹੁਦੇਦਾਰਾਂ ਤੋਂ ਇਲਾਵਾ ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਦੇਵਰਾਜ ਨਯੀਅਰ ਅਤੇ ਬਲਬੀਰ ਕੌਰ ਬੁੰਡਾਲਾ ਸਮੇਤ ਬਹੁਤ ਸਾਰੇ ਬੁੱਧੀਜੀਵੀ ਅਤੇ ਲੋਕ ਜੱਥੇਬੰਦੀਆਂ ਦੇ ਆਗੂ ਸ਼ਾਮਲ ਸਨ।







ਬੀਤੀ 21 ਜਨਵਰੀ ਨੂੰ ਵਾਲਮੀਕ ਮੰਦਰ ਸ਼ਕਤੀ ਨਗਰ ਜਲੰਧਰ ਸ਼ਹਿਰ ਵਿਖੇ ਧਾਰਮਿਕ ਵਾਲਮੀਕ ਸਭਾ ਦੀ ਇਕ ਵਿਸ਼ਾਲ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪਿੰਡ ਟੌਹੜਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਵਿਦਿਆਰਥਣ ਵੀਰਪਾਲ ਕੌਰ ਨਾਲ ਗੰਦੀ ਹਰਕਤ ਕੀਤੀ ਗਈ, ਵਾਲਮੀਕ ਆਸ਼ਰਮ ਰਾਮਤੀਰਥ ਦੇ ਸਬੰਧ ਵਿਚ ਮੀਟਿੰਗ ਦਰਮਿਆਨ ਨਿੰਦਾ ਕੀਤੀ ਗਈ। ਇਸ ਮੀਟਿੰਗ ਵਿਚ ਵਾਲਮੀਕ ਸਭਾ ਦੇ ਮੈਂਬਰ ਓਮ ਪ੍ਰਕਾਸ਼ ਗੱਬਰ, ਰੋਸ਼ਨ ਲਾਲ ਸੱਭਰਵਾਲ, ਅਮ੍ਰਿਤ ਖੋਸਲਾ, ਚੰਦਨ ਗਰੇਵਾਲ, ਸੁਭਾਸ਼ ਸੌਂਧੀ, ਅਸ਼ਵਨੀ ਸਹੋਤਾ, ਬਿੱਟਾਂ, ਅਮਰਿਤ ਸਹੋਤਾ, ਰਣਜੀਤਪੱਡਾ, ਮਦਨ ਘਈ, ਰੁਪਿੰਦਰ ਰੂਬੀ, ਬਲਰਾਮ ਰੰਧਾਵਾ, ਪੰਮਾ ਖੁਸ਼ ਅਤੇ ਹੋਰ ਬਹੁਤ ਸਾਰੇ ਮੈਂਬਰ ਅਤੇ ਅਹੁਦੇਦਾਰ ਸ਼ਾਮਲ ਹੋਏ, ਜਿਹਨਾਂ ਨੇ ਪਿੰਡ ਟੌਹੜਾ ਦੀ ਘਟਨਾ ਦੀ ਨਿੰਦਾ ਕੀਤੀ।



ਸਿੱਖ ਸਮਾਜ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੇਨ ਗੇਟ ਤੇ ਬਾਬਾ ਸਾਹਿਬ ਡਾ. ਅੰਬੇਡਕਰ ਦਾ ਵਿਸ਼ਾਲ ਬੁੱਤ ਲਗਾਇਆ ਹੈ, ਜੋ ਕਿ ਬਹੁਜਨ ਸਮਾਜ ਨੂੰ ਜਗਾਉਣ ਦੀ ਇਕ ਕੋਸ਼ਿਸ਼ ਹੈ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਇਸ ਕਦਮ ਦੀ ਸ਼ਲਾਘਾ ਕਰਦਾ ਹੈ ਅਤੇ ਉਦਮ ਕਰਨ ਵਾਲਿਆਂ ਨੂੰ ਸਲਿਊਟ ਕਰਦਾ ਹੈ।

## ਗਣਤੰਤਰ ਦਿਵਸ 'ਤੇ ਦਿਖੇਗੀ ਪੂਰਬੀ ਮੁਲਕਾਂ ਨਾਲ ਸਾਂਝ ਦੀ ਨੀਤੀ: ਨਿਰਮਲਾ

ਬੀਤੀ 21 ਜਨਵਰੀ ਨੂੰ ਵਾਲਮੀਕ ਮੰਦਰ ਸ਼ਕਤੀ ਨਗਰ ਜਲੰਧਰ ਸ਼ਹਿਰ ਵਿਖੇ ਧਾਰਮਿਕ ਵਾਲਮੀਕ ਸਭਾ ਦੀ ਇਕ ਵਿਸ਼ਾਲ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪਿੰਡ ਟੌਹੜਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਵਿਦਿਆਰਥਣ ਵੀਰਪਾਲ ਕੌਰ ਨਾਲ ਗੰਦੀ ਹਰਕਤ ਕੀਤੀ ਗਈ, ਵਾਲਮੀਕ ਆਸ਼ਰਮ ਰਾਮਤੀਰਥ ਦੇ ਸਬੰਧ ਵਿਚ ਮੀਟਿੰਗ ਦਰਮਿਆਨ ਨਿੰਦਾ ਕੀਤੀ ਗਈ। ਇਸ ਮੀਟਿੰਗ ਵਿਚ ਵਾਲਮੀਕ ਸਭਾ ਦੇ ਮੈਂਬਰ ਓਮ ਪ੍ਰਕਾਸ਼ ਗੱਬਰ, ਰੋਸ਼ਨ ਲਾਲ ਸੱਭਰਵਾਲ, ਅਮ੍ਰਿਤ ਖੋਸਲਾ, ਚੰਦਨ ਗਰੇਵਾਲ, ਸੁਭਾਸ਼ ਸੌਂਧੀ, ਅਸ਼ਵਨੀ ਸਹੋਤਾ, ਬਿੱਟਾਂ, ਅਮਰਿਤ ਸਹੋਤਾ, ਰਣਜੀਤਪੱਡਾ, ਮਦਨ ਘਈ, ਰੁਪਿੰਦਰ ਰੂਬੀ, ਬਲਰਾਮ ਰੰਧਾਵਾ, ਪੰਮਾ ਖੁਸ਼ ਅਤੇ ਹੋਰ ਬਹੁਤ ਸਾਰੇ ਮੈਂਬਰ ਅਤੇ ਅਹੁਦੇਦਾਰ ਸ਼ਾਮਲ ਹੋਏ, ਜਿਹਨਾਂ ਨੇ ਪਿੰਡ ਟੌਹੜਾ ਦੀ ਘਟਨਾ ਦੀ ਨਿੰਦਾ ਕੀਤੀ।

## ਫੁੱਲ ਅਤੇ ਪਿੱਪਲ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਜਦ ਵੀ ਹਾਕਮ ਨੂੰ ਕੁਰਸੀ ਦਾ ਨਸ਼ਾ ਚੜ੍ਹਦੈ
ਔਰੰਗਜ਼ੇਬ ਬਣ ਹੁਕਮ ਚਲਾਂਵਦਾ ਏ।

'ਸਰਬ-ਉਚ ਵੀ ਮੰਨਦੈ ਝੱਟ ਉਸਦੀ
ਬਿਨ-ਪੜ੍ਹਿਆਂ ਹੀ ਫਾਇਲਾਂ 'ਨਿਪਟਾਂਵਦਾ' ਏ।

ਤਕੜਾ ਜਦੋਂ ਵੀ ਮਾੜੇ 'ਤੇ ਰੋਹਬ ਪਾਵੇ
'ਸੱਤੀਂ ਵੀਹੀਂ ਸੌ' ਝੱਟ ਬਣਾਂਵਦਾ ਏ।

ਲੇਲਾ ਖਾਣ ਲਈ ਭੁੱਖਾ ਬਘਿਆੜ ਖੂਨੀ
ਪੁੱਠੇ ਪਾਸੇ ਵੱਲ ਪਾਣੀ ਵਗਾਂਵਦਾ ਏ।

ਭ੍ਰਿਸ਼ਟਾਚਾਰ ਦੇ 'ਬਾਗ' ਵਿਚ ਦੇਖ ਲੋ ਜੀ
ਬੂਟਾ ਸੱਚ ਦਾ ਕਿਵੇਂ ਮੁਰਝਾਂਵਦਾ ਏ।

ਪਿੱਪਲ ਹਿੱਕ 'ਤੇ ਉੱਗਿਆ 'ਆਪ' ਦਾ ਜੋ
'ਭਗਵੇਂ ਫੁੱਲ' ਨੂੰ ਮੂਲੋਂ ਨਾ ਭਾਂਵਦਾ ਏ!


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

## ਗਣਤੰਤਰ ਦਿਵਸ 26 ਜਨਵਰੀ

# ਭਾਰਤ ਦਾ "ਮਨੁੱਖੀ ਸਮਾਨਤਾ ਦਿਵਸ"



ਹਰਦੀਪ ਸਿੰਘ ਚੁੰਬਰ
+91-94636-01616

ਬਾਬਾ ਸਾਹਿਬ ਨੇ ਭਾਰਤ ਦੇ 562 ਪ੍ਰਿੰਸਲੀ ਸਟੇਟਾਂ, ਸਾਰੇ ਧਰਮਾਂ, ਕੌਮਾਂ ਅਤੇ ਜਾਤੀਆਂ ਨੂੰ ਇਕ ਸਾਸ਼ਤਰ ਵਿਚ ਬੰਨਿਆ, ਉਹ ਸਾਸ਼ਤਰ ਹੈ ਭਾਰਤੀ 'ਸੰਵਿਧਾਨ'। ਭਾਰਤ ਨੂੰ ਪੂਰਨ ਸਤਾਹ ਸੰਪਨਰਾਸ਼ਟਰ ਬਨਾਣ ਦੇ ਲਈ ਵੱਡਾ ਸਲਾਘਾ ਯੋਗ ਯੋਗਦਾਨ ਪਾਇਆ ।ਛੋਟੀ, ਵੱਡੀ ਗਿਣਤੀ ਵਿਚ ਦੁਨੀਆਂ ਦਾ ਹਰ ਧਰਮਭਾਰਤ ਵਿਚ ਪਾਇਆ ਜਾਂਦਾ ਹੈ। ਉਹਨਾਂ ਸਾਰੇ ਧਰਮਾਂ ਨੂੰ ਪੂਰਨ ਅਜਾਦੀ ਅਤੇ ਇਕ ਸਿਸਟਿਮ ਵਿਚ ਬੰਨਣ ਦਾ ਕੰਮ ਕੀਤਾ । ਇਸ ਸਭ ਤੋਂ ਵੱਡੀ ਚਣੌਤੀ ਦੇ ਕੰਮ ਨੂੰ ਬੜੇ ਸ਼ਾਨਦਾਰ ਤਰੀਕੇ ਨਾਲ ਸਵਿੱਧਾਨ ਵਿਚ ਬਰਾਬਰ ਸਨਮਾਨ ਦਿਤਾ । ਭਾਰਤੀ ਦੇ ਧਨ ਸੰਪਨ ਉੱਚ ਵਰਗ ਤੋਂ ਬਾਹਰ ਸਮਾਜ 6743 ਜਾਤੀਆਂ ਵਿੱਚ ਅੱਜ ਵੀ ਵੰਡਿਆ ਹੋਇਆ ਹੈ। ਜਾਤੀਵਾਦੀ ਸਮਾਜ ਨੂੰ ਸਵਿੱਧਾਨਕ ਤੌਰ ਤੇ ਇਕ ਕਰ ਜਰਨਲ, ਐਸਸੀ, ਐਸਟੀ ਅਤੇ ਓਬੀਸੀ ਚਾਰ ਵਰਗ ਬਣਾ ਸਮਾਜ਼ ਨੂੰ ਬਦਲਣ ਦੀ ਬਾਖੂਬੀ ਕੋਸ਼ਿਸ ਕੀਤੀ । ਜਿਸ ਦੀ ਬਦੌਲਤ ਸਮਾਜ ਜਾਤੀ ਬੰਧਨ ਪਾਰ ਕਰ ਆਪਸੀ ਰਿਸ਼ਤੇ ਨਾਤੇ ਕਰ ਆਗੇ ਵਧ ਰਿਹਾ ਹੈ। ਆਉਣ ਵਾਲੇ ਸਮੇ ਵਿਚ ਬਹੁਤ ਬਰਲਾਉ ਦੇਖਣ ਨੂੰ ਮਿਲ ਸਕਦਾ ਹੈ।ਸਵਿੱਧਾਨ ਨੇ ਸਭ ਨੂੰ ਅਬਾਦੀ ਅਨੂਸਾਰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਜਾਦੀ ਦੀ ਪ੍ਰੋੜਤਾ ਕੀਤੀ ਹੈ।

ਜਿਸ ਦੀ ਪ੍ਰਸਤਾਵਨਾ ਹੈ ਕਿ "ਅਸੀਂ, ਭਾਰਤ ਦੇ ਲੋਕ, ਇਕ ਸੁਤੰਤਰ ਸਮਾਜਿਕ ਗਣਤੰਤਰਿਕ ਗਣਰਾਜ ਵਿਚ ਭਾਰਤ ਦਾ ਗਠਨ ਕਰਨ ਅਤੇ ਆਪਣੇ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ ਕਰਨ ਦਾ ਸੰਕਲਪ ਕੀਤਾ ਹੈ:ਨਿਆਂ, ਸਮਾਜਿਕ, ਆਰਥਿਕ ਅਤੇ ਸਿਆਸੀ। ਸਮਤਾ; ਵਿਚਾਰ ਪ੍ਰਗਟਾਵੇ ਦੀ, ਯਾਕੀਨ, ਵਿਸ਼ਵਾਸ ਅਤੇ ਪੂਜਾ ਦੀ । ਸਮਾਨਤਾ; ਸਥਿਤੀ ਅਤੇ ਅਵਸਰ ਦੀ; ਅਤੇ ਉਹਨਾਂ ਵਿੱਚ ਸਭ ਨੂੰ ਉਤਸ਼ਾਹਿਤ ਕਰਨ ਲਈ।

ਭਾਈਚਾਰਾ; ਵਿਅਕਤੀਗਤ ਗਰੀਮਾ ਅਤੇ ਰਾਸ਼ਟਰ ਏਕਤਾ ਅਤੇ ਅਖੰਡਤਾ ਨੂੰ ਭਰੋਸਾ ਦਿਵਾਉਂਦਾ ਹੈ।

ਇਸ ਮਹਾਨ ਕੰਮ ਲਈ ਸਾਰੇ ਭਾਰਤੀਆਂ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਧੰਨਵਾਦੀ ਹੋਣਾ ਬਣਦਾ ਹੈ।



ਭਾਰਤ ਵਿਚ, ਬਹੁਤ ਸਾਰੇ ਸੰਤ ਅਤੇਮਹਾਨ ਲੋਕ ਆਏ, ਉਹਨਾਂ ਭਾਰਤੀ ਮੂਲ ਦੇ ਨਿਵਾਸੀਆਂ ਅਤੇ ਭਾਰਤੀ ਔਰਤ ਦੇ ਜੀਵਨ ਨੂੰ ਉੱਚਾ ਚੁੱਕਣ ਦੇ ਸਿਰ ਤੋੜ ਜਤਨ ਕੀਤੇ, ਕੁੱਝ ਹੱਦ ਤਕਸਫਲ ਵੀ ਹੋਏ । ਗਰੀਬ, ਲਤਾੜੇ ਭਾਰਤੀ ਮੂਲ ਨਿਵਾਸੀ ਸਮਾਜ ਦੇ ਲੋਕਾਂ ਲਈ ਪ੍ਰਵੱਚਨਾਂ ਦੇ ਨਾਲ ਪਹੁੰਚ ਅਨੁਸਾਰ ਉਹਨਾਂ ਦੇ ਹਾਲਾਤ ਬਦਲਣ ਦੀ ਕੋਸ਼ਿਸ ਕੀਤੀ। ਭਾਰਤੀ ਮੂਲ ਦੇ ਲੋਕ ਅਛੂਤ ਬਣਾਏ, ਹਜ਼ਾਰਾਂ ਸਾਲਾਂ ਤੋਂ ਬਹੁਤ ਹੀ ਮਾੜੀਆਂ ਹਾਲਤਾਂ ਵਿਚ ਰਿਹੇ। ਉਹਨਾਂ ਕੋਲ ਜੋ ਸਿੱਖਿਆ, ਸਮਾਜਿਕ ਸਥਾਨਾਂ, ਮੰਦਰਾਂ, ਰੁਜ਼ਗਾਰ, ਨਿਆਏ ਖੋਹ ਅਬਾਦੀ ਤੋਂ ਦੂਰ ਰਖ, ਹਰ ਪਧਰ ਇਤੇ ਨਾਂ ਇਨਸਾਫੀ ਕੀਤੀ ਗਈ ਸੀ।

ਵੱਡਾ ਸਮਾਜੀਕ ਬਦਲਾਓ 20ਵੀਂ ਸਦੀ ਦੇ ਮੱਧ ਵਿਚ ਆਇਆ ਜਦੋਂ ਭਾਰਤ ਮੂਲਨਿਵਾਸੀਆਂ ਵਿਚੋਂ ਇਕ ਮਹਾਨ ਵਿਅਕਤਿਤਵ ਉਭਰ ਕੇ ਸਾਹਮਣੇ ਆਇਆ। ਉਸ ਮਹਾਨ ਸ਼ਕਸੀਆਤ ਦਾ ਨਾਂ ਹੈ, ਡਾ. ਭੀਮ ਰਾਓ ਅੰਬੇਡਕਰ। ਭਾਰਤ ਦੇ ਮਹਾਨ ਪੁੱਤਰ ਡਾ. ਭੀਮ ਰਾਓ ਅੰਬੇਡਕਰ, ਜਿਸਨੇ ਭਾਰਤੀ ਮੂਲ ਦੇ ਨਿਵਾਸੀਆਂ ਨੂੰ ਅਤੇ ਭਾਰਤ ਦੀਆਂ ਔਰਤਾਂ ਨੂੰ ਸੰਵਿਧਾਨਕ ਤੌਰ ਤੇ ਮਨੁੱਖਤਾ ਦਾ ਦਰਜਾ ਦਿੱਤਾ । ਉਸ ਨੇ ਭਾਰਤੀ ਸਮਾਜ ਨੂੰ ਇੱਕ ਪਵਿੱਤਰ ਧਾਗੇ ਨਾਲ ਪਰੋਇਆ, ਜਿਸ ਨੂੰ ਭਾਰਤ ਦੇ ਸੰਵਿਧਾਨ ਵਜੋਂ ਜਾਣਿਆ ਜਾਂਦਾ ਹੈ । ਭਾਰਤ ਦਾ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ, ਉਸਨੇ ਭਾਰਤ ਦੇ ਸੰਵਿਧਾਨ ਦੇ ਜ਼ਰੀਏ ਭਾਰਤੀ ਸਮਾਜ ਨੂੰ ਸਮਰੂਪ ਅਤੇ ਬਰਾਬਰ ਬਣਾਇਆ।

ਕੁੱਝ ਲੋਕ ਪੁਰਾਣੇ ਸਮਾਜਕ ਅਸਮਾਨਤਾ ਪ੍ਰਣਾਲੀ ਤੋਂ ਲਾਭ ਪ੍ਰਾਪਤ ਕਰਤਾ ਸਨ। ਬਦਕਿਸਮਤੀ ਨਾਲ, ਉਨ੍ਹਾਂ ਨੇ ਇਸ ਸੰਵਿਧਾਨ ਨੂੰ ਪੂਰੇ ਦਿਲ ਨਾਲ ਸਵੀਕਾਰ ਨਹੀਂ ਕੀਤਾ। ਉਹ ਵਾਧੂ ਲਾਭ ਛੱਡਣਾ ਨਹੀਂ ਚਾਹ ਸਕਦੇ ਸਨ, ਜੋ ਉਹ ਹਜ਼ਾਰ ਸਾਲਾਂ ਤੋਂ ਅਣ-ਬਰਾਬਰੀ ਦੇ ਕਾਰਨ ਪ੍ਰਾਪਤ ਕਰ ਰਹੇ ਸਨ। ਉਹ ਅਜੇ ਵੀ ਗੁੱਸੇ ਵਿਚ ਹਨ ਅਤੇ ਹਮੇਸ਼ਾ ਅੰਦਰੂਨੀ, ਕਦੀ ਖੁੱਲੇ ਤੌਰ ਤੇ ਇਸ ਸਮਾਜਿਕ ਬਰਾਬਰੀ ਦਾ ਵਿਰੋਧ ਕਰਦੇ ਹਨ। ਉਹ ਪੁਰਾਣੀ ਸਮਾਜਿਕ ਪ੍ਰਣਾਲੀ ਵਿਚ ਵਾਪਸ ਪਰਤਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਹਿੰਦੂ ਮਿਥਿਹਾਸ ਅਨੁਸਾਰ ਹੈ। ਰੋਜ਼ਾਨਾ ਬਲਾਤਕਾਰ, ਕਤਲ, ਗਰੀਬਾਂ ਦੇ ਘਰਾਂ ਨੂੰ ਸੜ ਰਿਹਾਹਰ ਭਾਰਤੀਵੇਖ ਰਿਹਾ ਹੈ। ਉਨ੍ਹਾਂ ਵਿਚੋਂ ਜ਼ਿਆਦਾਤਰ ਇਸ ਕਾਰਨ ਕਰਕੇ ਹਨ ਕਿ ਸਮਾਜਿਕ ਸਮਾਨਤਾ ਉਨ੍ਹਾਂ ਕੁੱਝ ਲੋਕਾਂ ਲਈ ਅਸਹਿਣਸ਼ੀਲ ਹੈ।

ਇਹ ਤਰਕਹੀਣ ਮਾਨਸਿਕਤਾ ਕਾਰਨ ਹੈ, ਇਸ ਨੂੰ ਭਾਰਤ ਦੀ ਤਰੱਕੀ ਲਈ ਤੁਰੰਤ ਰੋਕਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਵਿਕਾਸ ਲਈ ਇਕ ਵੱਡੀ ਰੁਕਾਵਟ ਹੈ। ਹਰ ਭਾਰਤੀ ਨੂੰ 26 ਜਨਵਰੀ 2018 ਨੂੰ ਗਣਤੰਤਰ ਦਿਵਸ਼ ਜੋ ਭਾਰਤੀ ਦੀ "ਮਨੁੱਖੀ ਸਮਾਨਤਾ ਦਿਵਸ" ਹੈ ਦੀ ਦੀਵਾਲੀ ਮਨਾਉਦੇ ਹੋਏ, ਭਾਰਤ ਨੂੰ ਮਹਾਨ ਰਾਸ਼ਟਰ ਬਨਾਣ ਲਈ ਹਰ ਸਾਭਏ ਕੋਸ਼ਿਸ ਕਰਨ ਦਾ ਸੰਕਲਪ ਕਰਨਾ ਚਾਹੀਦਾ ਹੈ।

# ਡਾ: ਅੰਬੇਡਕਰ ਦੀਆਂ ਇਤਰਾਜਯੋਗ ਪੋਸਟਾਂ ਵਾਲਿਆਂ ਤੇ ਪਰਚਾ ਕਰਵਾਉਣ ਲਈ ਵਕੀਲਾਂ ਦਾ ਵਫਦ ਪੁਲਿਸ ਕਮਿਸ਼ਨਰ ਨੂੰ ਮਿਲਿਆ

**ਲੁਧਿਆਣਾ–** ਸੋਸ਼ਲ ਮੀਡੀਆ ਦੀਆਂ ਸਾਈਟਾਂ ਫੇਸਬੁੱਕ ਅਤੇ ਹੋਰਾਂ 'ਤੇ ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਬਾਰੇ ਅਪੱਤੀਜਨਕ ਪੋਸਟਾਂ ਬਣਾ ਕੇ ਪਾਉਣ ਅਤੇ ਬਹੁਤ ਹੀ ਗੰਦੀ ਭਾਸ਼ਾ ਦਾ ਪ੍ਰਯੋਗ ਕਰਕੇ ਟਿੱਪਣੀਆਂ ਕਰਨ ਵਾਲਿਆਂ ਤੇ ਤੁਰੰਤ ਪਰਚਾ ਦਰਜ ਕਰਕੇ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਵਕੀਲਾਂ ਦਾ ਵਫਦ ਪੁਲਿਸ ਕਮਿਸ਼ਨਰ ਰਾਜਿੰਦਰ ਨਾਥ ਢੋਕੇ ਨੂੰ ਮਿਲਿਆ। ਵਕੀਲਾਂ ਨੇ ਪੁਲਿਸ ਕਮਿਸ਼ਨਰ ਨੂੰ ਦੱਸਿਆ ਕਿ ਸੋਸ਼ਲ ਸਾਈਟ ਫੇਸਬੁੱਕ ਪੰਜਾਬ ਬੋਲਦਾ, punjab singh, ਅਜਾਦ ਸੋਚ, jaga singh, vijay kumar, jatt Punjabi, baj singh ਉੱਤੇ ਕੁਝ ਅਸ਼ਾਂਤੀ ਪਸੰਦ ਲੋਕਾਂ ਵੱਲੋਂ ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਬਾਰੇ ਅਪੱਤੀਜਨਕ ਪੋਸਟਾਂ ਬਣਾ ਕੇ ਪਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਤੇ ਬਹੁਤ ਹੀ ਗੰਦੀ ਭਾਸ਼ਾ ਦਾ ਪ੍ਰਯੋਗ ਕਰਕੇ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਕਰੋੜਾਂ ਲੋਕਾਂ ਦੇ ਮਨਾ ਨੂੰ ਠੇਸ ਪਹੁੰਚ ਰਹੀ ਹੈ।



ਇਹਨਾਂ ਦੁਆਰਾ ਏਹ ਕੁਕਰਮ ਹੁਣ ਵੀ ਜਾਰੀ ਹੈ ਜਿਸ ਨਾਲ ਮਾਹੌਲ ਖਰਾਬ ਹੋ ਸਕਦਾ ਹੈ।

ਅਜਿਹੇ ਅਕਾਊਟਾਂ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਅਤੇ ਅਜਿਹਾ ਮਾੜਾ ਕੰਮ ਕਰਨ ਵਾਲੇ ਸਮਾਜ ਵਿਰੋਧੀ ਅਨਸ਼ਰਾਂ ਤੇ ਤੁੰਰਤ ਪਰਚਾ ਦਰਜ ਕਰਕੇ ਇਹਨਾਂ ਦੀ ਭਾਲ ਕਰਕੇ ਗ੍ਰਿਫਤਾਰ ਕੀਤਾ ਜਾਵੇ। ਪੁਲਿਸ ਕਮਿਸ਼ਨਰ ਨੇ ਉਹਨਾਂ ਨੂੰ ਜਲਦ ਤੋਂ ਜਲਦ ਪਰਚਾ ਦਰਜ ਕਰਨ ਦਾ ਭਰੋਸਾ ਦਿੰਦਿਆਂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਏ ਡੀ ਪੀ ਸੀ 4 ਨੂੰ ਜਾਂਚ ਕਰਨ ਲਈ ਭੇਜ ਦਿੱਤਾ।

ਵਕੀਲਾਂ ਨੇ ਕਿਹਾ ਕਿ ਉਹ ਕਾਨੂੰਨ ਤੇ ਵਿਸ਼ਵਾਸ ਰੱਖਣ ਵਾਲੇ ਸ਼ਾਂਤੀ ਪਸੰਦ ਲੋਕ ਹਨ ਅਤੇ ਸਾਨੂੰ ਉਮੀਦ ਹੈ ਕਿ ਸਾਡੀ ਸਿਕਾਇਤ ਫੌਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਅਦਾਲਤ ਦਾ ਰੁੱਖ ਅਖਤਿਆਰ ਕੀਤਾ ਜਾਵੇ।

ਅਜਿਹੇ ਕਿਸੇ ਵੀ ਸਮਾਜ ਵਿਰੋਧੀ ਅਨਸ਼ਰ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀ ਜਾਵੇਗਾ। ਇਸ ਮੌਕੇ ਹਰਪ੍ਰੀਤ ਸਿੰਘ ਜਮਾਲਪੁਰ, ਆਰ ਐਲ ਸੁਮਨ, ਇੰਦਰਜੀਤ ਸਿੰਘ, ਕੁਲਵੰਤ ਸਿੰਘ ਗੁਰੂ, ਭਾਗ ਸਿੰਘ, ਨਰਿੰਦਰ ਆਦੀਆ, ਪੀ ਐਸ ਕੈਂਥ, ਸੁਭਾਸ਼ ਲਾਲ, ਕੁਲਵਿੰਦਰ ਸਿੰਘ, ਗੁਰਨਾਮ ਸਿੰਘ ਮਹਿਮੀ, ਕੁਲਵਿੰਦਰ ਬੰਗਾ, ਰਾਹੁਲ ਪਾਹੁਲ, ਰਮਨ ਕੁਮਾਰ, ਗੁਰਵਿੰਦਰ ਸਿੰਘ, ਹੇਮਪਾਲ ਸਿੰਘ ਨੰਦਪੁਰ, ਹਰਬੰਸ ਸਿੰਘ ਗਿੱਲ (ਸਾਰੇ ਵਕੀਲ) ਤੋਂ ਇਲਾਵਾ ਕਥਾ ਵਾਚਕ ਹਰਪ੍ਰੀਤ ਸਿੰਘ ਮੱਖੂ, ਸੁਖਜੀਤ ਸਿੰਘ ਖੋਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਅਤੇ ਗੁਰਮੇਲ ਸਿੰਘ ਸੰਧੂ ਬੀ ਐਮ ਪੀ ਅਤੇ ਵੱਖ ਵੱਖ ਮੂਲਨਿਵਾਸੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਸੰਗਠਨਾਂ ਦੇ ਹੋਰ ਨੁੰਮਾਇਦੇ ਵੀ ਹਾਜਰ ਸਨ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਫਿਰ ਮਿਲਿਆ ਮੌਕਾ

**ਲੁਧਿਆਣਾ–** ਪੰਜਾਬ ਸਰਕਾਰ ਦੇ ਭਲਾਈ ਵਿਭਾਗ ਵੱਲੋਂ ਲਾਗੂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਯੋਗ ਵਿਦਿਆਰਥੀ ਸਾਲ 2017-18 ਦੌਰਾਨ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ 'ਤੇ ਆਨ ਲਾਈਨ ਵਜ਼ੀਫਾ ਅਪਲਾਈ ਕਰਨ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਅਗਰਵਾਲ ਨੇ ਕੀਤਾ। ਉਹਨਾਂ ਕਿਹਾ ਕਿ ਨਵੀਂ ਜਾਰੀ ਕੀਤੀ ਸਾਰਨੀ ਦੌਰਾਨ ਹਰ ਪੱਧਰ 'ਤੇ ਵਿਦਿਆਰਥੀ, ਵਿਦਿਅਕ ਸੰਸਥਾ, ਸੈਕਸ਼ਨਿੰਗ ਅਥਾਰਟੀ ਅਤੇ ਲਾਈਨ ਵਿਭਾਗ ਦੀਆਂ ਸੇਵਾਵਾਂ ਪੋਰਟਲ 'ਤੇ ਖੁੱਲ੍ਹੀਆਂ ਰਹਿਣਗੀਆਂ। ਉਹਨਾਂ ਦੱਸਿਆ ਕਿ ਪਹਿਲਾਂ ਮੌਕਾ ਖੁੰਝਾ ਗਏ ਯੋਗ ਵਿਦਿਆਰਥੀ 22 ਤੋਂ 25 ਜਨਵਰੀ ਤੱਕ ਵਜ਼ੀਫਾ ਸਕੀਮ ਅਧੀਨ ਆਨਲਾਈਨ ਪੋਰਟਲ 'ਤੇ ਅਪਲਾਇ. ਕਰ ਸਕਦੇ ਹਨ।

ਉਹਨਾਂ ਦੱਸਿਆ ਕਿ ਇਹ ਮੌਕਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ ਪੰਜਾਬ ਵੱਲੋਂਲਾਗੂ ਕੀਤੀਆਂ ਜਾਂਦੀਆਂ ਕੇਂਦਰੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਐਸ. ਸੀ. ਅਤੇ ਓ. ਬੀ. ਸੀ. ਸਕੀਮਾਂ ਤਹਿਤ ਦਿੱਤਾ ਗਿਆ ਹੈ। ਉਹਨਾਂ ਇਹ ਵੀ ਦੱਸਿਆ ਕਿ ਸਬੰਧਤ ਵਿਦਿਆਰਥੀ ਵੱਲੋਂ ਮਿਤੀ 15 ਜਨਵਰੀ ਤੱਕ ਦੀ ਆਪਣੀ ਹਾਜ਼ਰੀ ਦੀ ਸਕੈਨਡ ਕਾਪੀ ਜਿਸ ਸੰਸਥਾ ਵਿਚ ਉਹ ਪੜ੍ਹਾਈ ਕਰ ਰਿਹਾ ਹੈ, ਉਸ ਦੇ ਮੁਖੀ ਤੋਂ ਤਸਦੀਕ ਕਰਵਾ ਕੇ ਅਪਲੋਡ ਕਰਵਾਉਣੀ ਜ਼ਰੂਰੀ ਹੋਵੇਗੀ।

# ਪਿੰਡ ਘੁੜਿਆਲ ਵਲੋਂ ਕੱਢੀ ਪਹਿਲੀ ਪ੍ਰਭਾਤ ਫੇਰੀ

## ਸੰਗਤਾਂ ਨੇ ਗੁਰੂ ਰਵਿਦਾਸ ਜੀ ਦਾ ਕੀਤਾ ਗੁਣਗਾਨ



ਜਗਤ ਗੁਰੂ ਰਵਿਦਾਸ ਜੀ ਦੇ 641ਵੇਂ ਪ੍ਰਕਾਸ਼ ਪੁਰਬ ਦੇ ਆਗਮਣ ਦੀ ਖੁਸ਼ੀ ਵਿੱਚ ਪਿੰਡ ਘੁੜਿਆਲ ਦੇ ਗੁਰੂ ਰਵਿਦਾਸ ਗੁਰੂਦੁਆਰਾ ਸਾਹਿਬ ਤੋਂ ਪ੍ਰਧਾਨ ਸ਼੍ਰੀ ਮੋਹਣ ਸਿੰਘ, ਗੁਰਚਰਨ ਸਿੰਘ ਜਖਮੀ ਅਤੇ ਪਿੰਡ ਦੀ ਸੰਗਤ ਦੇ ਸਹਿਯੋਗ ਨਾਲ ਅੱਜ ਪਹਿਲੀ ਪ੍ਰਭਾਤ ਫੇਰੀ ਕੱਢੀ ਗਈ । ਸੰਗਤਾਂ ਨੇ ਗੁਰੂ ਰਵਿਦਾਸ ਜੀ ਦੇ ਜੈ ਕਾਰਿਆਂ ਨਾਲ ਪ੍ਰਭਾਤ ਫੇਰੀ ਦਾ ਆਰੰਭ ਕੀਤਾ। ਪਿੰਡ ਦੇ ਕਈ ਘਰਾਂ ਨੇ ਪ੍ਰਭਾਤ ਫੇਰੀ ਨੂੰ ਆਪਣੇ ਗ੍ਰਹਿ ਪ੍ਰਵੇਸ਼ ਕਰਵਾਇਆ ਅਤੇ ਸੰਗਤ ਦੇ ਛਕਣ ਲਈ ਚਾਹ ਦੇ ਲੰਗਰ ਲਗਾਏ। ਪ੍ਰਭਾਤ ਫੇਰੀ ਵਿੱਚ ਜਨਰਲ ਸਕੱਤਰ ,ਬਸਪਾ ਆਦਮਪੁਰ,ਕੁਲਵੀਰ ਸਿੰਘ ਘੁੜਿਆਲ ਨੇ ਹਾਜਰੀ ਭਰ ਕੇ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

ਇਸ ਮੌਕੇ ਅਵਤਾਰ ਸਿੰਘ, ਗਗਨਦੀਪ, ਵੀਰੂ, ਬਲਜਿੰਦਰ ਪਾਲ ਅਤੇ ਵੱਡੀ ਗਿਣਤੀ ਵਿੱਚ ਬੱਚੇ, ਬੀਬੀਆਂ ਅਤੇ ਬਜੁਰਗ ਹਾਜਰ ਸਨ।

# ਅਮਰੀਕੀ ਸਰਕਾਰ ਦਾ ਸ਼ੱਟ ਡਾਊਨ ਹੋਇਆ ਖਤਮ

(ਸਫਾ 1 ਦੀ ਬਾਕੀ)

ਖੁਸ਼ੀ ਹੈ ਕਿ ਕਾਂਗਰਸ ਵਿੱਚ ਸ਼ਾਮਲ ਡੈਮੋਕਰੈਟਿਕ ਪਾਰਟੀ ਦੇ ਮੈਂਬਰਾਂ ਨੂੰ ਸੱਦਬੁੱਧੀ ਆਈ ਹੈ ਤੇ ਉਹ ਮਹਾਨ ਫ਼ੌਜੀ, ਸਰਹੱਦ 'ਤੇ ਗਸ਼ਤ ਕਰਦੇ ਫ਼ੌਜੀਆਂ ਦੀਆਂ ਤਨਖਾਹਾਂ ਤੇ ਕਮਜ਼ੋਰ ਬੱਚਿਆਂ ਦੀ ਇੰਸ਼ੋਰੈਂਸ ਲਈ ਫੰਡ ਦੇਣ ਲਈ ਤਿਆਰ ਹਨ।'

ਟਰੰਪ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਸਰਕਾਰ ਗੈਰਕਾਨੂੰਨੀ ਆਵਾਸ ਦੀ ਸਮੱਸਿਆ ਸੁਲਝਾਉਣ ਲਈ ਕੰਮ ਕਰੇਗੀ ਅਤੇ ਜੇਕਰ ਮੁਲਕ ਲਈ ਚੰਗਾ ਹੋਇਆ ਤਾਂ ਉਹ ਆਵਾਸ ਨੂੰ ਲੈ ਕੇ ਲੰਮੇ ਸਮੇਂ ਦਾ ਸਮਝੌਤਾ ਕਰਨਗੇ। ਕਾਬਿਲੇਗੌਰ ਹੈ ਕਿ ਖਰਚਾ ਬਿੱਲ ਪਾਸ ਹੋਣ ਨਾਲ ਹਜ਼ਾਰਾ ਸੰਘੀ ਮੁਲਾਜ਼ਮਾਂ ਨੇ ਵੀ ਸੁੱਖ ਦਾ ਸਾਹ ਲਿਆ ਹੈ। ਇਨ੍ਹਾਂ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰੀ ਖ਼ਜ਼ਾਨੇ ਦੀ ਤਾਲਾਬੰਦੀ ਕਰਕੇ ਘਰਾਂ 'ਚ ਬੈਠਣ ਲਈ ਮਜਬੂਰ ਹੋਣਾ ਪਿਆ ਸੀ। ਸਾਲ 1990 ਤੋਂ ਬਾਅਦ ਇਹ ਚੌਥੀ ਵਾਰ ਹੈ ਜਦੋਂ ਖਰਚਾ ਬਿੱਲ ਖਾਰਜ ਹੋਣ ਕਰਕੇ ਅਮਰੀਕੀ ਸਰਕਾਰ ਦਾ ਕੰਮਕਾਜ ਅਧਿਕਾਰਤ ਤੌਰ 'ਤੇ ਠੱਪ ਹੋਇਆ ਹੈ।

# ਚਰਨਜੀਤ ਸਿੰਘ ਚੱਢਾ ਚੀਫ਼ ਖਾਲਸਾ ਦੀਵਾਨ ਤੋਂ ਬਾਹਰ ਕੀਤੇ

(ਸਫਾ 1 ਦੀ ਬਾਕੀ)

ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਸਨ। ਇਕੱਤਰਤਾ ਦੌਰਾਨ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਚਰਨਜੀਤ ਸਿੰਘ ਚੱਢਾ ਨੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦਿੱਤਾ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਚੱਢਾ ਦਾ ਅਸਤੀਫ਼ਾ ਦੀਵਾਨ ਦੇ ਆਨਰੇਰੀ ਸਕੱਤਰ ਨੂੰ ਭੇਜਿਆ ਹੈ ਅਤੇ ਉਸ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰਨ ਦੀ ਵੀ ਹਦਾਇਤ ਕੀਤੀ ਹੈ। ਦੀਵਾਨ ਦੇ ਸਮੂਹ ਅਹੁਦਿਆਂ 'ਤੇ ਕੰਮ ਕਰਨ 'ਤੇ ਲਾਈ ਗਈ ਰੋਕ ਸ੍ਰੀ ਅਕਾਲ ਤਖ਼ਤ ਨੇ ਦੋ ਸਾਲਾਂ ਵਾਸਤੇ ਵਧਾ ਦਿੱਤੀ ਹੈ। ਇਸ ਦੌਰਾਨ ਸਮਾਗਮਾਂ ਵਿੱਚ ਚੱਢਾ ਦੇ ਸੰਬੋਧਨ ਕਰਨ 'ਤੇ ਵੀ ਰੋਕ ਲਾਈ ਹੈ।

# ਭੀਮਾ ਕੋਰੇਗਾਂਵ ਹਿੰਸਾ ਵਿਰੁੱਧ ਮੰਗ ਪੱਤਰ ਦਿੱਤਾ



**ਫ਼ਰੀਦਕੋਟ (ਕੁਲਵੰਤ ਸਿੰਘ ਟਿੱਬਾ)–** ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਪੰਜਾਬ ਵੱਲੋਂ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਇੱਕ ਮੰਗ ਡਿਪਟੀ ਕਮਿਸ਼ਨਰ ਫ਼ਰੀਦਕੋਟ ਨੂੰ ਭੇਟ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਿਪਬਲਿਕ ਪਾਰਟੀ ਆਫ਼ ਇੰਡੀਆ (ਆਰ ਪੀ ਆਈ) ਦੇ ਸੂਬਾਈ ਜਨਰਲ ਸਕੱਤਰ ਭੋਲਾ ਸਿੰਘ ਭੱਟੀ ਨੇ ਦੱਸਿਆ ਕਿ ਨਵੇਂ ਵਰ੍ਹੇ ਮੌਕੇ ਮਹਾਰਾਸ਼ਟਰ ਦੇ ਪੂਨਾ ਅਧੀਨ ਪੈਂਦੇ ਕਸਬਾ ਕੋਰੇਗਾਂਵ ਵਿਖੇ ਫਤਿਹ ਦਿਵਸ ਮੌਕੇ ਕੋਰੇਗਾਵ ਦੀ ਲੜਾਈ ਦੇ ਸਹੀਦ ਸੈਨਿਕਾਂ ਨੂੰ ਯਾਦ ਕਰਨ ਲਈ ਇਕੱਠੇ ਹੋਏ ਲੋਕਾਂ ਤੇ ਜਾਨਲੇਵਾ ਹਮਲਾ ਕੀਤਾ ਗਿਆ ਹੈ, ਜੋ ਇੱਕ ਨਿੰਦਣਯੋਗ ਕਾਰਵਾਈ ਹੈ। ਫੈਡਰੇਸ਼ਨ ਵੱਲੋਂ ਭੀਮਾ ਕੋਰੇਗਾਂਵ ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜਾ ਦੇਣ ਦੀ ਮੰਗ ਕਰਦਿਆਂ ਰਾਸ਼ਟਰਪਤੀ ਦੇ ਨਾਂ ਭੇਜੇ ਮੰਗ ਪੱਤਰ ਵਿੱਚ ਅਪੀਲ ਕੀਤੀ ਗਈ ਹੈ ਕਿ ਦੇਸ ਵਿੱਚ ਵੱਧ ਰਹੀਆਂ ਫ਼ਿਰਕੂ ਗਤੀਵਿਧੀਆਂ ਰੋਕਣ ਲਈ ਠੋਸ ਕਦਮ ਚੁੱਕੇ ਜਾਣ। ਇਸ ਮੌਕੇ ਇਕਬਾਲ ਘਾਰ ਸੀਨੀਅਰ ਮੀਤ ਪ੍ਰਧਾਨ, ਸੁਰਜੀਤ ਸਿੰਘ ਜਨਰਲ ਸਕੱਤਰ ਫ਼ਰੀਦਕੋਟ, ਸੁਖਬੀਰ ਸਿੰਘ ਬੱਬਲ ਜ਼ਿਲ੍ਹਾ ਪ੍ਰਧਾਨ, ਕ੍ਰਿਸਨ ਲਾਲ ਜ਼ਿਲ੍ਹਾ ਕਮੇਟੀ ਮੈਂਬਰ ਆਦਿ ਆਗੂ ਹਾਜ਼ਰ ਸਨ।

# ਪਿੰਡ ਟੌਹੜਾ ਵਿਖੇ ਜਾਤੀ ਆਧਾਰਿਤ ਇੱਕ ਹੋਰ ਮਾਮਲਾ

**ਭਾਦਸੋਂ (ਕੁਲਵੰਤ ਸਿੰਘ ਟਿੱਬਾ)–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟੌਹੜਾ ਦੀ ਗਿਆਰ੍ਹਵੀਂ ਕਲਾਸ ਦੀ ਵਿਦਿਆਰਥਣ ਵੀਰਪਾਲ ਕੌਰ ਨਾਲ ਸਕੂਲ ਅਧਿਆਪਕਾਂ ਵੱਲੋਂ ਜਾਤੀ ਅਧਾਰ ਤੇ ਭੇਦਭਾਵ ਕਰਨ ਦੇ ਦੋਸਾਂ ਕਾਰਨ ਸੁਰਖ਼ੀਆਂ ਵਿੱਚ ਆਏ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜੱਦੀ ਪਿੰਡ ਟੌਹੜਾ ਵਿਖੇ ਜਾਤੀ ਆਧਾਰਿਤ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਇਸ ਤਾਜ਼ਾ ਮਾਮਲੇ ਦਾ ਖ਼ੁਲਾਸਾ ਉਦੋਂ ਹੋਇਆ ਜਦੋਂ ਹੈੱਡਲਾਇਨਜ ਭਾਰਤ ਦੀ ਮੀਡੀਆ ਟੀਮ




ਬੀਤੀ ਕੱਲ੍ਹ ਪਿੰਡ ਟੌਹੜਾ ਵਿਖੇ ਵੀਰਪਾਲ ਕੌਰ ਦੇ ਮਾਮਲੇ ਸਬੰਧੀ ਕਵਰੇਜ ਕਰਨ ਗਈ ਸੀ। ਪਿੰਡ ਚਨਾਰਥਲ ਤੋਂ ਪਿੰਡ ਟੌਹੜਾ ਵਿੱਚ ਦਾਖਿਲ ਹੁੰਦਿਆਂ ਹੀ ਦਲਿਤ ਬਸਤੀ ਨੂੰ ਜਾਂਦੇ ਰਸਤੇ ਸਬੰਧੀ ਲਗਾਏ ਗਏ ਸਾਈਨ ਬੋਰਡ ਤੇ ਹਰੀਜਨ ਬਸਤੀ ਲਿਖਿਆ ਹੈ।ਇਸ ਵਿਵਾਦਿਤ ਸਬਦ ਦੀ ਵਰਤੋ ਤੇ ਕੇਂਦਰ ਸਰਕਾਰ ਰੋਕ ਲਾ ਚੁੱਕੀ ਹੈ ਪਰ ਫਿਰ ਇਸ ਸਬਦ ਨੂੰ ਸਰਕਾਰੀ ਸਾਈਨ ਬੋਰਡ ਤੇ ਲਿਖਿਆ ਗਿਆ ਹੈ। ਜੋ ਕਿ ਇੱਕ ਗੰਭੀਰ ਮਾਮਲਾ ਹੈ। ਜਾਤੀ ਆਧਾਰਤ ਸਬਦ ਤੇ ਸਮੇਂ ਸਮੇਂ ਵਿਵਾਦ ਹੁੰਦਾ ਰਿਹਾ ਹੈ ਅਤੇ ਅਨੁਸੂਚਿਤ ਜਾਤੀਆਂ ਲਈ ਵਰਤੇ ਜਾਂਦੇ ਇਸ ਸਬਦ ਨੂੰ ਅਪਮਾਨਜਨਕ ਮੰਨਿਆ ਜਾਂਦਾ ਹੈ। ਹੈਰਾਨੀਜਨਕ ਪਹਿਲੂ ਤਾਂ ਇਹ ਹੈ ਕਿ ਬੀਤੇ ਇੱਕ ਹਫ਼ਤੇ ਤੋਂ ਇਸ ਪਿੰਡ ਵਿੱਚ ਵੱਖ ਵੱਖ ਸਮਾਜਿਕ ਜਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ, ਸੱਤਾਧਾਰੀ ਧਿਰ ਦੇ ਮੰਤਰੀ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਡੇ ਅਧਿਕਾਰੀ ਦੌਰਾ ਕਰ ਚੁੱਕੇ ਹਨ ਪਰ ਕਿਸੇ ਵੀ ਰਾਜਨੀਤਿਕ ਆਗੂ ਜਾਂ ਪ੍ਰਸ਼ਾਸਨਿਕ ਅਧਿਕਾਰੀ ਦਾ ਧਿਆਨ ਇਸ ਪਾਸੇ ਨਹੀਂ ਗਿਆ।

# ਵਿਸ਼ੇਸ਼ ਅਧਿਕਾਰ ਕਮੇਟੀ ਵੱਲੋਂ ਸੁਖਬੀਰ ਤੇ ਬੈਂਸ ਤਲਬ

**ਚੰਡੀਗੜ੍ਹ–** ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਸਦਨ ਦੀ ਮ-ਰਆਦਾ ਦੀ ਉਲੰਘਣਾ ਦੇ ਮਾਮਲੇ ਵਿੱਚ 6 ਫਰਵਰੀ ਨੂੰ ਤਲਬ ਕਰ ਲਿਆ ਹੈ। ਸੂਤਰਾਂ ਅਨੁਸਾਰ ਅੱਜ ਇਥੇ ਵਿਸ਼ੇਸ਼ ਅਧਿਕਾਰ ਕਮੇਟੀ ਦੀ ਮੀਟਿੰਗ ਵਿੱਚ ਇਨ੍ਹਾਂ ਦੋਵੇਂ ਆਗੂਆਂ ਖ਼ਿਲਾਫ਼ ਵਿਧਾਨ ਸਭਾ ਵੱਲੋਂ ਪਾਸ ਕੀਤੇ ਮਤਿਆਂ ’ਤੇ ਵਿਚਾਰ ਕਰਨ ਬਾਅਦ ਇਨ੍ਹਾਂ ਨੂੰ ਛੇ ਫਰਵਰੀ ਨੂੰ ਤਲਬ ਕਰਨ ਦਾ ਫ਼ੈਸਲਾ ਕੀਤਾ ਗਿਆ। ਸ੍ਰੀ ਬਾਦਲ ਅਤੇ ਸ੍ਰੀ ਬੈਂਸ ਖ਼ਿਲਾਫ਼ ਮਤੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਅਤੇ ਕੁਲਬੀਰ ਸਿੰਘ ਜ਼ੀਰਾ ਨੇ ਪੇਸ਼ ਕੀਤੇ ਸਨ।

ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੇ ਪਿਛਲੇ ਸਾਲ ਜੂਨ ਮਹੀਨੇ ’ਚ ਹੋਏ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਕਾਫੀ ਰੌਲਾ-ਰੱਪਾ ਪਾਇਆ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਪੀਕਰ ਖ਼ਿਲਾਫ਼ ਸਖ਼ਤ ਟਿੱਪਣੀਆਂ ਕੀਤੀਆਂ ਸਨ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ 22 ਜੂਨ ਨੂੰ ਸੁਖਬੀਰ ਖ਼ਿਲਾਫ਼ ਮਰਿਆਦਾ ਮਤਾ ਪੇਸ਼ ਕੀਤਾ ਸੀ, ਜੋ ਬਹਿਸ ਬਾਅਦ ਸਦਨ ਨੇ ਪਾਸ ਕਰ ਦਿੱਤਾ ਸੀ ਅਤੇ



ਸਪੀਕਰ ਨੇ ਇਹ ਮਾਮਲਾ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਭੇਜ ਦਿੱਤਾ ਸੀ। ਵਿਸ਼ੇਸ਼ ਅਧਿਕਾਰੀ ਕਮੇਟੀ ਸ੍ਰੀ ਬਾਦਲ ਨੂੰ ਪਹਿਲਾਂ ਤਲਬ ਕਰਨਾ ਚਾਹੁੰਦੀ ਸੀ ਪਰ ਮੁੱਖ ਮੰਤਰੀ ਦੇ ਕਹਿਣ ’ਤੇ ਇਹ ਅੱਗੇ ਪਾ ਦਿੱਤਾ ਗਿਆ। ਸੂਤਰਾਂ ਮੁਤਾਬਕ ਵਿਸ਼ੇਸ਼ ਅਧਿਕਾਰ ਕਮੇਟੀ ਨੇ ਬਾਘਾਪੁਰਾਣਾ ਤੋਂ ਕਾਂਗਰਸੀ ਵਿਧਾਇਕ ਦਰਸ਼ਨ ਸਿੰਘ ਬਰਾੜ ਦੀ ਸ਼ਿਕਾਇਤ ’ਤੇ ਮੋਗਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਿਲਰਾਜ ਸਿੰਘ ਖ਼ਿਲਾਫ਼ ਕਾਰਵਾਈ ਦੀ ਸਿਫ਼ਾਰਿਸ਼ ਕੀਤੀ ਹੈ ਅਤੇ ਇਹ ਮਾਮਲਾ ਕਾਰਵਾਈ ਲਈ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਭੇਜ ਦਿੱਤਾ ਗਿਆ ਹੈ।

ਕਮੇਟੀ ਨੇ ਸਿਫ਼ਾਰਿਸ਼ ਕੀਤੀ ਹੈ ਕਿ ਮੋਗਾ ਦੇ ਡੀਸੀ ਨੂੰ ਕਿਸੇ ਜਨਤਕ ਸੰਪਰਕ ਵਾਲੇ ਅਹੁਦੇ ’ਤੇ ਨਾ ਲਾਇਆ ਜਾਵੇ ਕਿਉਂਕਿ ਉਸ ਨੇ ਵਿਧਾਇਕ ਦਾ ਅਪਮਾਨ ਕੀਤਾ ਹੈ ਅਤੇ ਵਿਸ਼ੇਸ਼ ਅਧਿਕਾਰ ਕਮੇਟੀ ਸਾਹਮਣੇ ਵੀ ਉਸ ਦਾ ਵਿਵਹਾਰ ਠੀਕ ਨਹੀਂ ਸੀ। ਉਸ ਦੀ ਆਈਏਐਸ ਸਿਖਲਾਈ ਕੇਂਦਰ ਤੋਂ ਮੁੜ ਸਿਖਲਾਈ ਕਰਾਈ ਜਾਵੇ।

ਦੱਸਣਯੋਗ ਹੈ ਕਿ ਵਿਧਾਇਕ ਬਰਾੜ ਨੇ ਸ਼ਿਕਾਇਤ ਕੀਤੀ ਸੀ ਕਿ ਜਦੋਂ ਉਹ ਡਿਪਟੀ ਕਮਿਸ਼ਨਰ ਨੂੰ ਮਿਲਣ ਗਏ ਤਾਂ ਡੀਸੀ ਨੇ ਉਨ੍ਹਾਂ ਨੂੰ ਅੱਧਾ ਘੰਟਾ ਆਪਣੇ ਦਫ਼ਤਰ ਬਾਹਰ ਬੈਠਾਈ ਰੱਖਿਆ ਸੀ।

# ਗੁਰਦੂਆਰਾ ਕਮੇਟੀ ਨੇ ਦਲਿਤ ਪਰਿਵਾਰ ਦੀ ਬਜ਼ੁਰਗ ਔਰਤ ਦਾ ਗੁਰੂ ਘਰ ਅੰਦਰ ਨਹੀਂ ਪੈਣ ਦਿੱਤਾ ਭੋਗ

## ਮਾਮਲੇ ਨੂੰ ਅਕਾਲ ਤਖਤ ਸਾਹਿਬ ਤੱਕ ਲਿਜਾਇਆ ਜਾਵੇਗਾ: ਭਾਈ ਕੈਰੇ/ਧੂਰਾ

**ਬਰਨਾਲਾ–** ਜੇਕਰ ਗਰੀਬ ਲੋਕਾਂ ਨੂੰ ਗੁਰੂ ਘਰਾਂ ਅੰਦਰ ਮਾਣ-ਸਨਮਾਨ ਮਿਲਦਾ ਹੁੰਦਾ ਤਾਂ ਪੰਜਾਬ ਅੰਦਰ ਡੇਰਿਆਂ ਨੂੰ ਸਫਲਤਾ ਨਾ ਮਿਲਦੀ। ਪਰ ਡੇਰਿਆਂ ਦੇ ਜਾਲ ਵਿਚ ਫਸੇ ਗਰੀਬ ਲੋਕਾਂ ਨੂੰ ਬਾਹਰ ਕੱਢ ਕੇ ਸ਼ਬਦ ਗੁਰੂ ਨਾਲ ਜੋੜਨ ਦੀ ਬਜਾਏ ਅੱਜ ਵੀ ਜਾਤ ਪਾਤ ਦੇ ਆਧਾਰ ’ਤੇ ਗਰੀਬਾਂ ਨੂੰ ਜ਼ਲੀਲ ਹੋਣਾ ਪੈ ਰਿਹਾ ਹੈ। ਇਸ ਤਰ੍ਹਾਂ ਦੀ ਇਕ ਮਿਸਾਲ ਸੰਗਰੂਰ ਜ਼ਿਲ੍ਹੇ ਦੇ ਪਿੰਡ ਮਾਨਾਂਵਾਲਾ ਵਿਖੇ ਦੇਖਣ ਨੂੰ ਮਿਲੀ, ਜਿੱਥੇ ਮਰਜ਼ੀ ਸਿੱਖ ਪਰਿਵਾਰ ਨੂੰ ਬਜ਼ੁਰਗ ਔਰਤ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਵਿਖੇ ਭੋਗ ਪਾਉਣ ਤੋਂ ਰੋਕਿਆ ਗਿਆ। ਜਾਣਕਾਰੀ ਦਿੰਦਿਆਂ ਯੂਨਾਈਟਿਡ ਸਿੱਖ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਭਾਈ ਪਰਮਜੀਤ ਸਿੰਘ ਕੈਰੇ ਨੇ ਦੱਸਿਆ ਕਿ ਮਾਨਾਂਵਾਲਾ ਪਿੰਡ ਦੇ ਇਕ ਗਰੀਬ ਪਰਿਵਾਰ ਦਾ ਕਾਕਾ ਸਿੰਘ ਪੁੱਤ



ਜੰਗੀਰ ਸਿੰਘ ਦੀ ਮਾਤਾ ਦਾ ਦੇਹਾਂਤ ਹੋਣ ਤੋਂ ਬਾਅਦ ਉਸ ਦੇ ਭੋਗ ਦੀ ਰਸਮ ਘਰ ਵਿਚ ਜਗ੍ਹਾ ਘੱਟ ਹੋਣ ਤੇ ਪਿੰਡ ਦੇ ਲੋਕਲ ਗੁਰਦੁਆਰਾ ਸਾਹਿਬ ਵਿਖੇ ਇਹ ਰਸਮ ਨਿਭਾਉਣ ਦਾ ਫੈਸਲਾ ਕੀਤਾ ਗਿਆ। ਭੋਗ ਪਾਉਣ ਦਾ ਸਾਰਾ ਸਮਾਨ ਜਦੋਂ ਗੁਰਦੁਆਰਾ ਸਾਹਿਬ ਵਿਖੇ ਲਿਜਾਇਆ ਗਿਆ ਤਾਂ ਪ੍ਰਬੰਧਕ ਕਮੇਟੀ ਮੈਂਬਰਾਂ ਈਸ਼ਰ ਸਿੰਘ ਅਤੇ ਸੇਬੀ ਸਿੰਘ ਆਦਿ ਨੇ ਆ ਕੇ ਕਿਹਾ ਕਿ ਜੇਕਰ ਇੱਥੇ ਭੋਗ ਪਾਇਆ ਗਿਆ ਤਾਂ ਨਵਾਂ ਵਿਵਾਦ ਖੜ੍ਹਾ ਹੋ ਸਕਦਾ ਹੈ। ਇੱਥੇ ਹੀ ਨਹੀਂ ਉਕਤ ਵਿਅਕਤੀਆਂ ਵੱਲੋਂ ਇਸ ਗਰੀਬ ਪਰਿਵਾਰ ਦਾ ਸਮਾਨ ਚੁੱਕ ਕੇ ਗੁਰਦੁਆਰਾ ਸਾਹਿਬ ਤੋਂ ਬਾਹਰ ਸੁੱਟ ਦਿੱਤਾ, ਪਰਿਵਾਰ ਵੱਲੋਂ ਇਹ ਰਸਮ ਆਪਣੇ ਗ੍ਰਹਿ ਵਿਖੇ ਨਿਭਾਈ ਗਈ ਪਰ ਇਹ ਮਾਮਲਾ ਹਲਕੇ ਦੇ ਲੋਕਾਂ ਤੱਕ ਜਦੋਂ ਪਹੁੰਚਿਆ ਤਾਂ ਯੂਨਾਈਟਿਡ ਸਿੱਖ ਪਾਰਟੀ ਦੇ ਆਗੂ ਬਿਕਰਮਜੀਤ ਸਿੰਘ ਧੂਰਾ ਵੀ ਪਰਿਵਾਰ ਦੇ ਕੋਲ ਪਹੁੰਚ ਗਏ, ਜਿਹਨਾਂ ਪਹੁੰਚ ਕੇ ਇਸ ਕਾਰਵਾਈ ਦੀ ਜਿੱਥੇ ਸਖ਼ਤ ਨਿੰਦਾ ਕੀਤੀ, ਉਥੇ ਇਹ ਵੀ ਕਿਹਾ ਕਿ ਅੱਜ ਜੇਕਰ ਗਰੀਬ ਲੋਕਾਂ ਦਾ ਮੂੰਹ ਡੇਰਿਆਂ ਵੱਲ ਨੂੰ ਹੋਇਆ ਹੈ ਤਾਂ ਉਸ ਲਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜ਼ਿੰਮੇਵਾਰ ਹਨ।

# ਗੁਰਦੁਆਰਾ ’ਚ ਧਾਰਮਿਕ ਸਮਾਗਮ ਦਾ ਆਯੋਜਨ

**ਘੱਲ ਕਲਾਂ (ਬਲਰਾਜ ਸਿੰਘ)–** ਗੁਰਦੁਆਰਾ ਗੁਰੂਸਰ ਪ੍ਰਬੰਧਕ ਕਮੇਟੀ ਵਲੋਂ ਨਗਰ ਨਿਵਾਸੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀ ਪਿੰਡ ਘੱਲ ਕਲਾਂ ਵਿਖੇ ਮਾਘ ਮਹੀਨ ਦੀ ਸੰਗਰਾਂਦ ਤੇ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪਾਠ ਉਪਰੰਤ ਭਾਈ ਸੇਵਕ ਸਿੰਘ ਸੌਢੀ ਅਤੇ ਭਾਈ ਮੇਜ਼ਰ ਸਿੰਘ, ਭਾਈ ਰਣਜੀਤ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਆਸਾ ਜੀ ਦੀ ਵਾਰ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਭਾਈ ਸੇਵਕ ਸਿੰਘ ਸੋਢੀ ਨੇ ਹਾਜ਼ਰ ਸੰਗਤਾਂ ਨੂੰ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਲਈ ਕਿਹਾ, ਉਨਾਂ ਸੰਗਤਾਂ ਨੂੰ ਗੁਰੂ ਦੀ ਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ, ਉਪ ਪ੍ਰਧਾਨ ਬਲਦੇਵ ਸਿੰਘ, ਖਜ਼ਾਨਚੀ ਨਿਰਮਲਜੀਤ ਸਿੰਘ, ਗੁਰਤੇਜ ਸਿੰਘ, ਸਕੱਤਰ ਕਰਨੈਲ ਸਿੰਘ, ਲੰਗਰ ਪ੍ਰਧਾਨ ਰੇਸ਼ਮ ਸਿੰਘ, ਜਗਤਾਰ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਚ’ ਹਾਜ਼ਰ ਸਨ।




# ‘ਕੰਮ ਟਰੱਕਾਂ ਦਾ’ ਗੀਤ ਰਾਹੀਂ ਚਰਚਾ ਵਿਚ ਹਾਜ਼ਰ ਹੈ ਲੇਖਕ ਚਮਕੌਰ ਘੱਲ ਕਲਾਂ

ਅੱਜਕਲ੍ਹ ਜੋ ਵੱਖ ਵੱਖ ਟੀ. ਵੀ. ਚੈਨਲਾਂ ’ਤੇ ਗੀਤ ਪ੍ਰਸਾਰਿਤ ਹੋ ਰਹੇ ਹਨ, ਉਹ ਨਾ ਤਾਂ ਵੇਖਣ ਵਾਲੇ ਹਨ ਤੇ ਨਾ ਹੀ ਸੁਣਨ ਵਾਲੇ ਹਨ। ਸਾਰੇ ਲੇਖਕ ਹੀ ਇੰਟਰਵਿਊ ਦੌਰਾਨ ਇਹ ਕਹਿਣ ਵਿਚ ਸ਼ਰਮ ਮਹਿਸੂਸ ਨਹੀਂ ਕਰਦ ਕਿ ਅਸੀਂ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਹੀ ਗੀਤ ਗਾ ਰਹੇ ਹਾਂ। ਜਦੋਂ ਪੰਜਾਬੀ ਸਭਿਆਚਾਰ ਨਾਲ ਉਸ ਗੀਤ ਨਾਲ ਵਾਹ-ਵਾਸਤਾ ਹੀ ਨਹੀਂ ਹੁੰਦਾ। ਪਰ ਇਹਨਾਂ ਗੀਤਕਾਰਾਂ ਦੇ ਉਲਟ ਹੈ ਪਿੰਡ ਘੱਲ ਕਲਾਂ ਦਾ ਚਮਕੌਰ ਘੱਲ ਕਲਾਂ, ਜਿਸ ਦੀ ਸਾਫ ਸੁਥਰੀ ਤੇ ਉਸਦੇ ਪੇਂਡੂ ਬੋਲੀ ਲੇਖਣੀ ਦਾ ਹਰ ਕੋਈ ਹੀ ਕਾਇਲ ਹੋ ਜਾਂਦਾ ਹੈ।

ਹੁਣੇ ਹੀ ਟੀ. ਵੀ. ਚੈਨਲਾਂ ’ਤੇ ਚੱਲ ਰਿਹਾ ਗੀਤ ’ਕੰਮ ਟਰੱਕਾਂ ਦਾ’ ਹਰਜੀਤ ਸਿੱਧੂ ਤੇ ਪ੍ਰਵੀਨ ਦਰਦੀ ਦਾ ਗਾਇਆ ਹੋਇਆ ਹੈ ਤੇ ਚਮਕੌਰ ਘੱਲ ਕਲਾਂ ਦਾ ਲਿਖਿਆ ਹੋਇਆ ਹੈ, ਜਿਸਨੂੰ ਸਾਹ ਰੋਕ ਕੇ ਸੁਣਿਆ ਜਾ ਰਿਹਾ ਹੈ। ਚਮਕੌਰ ਘੱਲ ਕਲਾਂ ਦਾ ਪਹਿਲਾ ਗੀਤ ’ਨੱਚਦੀ ਦੇ ਪੈਰ ਘੱਸ ਗਏ’ ਨਿੱਕੇ ਦਰਦੀ ਨੇ ਗਾਇਆ ਤੇ ਬਹੁਤ ਮਕਬੂਲ ਹੋਇਆ। ਗਿੱਲ ਹਰਦੀਪ ਨੇ ਪਿਛਲੇ ਸਾਲ ਜੋ ਗੀਤ ਗਾਇਆ ਸੀ ’ਚੰਗੇ ਪੁੱਤ ਕਰਵਾਉਂਦੇ ਆ ਸਰਦਾਰੀ ਬਾਪੂ ਨੂੰ’। ਉਹ ਵੀ ਚਮਕੌਰ ਘੱਲ ਕਲਾਂ ਦੀ ਖ਼ੂਬਸੂਰਤ ਕਲਮ ਦੇਣ ਹੀ ਹੈ। ਇਸੇ ਲੇਖਕ ਦਾ ਇਕ ਹੋਰ ਗੀਤ ਜੋ ਹਰਜੀਤ ਸਿੱਧੂ ਅਤੇ ਪ੍ਰਵੀਨ ਦਰਦੀ ਨੇ ਗਾਇਆ ’ਸਹੁਰਿਆਂ’ ਦਾ ਪਿੰਡ ਘਰ ਸੁੰਨਾ ਜਿਹਾ ਲੱਗੇ’ ਬਹੁਤ ਹੀ ਚਰਚਾ ਵਿਚ ਰਿਹਾ। ਗਿੱਲ ਹਰਦੀਪ ਨੇ ਚਮਕੌਰ ਘੱਲ ਕਲਾਂ ਦਾ ਲਿਖਿਆ ਗੀਤ ’ਪਹਿਲੇ ਦਿਨ ਤੋਂ ਸੁਰਖੀਆਂ ’ਚ ਰਹਿੰਦਾ ਜੱਟ ਨੀ’ ਜਦੋਂ ਗਾਇਆ ਤਾਂ ਲੇਖਕ ਫਰਸ਼ੋਂ ਅਰਸ਼ ’ਤੇ ਪਹੁੰਚ ਗਿਆ। ਰੱਬ ਕਰੇ ਚਮਕੌਰ ਘੱਲ ਕਲਾਂ ਦੀ ਕਲਮ ਹੋਰ ਵੀ ਵਧੀਆ ਸਾਫ-ਸੁਥਰੇ ਅਤੇ ਪੰਜਾਬੀ ਸਭਿਆਚਾਰ ਨਾਲ ਸਬੰਧਿਤ ਗੀਤ ਲਿਖੇ ਤੇ ਉਸ ਦੀ ਉਮਰ ਹੋਰ ਲੰਮੇਰੀ ਹੋਵੇ।

**– ਡਾ. ਬਲਰਾਜ ਸਿੰਘ ਘੱਲ ਕਲਾਂ 98150-65177**



# ਥੱਕਿਆ ਥੱਕਿਆ ਨਜ਼ਰ ਆਉਂਦਾ ਹੈ ਯੋਧਾ ਨਰੇਂਦਰ ਮੋਦੀ!

**ਮੋਦੀ ਲੋਕਾਂ ਲਈ ''ਅੱਛੇ ਦਿਨਾਂ'' ਦੇ ਸੁਨੇਹੇ ਅਤੇ ਭ੍ਰਿਸ਼ਟਾਚਾਰੀ ਨੇਤਾਵਾਂ ਨੂੰ ਸਜ਼ਾ ਦੇਣ ਦੇ ਵਾਇਦੇ ਨਾਲ ਰਾਜ ਸਿੰਘਾਸਨ ਉਤੇ ਬਿਰਾਜਮਾਨ ਹੋਇਆ ਸੀ। ਭ੍ਰਿਸ਼ਟਾਚਾਰ ਦੇ ਕੁਝ ਮਾਮਲਿਆਂ ਦੀ ਫੂਕ ਪਿਛਲੇ ਦਿਨੀਂ ਹੋਏ ਅਦਾਲਤੀ ਫੈਸਲਿਆਂ ਨੇ ਕੱਢ ਦਿੱਤੀ ਹੈ। ਚੋਣਾਂ 'ਚ ਭਾਜਪਾ ਵਲੋਂ ਅਪਰਾਧਿਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਚੋਣਾਂ 'ਚ ਖੜੇ ਕਰਨ, ਬਿਹਾਰ ਵਿੱਚ ਨਿਤੀਸ਼ ਕੁਮਾਰ ਨੂੰ ਆਪਣੇ ਪਾਲੇ ਵਿੱਚ ਲਿਆਉਣ ਅਤੇ ਥਾਂ-ਥਾਂ ਵਿਰੋਧੀ ਧਿਰ ਦੇ ਨੇਤਾਵਾਂ ਉਤੇ ਛਾਪੇਮਾਰੀ ਕਰਨ ਤੇ ਉਹਨਾ ਨੂੰ ਪ੍ਰੇਸ਼ਾਨ ਕਰਨ ਵਰਗੀਆਂ ਘਟਨਾਵਾਂ ਨੇ ਲੋਕਾਂ ਵਿੱਚ ਭਾਜਪਾ ਨੇਤਾਵਾਂ ਪ੍ਰਤੀ ਨਾ-ਪਸੰਦਗੀ ਦਾ ਇਜ਼ਹਾਰ ਕੀਤਾ ਹੈ। ਗੁਜਰਾਤ ਦੀਆਂ 182 ਵਿਧਾਨ ਸਭਾ ਚੋਣਾਂ 'ਚ 30 ਅਸੰਬਲੀ ਸੀਟਾਂ ਉਤੇ ''ਨੋਟਾ'' ਵੋਟਾਂ ਦਾ ਪ੍ਰਭਾਵ ਦੇਖਣ ਨੂੰ ਮਿਲਿਆ, ਇਹਨਾ ਸੀਟਾਂ ਉਤੇ ਇਹ ਨੋਟਾ ਨੇ ਜਿੱਤਣ ਹਾਰਣ ਵਾਲੇ ਭਾਜਪਾ-ਕਾਂਗਰਸੀ ਨੇਤਾਵਾਂ ਨੂੰ ਪ੍ਰਭਾਵਤ ਕੀਤਾ ਹੈ। ਲਗਭਗ 5 ਲੱਖ ਗੁਜਰਾਤੀ ਵੋਟਰਾਂ ਨੇ ਸੂਬੇ 'ਚ ਕਿਸੇ ਵੀ ਉਮੀਦਵਾਰ ਨੂੰ ਪਸੰਦ ਨਹੀਂ ਕੀਤਾ ਅਤੇ ਨੋਟਾ ਦੀ ਵਰਤੋਂ ਕੀਤੀ। ਇਹ ਵੀ ਆਪਣੇ ਆਪ ਵਿੱਚ ਮੋਦੀ ਦੇ ਨਿਕੰਮੇ ਸਾਸ਼ਨ ਨੂੰ ਲੋਕਾਂ ਵਲੋਂ ਨਿਕਾਰਨ ਦੀ ਵੱਡੀ ਮਿਸਾਲ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

1885 ਤੋਂ ਭਾਰਤੀ ਸਿਆਸਤ ਵਿੱਚ ਚੜ੍ਹਦੀ ਕਲਾ 'ਚ ਦਿੱਖ ਰਹੀ ਕਾਂਗਰਸ ਪਾਰਟੀ ਨੂੰ ਪਟਕਣੀ ਦੇਕੇ, 2014 ਵਿੱਚ ਭਾਜਪਾ ਨੇ ਆਪਣੀ ਪਾਰਟੀ ਦਾ ਨੁਮਾਇੰਦਾ ਨਰੇਂਦਰ ਮੋਦੀ ਦੇਸ਼ ਦਾ ਪ੍ਰਧਾਨ ਮੰਤਰੀ ਬਨਾਉਣ ਤੋਂ ਬਾਅਦ ਇਹ ਨਜ਼ਰ ਆ ਰਿਹਾ ਸੀ ਕਿ ਨਰੇਂਦਰ ਮੋਦੀ ਘੱਟੋ-ਘੱਟ 10 ਸਾਲ ਇਸ ਆਹੁਦੇ ਉਤੇ ਟਿਕਿਆ ਰਹੇਗਾ। ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਘਿਰੀ ਕਾਂਗਰਸ 2014 ਵਿੱਚ 543 ਲੋਕ ਸਭਾ ਸੀਟਾਂ ਵਿੱਚੋਂ 44 ਸੀਟਾਂ ਲੈ ਸਕੀ ਅਤੇ ਭਾਜਪਾ ਦਾ ਮੋਦੀ ਇੱਕ ਸ਼ਕਤੀਸ਼ਾਲੀ ਨੇਤਾ ਵਜੋਂ ਦੇਸ਼ ਦੇ ਸਿਆਸੀ ਦ੍ਰਿਸ਼ ਤੇ ਨਵੇਂ-ਨਵੇਂ ਵਾਅਦਿਆਂ, ਦਾਅਵਿਆਂ ਨਾਲ ਉਭਰਿਆ। ਕਾਂਗਰਸ ਮੁਕਤ ਭਾਰਤ ਦਾ ਨਾਅਰਾ ਲਾਉਂਦੀ ਭਾਜਪਾ ਤੇ ਮੋਦੀ ਨੇ ਕੁਝ ਸੂਬਿਆਂ 'ਚ ਚੋਣਾਂ ਵੀ ਜਿੱਤੀਆਂ ਅਤੇ ਇਸ ਗੱਲ ਦੀਆਂ ਟਾਹਰਾਂ ਵੀ ਮਾਰੀਆਂ ਕਿ ਉਹ 2022 ਵਿੱਚ ਭਾਰਤ ਦੀ ਆਜ਼ਾਦੀ ਦੀ ਡਾਇਮੰਡ ਜੁਬਲੀ ਆਪਣੀ ਦੇਖ-ਰੇਖ 'ਚ ਮਨਾਏਗੀ। ਪਰ ਪਿਛਲੇ ਤਿੰਨ ਸਾਲਾਂ 'ਚ ਭਾਜਪਾ ਹਫੀ ਹੋਈ, ਥੱਕੀ ਹੋਈ ਅਤੇ ਕਾਂਗਰਸ ਆਪਣੀਆਂ ਐਮਰਜੈਂਸੀ ਬੈਟਰੀਆਂ ਨਾਲ ਮੁੜ ਸਾਹ ਲੈਂਦੀ ਜਾਪਣ ਲੱਗ ਪਈ ਹੈ।

ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਸ਼ੁਰੂ ਵਿੱਚ ਦੇਸ਼ ਸਾਹਮਣੇ ਇਕ ਸਵਾਲ ਉਭਰਿਆ ਸੀ ਕਿ ਨਹਿਰੂ ਤੋਂ ਬਾਅਦ ਕੌਣ ਹੋਏਗਾ? ਫਿਰ ਸਤਵੇਂ ਦਹਾਕੇ 'ਚ ਪੁੱਛਿਆ ਜਾਣ ਲੱਗ ਪਿਆ ਸੀ ਕਿ ਕੌਣ ਹੋਏਗਾ ਇੰਦਰਾ ਗਾਂਧੀ ਤੋਂ ਬਾਅਦ? ਹੁਣ 2018 'ਚ ਵੱਡਾ ਸਵਾਲ ਲੋਕ ਕਰਨ ਲੱਗ ਪਏ ਹਨ ਕਿ ਮੋਦੀ ਤੋਂ ਬਾਅਦ ਕਿਸ ਦੀ ਵਾਰੀ ਹੈ? ਇਹ ਤਿੰਨੇ ਸਿਖਰ ਤੇ ਪਹੁੰਚੇ, ਸ਼ਕਤੀਸ਼ਾਲੀ ਨੇਤਾਵਾਂ ਦਾ ਆਪਣਾ ਕੋਈ ਜਨਸ਼ੀਨ ਨਹੀਂ ਸੀ। ਅਗਲੀ ਕਤਾਰ ਵਾਲਾ ਕੋਈ ਦਿਸਦਾ ਨੇਤਾ ਵੀ ਨਹੀਂ ਸੀ ਜਾਂ ਹੈ, ਪਰ ਸਮੇਂ ਦੇ ਵਹਾਅ 'ਚ ਨਹਿਰੂ ਤੋਂ ਬਾਅਦ ਲਾਲ ਬਹਾਦਰ ਸ਼ਾਸ਼ਤਰੀ ਆਇਆ, ਇੰਦਰਾ ਗਾਂਧੀ ਤੋਂ ਬਾਅਦ ਰਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ। ਮੋਦੀ ਦੇ ਹੁੰਦਿਆਂ ਹੀ, ਜਦੋਂ ਕਿ ਉਹ 2019 ਦੀਆਂ ਚੋਣਾਂ ਭਾਰੇ ਅਸਫਲਤਾਵਾਂ ਦੇ ਬਸਤੇ ਨਾਲ ਲੜਨ ਦੀ ਤਿਆਰੀ ਕਰ ਰਿਹਾ ਹੈ, ਸਵਾਲ ਪੁੱਛੇ ਜਾਣ ਲੱਗ ਪਏ ਹਨ ਕਿ ਉਸ ਤੋਂ ਅਗਲਾ ਪ੍ਰਧਾਨ ਮੰਤਰੀ ਕੌਣ ਹੋਏਗਾ, ਕਿਉਂਕਿ ਮੋਦੀ ਦਾ ਜਿਹੜਾ ਕ੍ਰਿਸ਼ਮਈ ਚਿਹਰਾ 2014 'ਚ ਦੇਸ਼, ਵਿਦੇਸ਼ ਵਿੱਚ ਦੇਖਣ ਨੂੰ ਮਿਲਿਆ ਸੀ, ਉਹ ਧੁੰਦਲਾ ਪਿਆ ਦਿਖਾਈ ਦੇਣ ਲੱਗਾ ਹੈ? ਨਵੰਬਰ 2014 ਵਿੱਚ ਭਾਜਪਾ ਤੇ ਮੋਦੀ ਦੀ ਤਾਕਤ ਆਰ ਐਸ ਐਸ ਮੁੱਖੀ ਮੋਹਨ ਭਗਵਤ ਨੇ ਮੋਦੀ ਦੀ ਤੁਲਨਾ ਮਹਾਂਭਾਰਤ ਦੇ ਅਭਮਿਨਊ( ਜੋ ਕਿ ਸ਼ਕਤੀਸ਼ਾਲੀ ਅਰਜਨ ਦਾ ਪੁੱਤਰ ਸੀ) ਨਾਲ ਕੀਤੀ ਸੀ, ਜਿਸਨੇ ਦੁਸ਼ਮਣ ਦਾ ਚੱਕਰਵਿਊ ਦੁਸ਼ਮਣ ਦੀਆਂ ਸੈਨਾਵਾਂ ਅੰਦਰ ਵੜਕੇ ਤੋੜਿਆ ਸੀ, ਪਰ ਹੁਣ ਸਥਿਤੀ ਬਦਲੀ ਬਦਲੀ ਜਾਪਦੀ ਹੈ ਕਿਉਂਕਿ ਮੋਦੀ ਦੁਆਲੇ ਹੁਣ ਸੱਤ ਕੌਰਵਾਂ (ਸਮੱਸਿਆਵਾਂ) ਦਾ ਘੇਰਾ ਹੈ, ਜਿਸ ਨੂੰ ਪਾਰ ਕਰਨਾ ਸੌਖਾ ਨਹੀਂ।

ਭਾਰਤੀ ਅਰਥ ਚਾਰੇ ਨੂੰ ਨੀਵਾਣਾ ਵੱਲ ਲੈਜਾਣ ਲਈ ਮੋਦੀ ਆਪਣੀ ਜੁੰਮੇਵਾਰੀ ਤੋਂ ਬਚ ਨਹੀਂ ਸਕਦੇ। 5 ਜਨਵਰੀ 2018 ਨੂੰ ਸੈਂਟਰਲ ਸਟੈਟਿਸਟੀਕਲ ਆਰਗੇਨਾਈਜੇਸ਼ਨ (ਸੀ ਐਸ ਓ) ਨੇ ਰਿਪੋਰਟ ਦਿੱਤੀ ਹੈ ਕਿ 2017-18 ਦੀ ਦੇਸ਼ ਦੀ ਆਰਥਿਕ ਤਰੱਕੀ 6.5 ਫੀਸਦੀ ਤੋਂ ਘਾਟੇ ਵਾਲੇ ਪਾਸੇ ਵੱਲ ਗਈ ਹੈ ਅਤੇ ਪਿਛਲੇ ਚਾਰ ਸਾਲਾਂ 'ਚ ਇਹ ਲਗਾਤਾਰ ਨੀਵੀਂ ਹੋ ਰਹੀ ਹੈ। ਨਿਰਮਾਣ ਅਤੇ ਖੇਤੀ ਖੇਤਰ ਡੁੱਬ ਰਿਹਾ ਹੈ ਅਤੇ ਜੀ ਐਸ ਟੀ ਦੇ ਪਹਿਲੇ ਸਾਲ ਅਤੇ ਨੋਟਬੰਦੀ ਨੇ ਦੇਸ਼ ਦੇ ਅਰਥਚਾਰੇ ਨੂੰ ਖੋਰਾ ਲਾਇਆ ਹੈ। ਲੋਕਾਂ ਦੀਆਂ ਨੌਕਰੀਆਂ ਖੁਸੀਆ ਹਨ, ਖੇਤੀ ਘਾਟੇ ਦਾ ਸੌਦਾ ਬਣ ਗਈ ਤੇ ਕਿਸਾਨ ਖੇਤ ਮਜ਼ਦੂਰਾਂ ਦੀਆਂ ਆਤਮਹੱਤਿਆਵਾਂ ਵਧੀਆਂ ਹਨ, ਬੇਰੁਜ਼ਗਾਰ ਨੌਜਵਾਨਾਂ 'ਚ ਨਿਰਾਸ਼ਤਾ ਚਰਨ ਸੀਮਾ 'ਤੇ ਹੈ ਅਤੇ ਸਰਕਾਰ ਪ੍ਰਤੀ ਲੋਕਾਂ ਦਾ ਵਿਸ਼ਵਾਸ ਡਾਵਾਂ ਡੋਲ ਹੋਇਆ ਹੈ ਕਿਉਂਕਿ ਉਹ ਲਗਾਤਾਰ ਵਾਅਦਿਆ ਤੋਂ ਮੁਕਰੀ ਹੈ। ਮੋਦੀ ਸਰਕਾਰ ਦੀ ਕਾਰਗੁਜ਼ਾਰੀ ਦਾ ਸ਼ੀਸ਼ਾ ਮੋਦੀ ਦੇ ਆਪਣੇ ਸੂਬੇ ਗੁਜਰਾਤ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਦੇਖਣ ਨੂੰ ਮਿਲਿਆ ਕਿ 1995 ਤੋਂ ਬਾਅਦ ਪਹਿਲੀ ਵੇਰ 182 ਸੀਟਾਂ ਵਿਚੋਂ 99 ਸੀਟਾਂ ਜਿੱਤਕੇ ਹੀ ਭਾਜਪਾ ਆਪਣੀ ਵਜ਼ਾਰਤ ਬਣਾ ਸਕੀ ਜਦਕਿ ਉਹ ਹਰ ਵੇਰ ਸੈਕੜਾ, ਸਵਾ ਸੈਕੜਾ ਮਾਰਦੀ ਸੀ, ਇਥੇ ਮੋਦੀ ਦਾ ਕ੍ਰਿਸ਼ਮਾ ਵੀ ਕੁਝ ਨਾ ਕਰ ਸਕਿਆ।



ਦੇਸ਼ ਵਿੱਚ 10 ਕਰੋੜ (100 ਮਿਲੀਅਨ) ਨੌਜਵਾਨਾਂ ਦੀ ਬੇਰੁਜ਼ਗਾਰਾਂ ਦੀ ਫੌਜ ਹੈ, ਜਿਸ ਲਈ ਮੋਦੀ ਸਰਕਾਰ ਕੁਝ ਵੀ ਨਹੀਂ ਕਰ ਸਕੀ। 2013-14 'ਚ ਪ੍ਰਧਾਨ ਮੰਤਰੀ ਦੀ ਕੁਰਸੀ ਹਥਿਆਉਣ ਸਮੇਂ ਦੇਸ਼ ਦੇ ਕੁਲ ਵੋਟਰਾਂ ਦੇ 65 ਫੀਸਦੀ 18-35 ਸਾਲ ਦੇ ਯੁਵਕਾਂ ਉਤੇ ਟੇਕ ਰੱਖਕੇ, ਉਹਨਾ ਨੂੰ ਨੌਕਰੀਆਂ ਦੇਣ ਦੇ ਸੁਫਨੇ ਮੋਦੀ ਜੀ ਦਿਖਾਉਂਦੇ ਰਹੇ। ਇਹ ਸੁਫਨੇ ਸਿਰਫ ਸੁਫਨੇ ਹੀ ਬਣ ਕੇ ਰਹਿ ਗਏ, ਜਦਕਿ ਹਰ ਵਰ੍ਹੇ ਸਰਕਾਰ ਵਲੋਂ ਪੈਦਾ ਕੀਤੀਆਂ ਨੌਕਰੀਆਂ 'ਚ ਕਮੀ ਦੇਖਣ ਨੂੰ ਮਿਲੀ। ਵਾਅਦਿਆਂ ਦੀ ਨਾ-ਪੂਰਤੀ ਵਿਚੋਂ ਨਿਕਲੀ ਬੇਚੈਨੀ ਵਿਚੋਂ ਹੀ ਗੁਜਰਾਤ ਸੂਬੇ 'ਚੋਂ ਹਾਰਦਿਕ ਪਟੇਲ, ਅਲਪੇਸ਼ ਠਾਕੁਰ ਅਤੇ ਜਗਨੇਸ਼ ਮੇਵਾਲੀ ਜਿਹੇ ਯੁਵਕ ਨੇਤਾਵਾਂ ਦਾ ਜਨਮ ਹੋਇਆ, ਜਿਹਨਾ ਮੋਦੀ ਦੇ ਸ਼ਾਸ਼ਨ ਦੀਆਂ ਚੂਲਾਂ ਹਿਲਾ ਦਿੱਤੀਆਂ। ਇਹਨਾ ਤਿੰਨਾਂ ਯੁਵਕਾਂ ਦੀ ਸਿਆਸਤ 'ਚ ਪਹਿਲਕਦਮੀ ਨੇ ਦੇਸ਼ 'ਚ ਉਸ ਕਿਸਮ ਦੀ ਜਾਤ ਅਧਾਰਤ ਸਿਆਸਤ ਨੂੰ ਮੁੜ ਉਭਾਰਿਆ ਹੈ ਜੋ 1990 'ਚ ਦੇਸ਼ 'ਚ ਪੈਦਾ ਹੋਈ ਸੀ। ਇਸ ਸਿਆਸਤ ਦੇ ਉਭਾਰ ਨਾਲ ਮੋਦੀ ਸਰਕਾਰ ਦਾ ਗੁਜਰਾਤ ਵਿਕਾਸ ਮਾਡਲ ਵੀ ਬੁਰੀ ਤਰ੍ਹਾਂ ਫੇਲ੍ਹ ਹੋਇਆ। ਜਾਤ ਅਧਾਰਤ ਇਹ ਸਿਆਸਤ ਗੁਜਰਾਤ ਤੱਕ ਹੀ ਸੀਮਤ ਨਹੀਂ ਸਗੋਂ ਇਸਦਾ ਪ੍ਰਭਾਵ ਮਹਾਰਾਸ਼ਟਰ ਤੱਕ ਵੀ ਜਾ ਪੁੱਜਾ।

ਮੋਦੀ ਦੇ ਸਾਹਮਣੇ 2018 ਦੀਆਂ 8 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹਨ। ਜਿਹਨਾ ਵਿੱਚ ਰਾਜਸਥਾਨ, ਮੱਧ ਪ੍ਰਦੇਸ਼, ਛਤੀਸ਼ਗੜ੍ਹ ਰਾਜ ਵੀ ਹਨ, ਜਿਥੇ ਭਾਜਪਾ ਰਾਜ ਕਰ ਰਹੀ ਹੈ। ਇਹਨਾ ਰਾਜਾਂ ਦੀਆਂ ਚੋਣਾਂ ਵਿੱਚ ਇਸ ਭਗਵਾਂ ਪਾਰਟੀ ਨੂੰ ਸਰਕਾਰ ਦੀਆਂ ਨਾਕਾਮੀਆਂ ਕਾਰਨ ਵਿਰੋਧ ਝੱਲਣਾ ਪਵੇਗਾ। ਇਹਨਾ ਰਾਜਾਂ ਵਿੱਚ ਵੀ ਜਾਤ ਅਧਾਰਤ ਰਾਜਨੀਤੀ ਜੋਰ ਫੜ ਰਹੀ ਹੈ। ਕਰਨਾਟਕ ਵਿੱਚ ਵੀ ਭਾਜਪਾ ਦੀ ਸਥਿਤੀ ਚੰਗੀ ਨਹੀਂ। ਉਪਰੋਂ ਮੁਸਲਿਮ ਵੋਟਾਂ ਦਾ ਤਿੰਨ ਤਲਾਕ ਮਾਮਲੇ ਉਤੇ ਔਰਤਾਂ ਦੇ ਹੱਕ 'ਚ ਲਏ ਸਟੈਂਡ ਦੇ ਬਾਵਜੂਦ ਵੀ ਉਹਨਾ ਦੇ ਹੱਕ 'ਚ ਆਉਣਾ ਨਾ ਮੁਮਕਿਨ ਜਾਪਦਾ ਹੈ ਕਿਉਂਕਿ ਦੇਸ਼ ਵਿਚਲੀਆਂ ਘੱਟ ਗਿਣਤੀਆਂ ਨਾਲ ਜਿਸ ਕਿਸਮ ਦਾ ਵਿਤਕਰਾ ਹੋ ਰਿਹਾ ਹੈ, ਉਸ ਤੋਂ ਉਹਨਾ ਦਾ ਨਰਾਜ਼ ਹੋਣਾ ਸੁਭਾਵਕ ਹੈ। ਗਊ ਹੱਤਿਆ ਦੇ ਨਾਮ ਤੇ ਮਨੁੱਖ ਹੱਤਿਆ, ਲਵ ਜਿਹਾਦ, ਅਤੇ ਘੱਟ ਗਿਣਤੀ ਲੋਕਾਂ ਦੀ ਕੁਝ ਥਾਵਾਂ 'ਤੇ ਸ਼ਰੇਆਮ ਕੁੱਟ-ਮਾਰ ਉਹਨਾ ਦੇ ਮਨਾਂ 'ਚ ਡਰ-ਭੈਅ ਤਾਂ ਪੈਦਾ ਕਰ ਹੀ ਰਹੀ ਹੈ, ਉਹਨਾ ਦੇ ਮਨਾਂ 'ਚ ਰੋਸ ਵੀ ਵਧ ਰਿਹਾ ਹੈ।

ਇਹੋ ਜਿਹੀ ਸਥਿਤੀ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਲੋਂ ਮੰਦਿਰਾਂ 'ਚ ਜਾਕੇ ਪੂਜਾ ਕਰਨਾ, ਵਿਰੋਧੀ ਧਿਰ ਦੀਆਂ ਹੋਰ ਪਾਰਟੀਆਂ ਨਾਲ ਤਾਲਮੇਲ ਵਧਾਉਣਾ ਮੋਦੀ ਲਈ ਖਤਰੇ ਦੀ ਘੰਟੀ ਬਣ ਰਿਹਾ ਹੈ। ਜੇਕਰ 2018 'ਚ ਹੋਣ ਵਾਲੀਆਂ 8 ਰਾਜਾਂ ਦੀਆਂ ਚੋਣਾਂ 'ਚ ਭਾਜਪਾ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹਿੰਦੀ ਤਾਂ ਸੁਭਾਵਕ ਤੌਰ ਤੇ ਇਸਦਾ ਅਸਰ 2019 ਦੀਆਂ ਲੋਕ ਸਭਾ ਚੋਣਾਂ ਉਤੇ ਪਵੇਗਾ।

ਮੋਦੀ ਲੋਕਾਂ ਲਈ ''ਅੱਛੇ ਦਿਨਾਂ'' ਦੇ ਸੁਨੇਹੇ ਅਤੇ ਭ੍ਰਿਸ਼ਟਾਚਾਰੀ ਨੇਤਾਵਾਂ ਨੂੰ ਸਜ਼ਾ ਦੇਣ ਦੇ ਵਾਇਦੇ ਨਾਲ ਰਾਜ ਸਿੰਘਾਸਨ ਉਤੇ ਬਿਰਾਜਮਾਨ ਹੋਇਆ ਸੀ। ਭ੍ਰਿਸ਼ਟਾਚਾਰ ਦੇ ਕੁਝ ਮਾਮਲਿਆਂ ਦੀ ਫੂਕ ਪਿਛਲੇ ਦਿਨੀਂ ਹੋਏ ਅਦਾਲਤੀ ਫੈਸਲਿਆਂ ਨੇ ਕੱਢ ਦਿੱਤੀ ਹੈ। ਚੋਣਾਂ 'ਚ ਭਾਜਪਾ ਵਲੋਂ ਅਪਰਾਧਿਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਚੋਣਾਂ 'ਚ ਖੜੇ ਕਰਨ, ਬਿਹਾਰ ਵਿੱਚ ਨਿਤੀਸ਼ ਕੁਮਾਰ ਨੂੰ ਆਪਣੇ ਪਾਲੇ ਵਿੱਚ ਲਿਆਉਣ ਅਤੇ ਥਾਂ-ਥਾਂ ਵਿਰੋਧੀ ਧਿਰ ਦੇ ਨੇਤਾਵਾਂ ਉਤੇ ਛਾਪੇਮਾਰੀ ਕਰਨ ਤੇ ਉਹਨਾ ਨੂੰ ਪ੍ਰੇਸ਼ਾਨ ਕਰਨ ਵਰਗੀਆਂ ਘਟਨਾਵਾਂ ਨੇ ਲੋਕਾਂ ਵਿੱਚ ਭਾਜਪਾ ਨੇਤਾਵਾਂ ਪ੍ਰਤੀ ਨਾ-ਪਸੰਦਗੀ ਦਾ ਇਜ਼ਹਾਰ ਕੀਤਾ ਹੈ। ਗੁਜਰਾਤ ਦੀਆਂ 182 ਵਿਧਾਨ ਸਭਾ ਚੋਣਾਂ 'ਚ 30 ਅਸੰਬਲੀ ਸੀਟਾਂ ਉਤੇ ''ਨੋਟਾ'' ਵੋਟਾਂ ਦਾ ਪ੍ਰਭਾਵ ਦੇਖਣ ਨੂੰ ਮਿਲਿਆ, ਇਹਨਾ ਸੀਟਾਂ ਉਤੇ ਇਹ ਨੋਟਾ ਨੇ ਜਿੱਤਣ ਹਾਰਣ ਵਾਲੇ ਭਾਜਪਾ-ਕਾਂਗਰਸੀ ਨੇਤਾਵਾਂ ਨੂੰ ਪ੍ਰਭਾਵਤ ਕੀਤਾ ਹੈ। ਲਗਭਗ 5 ਲੱਖ ਗੁਜਰਾਤੀ ਵੋਟਰਾਂ ਨੇ ਸੂਬੇ 'ਚ ਕਿਸੇ ਵੀ ਉਮੀਦਵਾਰ ਨੂੰ ਪਸੰਦ ਨਹੀਂ ਕੀਤਾ ਅਤੇ ਨੋਟਾ ਦੀ ਵਰਤੋਂ ਕੀਤੀ। ਇਹ ਵੀ ਆਪਣੇ ਆਪ ਵਿੱਚ ਮੋਦੀ ਦੇ ਨਿਕੰਮੇ ਸਾਸ਼ਨ ਨੂੰ ਲੋਕਾਂ ਵਲੋਂ ਨਿਕਾਰਨ ਦੀ ਵੱਡੀ ਮਿਸਾਲ ਹੈ।

ਸਾਲ 2014 ਵਿੱਚ ਮੋਦੀ ਪਿੱਛੇ 25 ਮਿਲੀਅਨ ਆਰ ਐਸ ਐਸ ਵਰਕਰਾਂ ਦਾ ਪ੍ਰੀਵਾਰ ਖੜ੍ਹਾ ਦਿਸਦਾ ਸੀ ਜਿਸਦੀ ਬਦੌਲਤ ਮੋਦੀ ਪ੍ਰਧਾਨ ਮੰਤਰੀ ਹਾਊਸ ਦੀਆਂ ਪੌੜੀਆਂ ਚੜ੍ਹਿਆ। ਪਿਛਲੇ ਤਿੰਨ ਸਾਲਾਂ 'ਚ 56 ਇੰਚੀ ਚੌੜੀ ਛਾਤੀ ਸੁੰਗੜੀ-ਸੁੰਗੜੀ ਉਸ ਵੇਲੇ ਵੀ ਦਿਸੀ, ਜਦੋਂ ਗੁਜਰਾਤ ਚੋਣਾਂ 'ਚ ਉਸਦੀ ਘਗਿਆਈ ਆਵਾਜ਼ ਸੁਣਨ ਨੂੰ ਮਿਲੀ ਕਿਉਂਕਿ ਆਰ ਐਸ ਐਸ ਪਰਿਵਾਰ ਨੇ ਇਹਨਾ ਚੋਣਾਂ 'ਚ ਭਾਜਪਾ ਤੋਂ ਦੂਰੀ ਬਣਾਈ ਰੱਖੀ, ਇਥੇ ''ਯੋਧਾ ਮੋਦੀ'' ਥੱਕਿਆ ਥੱਕਿਆ ਨਜ਼ਰ ਆਇਆ। ਮੋਹਨ ਭਗਵਾਤ ਦਾ, ਅਭਮਨਿਊ, ਮੋਦੀ ਇਸ ਵੇਲੇ ਆਰ ਐਸ ਐਸ ਦੇ ਕਾਡਰ 'ਚ ਕਿਉਂਕਿ ਆਪਣੀ ਥਾਂ ਗੁਆ ਚੁੱਕਾ ਹੈ, ਅਤੇ ਇਸਦਾ ਸੇਕ ਮੋਹਨ ਭਗਵਾਤ ਨੂੰ ਵੀ ਲੱਗ ਰਿਹਾ ਹੈ, ਕਿਉਂਕਿ ਆਰ ਐਸ ਐਸ ਦੇ ਆਸ਼ਿਆਂ ਅਨੁਸਾਰ ਮੋਦੀ ਨਾ ਤਾਂ ਰਾਮ ਮੰਦਿਰ ਦੀ ਉਸਾਰੀ ਕਰਵਾ ਸਕਿਆ ਹੈ ਅਤੇ ਨਾ ਹੀ ਆਰ ਐਸ ਦੇ ਭਗਵਾਂ ਅਜੰਡਾ ਹਿੰਦੀ, ਹਿੰਦੋਸਤਾਨ ਨੂੰ ਲਾਗੂ ਕਰਾਉਣ 'ਚ ਕੋਈ ਕਾਮਯਾਬੀ ਹਾਸਲ ਕਰ ਸਕਿਆ ਹੈ। ਇਸੇ ਤਰ੍ਹਾਂ ਆਰ ਐਸ ਐਸ ਦੀਆਂ ਸੱਜੀਆਂ ਖੱਬੀਆਂ ਬਾਹਵਾਂ ਵਿਸ਼ਵ ਹਿੰਦੂ ਪ੍ਰੀਸ਼ਦ (ਵੀ ਐਚ ਪੀ), ਭਾਰਤੀ ਮਜ਼ਦੂਰ ਸੰਘ (ਬੀ ਐਮ ਐਸ) ਸਵਾਦੇਸ਼ੀ ਜਾਗਰਣ ਮੰਚ ਆਦਿ ਸਮੇਂ ਸਮੇਂ ਮੋਦੀ ਸ਼ਾਸ਼ਨ ਦੀਆਂ ਨਾ ਕਾਮਯਾਬੀਆਂ ਨੂੰ ਉਜਾਗਰ ਕਰਦੇ ਰਹੇ ਹਨ। ਅਸਲ ਵਿੱਚ ਤਾਂ ਇਹ ਮੋਦੀ-ਭਗਵਤ ਦਾ ਵਿਰੋਧ ਵੀ ਹੈ ਜੋ ਇਹਨਾ ਦਿਨਾਂ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਪ੍ਰਵੀਨ ਤੋਗੜੀਆ ਵਲੋਂ ਸਿੱਧਾ ਮੋਦੀ ਉਤੇ ਦੋਸ਼ ਲਾਕੇ ਪ੍ਰਗਟ ਵੀ ਕੀਤਾ ਜਾ ਰਿਹਾ ਹੈ।

ਆਰ ਐਸ ਐਸ ਜੋ 1925 'ਚ ਦੇਸ਼ 'ਚ ਹੋਂਦ ਵਿੱਚ ਆਈ, ਭਾਜਪਾ ਦੀ ਸਮਾਜਿਕ, ਸਭਿਆਚਾਰਕ, ਅਤੇ ਆਤਮਿਕ ਗੁਰੂ ਹੈ। ਤਦੇ ਆਰ ਐਸ ਐਸ ਦਾ ਸਿਆਸੀ ਫਰੰਟ ਭਾਜਪਾ ਹੈ। ਇਸੇ ਕਰਕੇ ਆਰ ਐਸ ਐਸ ਨੇ 2014 'ਚ ਪੂਰਾ ਤਾਣ ਲਾਕੇ ਭਾਜਪਾ ਨੂੰ ਜਿਤਾਇਆ। ਮੋਦੀ ਨੂੰ ਪ੍ਰਧਾਨ ਮੰਤਰੀ ਬਣਾਇਆ। ਹੁਣ ਮੋਦੀ ਪ੍ਰਤੀ ਆਰ ਐਸ ਐਸ ਕਾਡਰ ਵਿਚਲੀ ਨਿਰਾਸ਼ਤਾ ਅਤੇ ਨੇਤਾਵਾਂ ਦੀ ਆਪਸੀ ਖਿੱਚੋਤਾਣ 2019 'ਚ ਮੋਦੀ ਦੇ ਮੁੜ ਪ੍ਰਧਾਨ ਮੰਤਰੀ ਬਨਣ 'ਚ ਰੁਕਾਵਟ ਬਣੇਗੀ ਕਿਉਂਕਿ ਆਰ ਐਸ ਐਸ ਦਾ ਵੱਡਾ ਕਾਡਰ ਮੋਦੀ ਤੋਂ ਮੁੱਖ ਮੋੜ ਚੁੱਕਾ ਹੈ, ਜੋ ਕਿ ਗੁਜਰਾਤ ਚੋਣਾਂ ਵਿੱਚ ਵੀ ਦੇਖਣ ਨੂੰ ਮਿਲਿਆ।

## ਔਖਾ ਏ ਮਨਾਉਣਾ ਯਾਰ ਨੂੰ

ਕਹਿਦੇ ਰੱਬ ਨੂੰ ਮੁਨਉਣਾ ਯਾਰੋ ਸੋਖਾ
ਔਖਾ ਏ ਮਨਾਉਣਾ ਯਾਰ ਨੂੰ

ਮੇਰਾ ਯਾਰ ਹੀ ਮੇਰੀ ਜਿੰਦ ਜਾਨ ਏ
ਇੰਕੇ ਇੱਕ ਮੇਰੇ ਉਹੀ ਪਹਿਚਾਣ ਏ
ਜਾਨ ਵਾਰ ਦੇਵਾ ਨਾ ਦੇਵਾ ਕਦੇ ਥੋਖਾ
ਔਖਾ ਏ ਮਨਾਉਣਾ ਯਾਰ ਨੂੰ -----

ਹੋਇਆ ਯਾਰ ਹੁਣ ਮੇਰੀ ਤਕਦੀਰ ਏ
ਦਿਲੋ ਕੱਢਾਂ ਨਾ ਮੈ ਉਹਦੀ ਤਸਵੀਰ ਵੇ
ਉਹਦੀ ਯਾਦ ਤੇ ਨਾ ਫੇਰਾ ਕਦੇ ਪੋਚਾ
ਔਖਾ ਏ ਮਨਾਉਣਾ ਯਾਰ ਨੂੰ ---

ਮੇਰੇ ਦਿਲ ਦੀਆਂ ਸਭੇ ਉਹ ਜਾਣਦਾ
ਖੌਰੇ ਕਿਹੜੀ ਗੱਲੋ ਹੁਣ ਨਹੀ ਪਛਾਣਦਾ
ਐਨਾ ਰੋਏ ਪੈਗਿਆ ਹੰਝੂਆ ਦਾ ਸੋਕਾ
ਔਖਾ ਏ ਮਨਾਉਣਾ ਯਾਰ ਨੂੰ ----

ਮੈਨੂੰ ਲੱਗੇ " ਢੇਸੀ " ਹੁਣ ਮਰ ਜਾਊ ਵੇ
ਤੈਨੂੰ ਅਗਲੇ ਜਨਮ ਹੀ ਥਿਆਊ ਵੇ
ਸਾਹ ਆਖਰੀ ਦਿੱਦੇ ਨੇ ਪਏ ਹੋਕਾ
ਔਖਾ ਏ ਮਨਾਉਣਾ ਯਾਰ ਨੂੰ -----

**- ਗੈਰੀ ਢੇਸੀ ਕਰਮਨ**

## ਪਰਵਿੰਦਰ ਸਿੰਘ ਗਿੱਲ ਦੇ ਵਿਆਹ ਮੌਕੇ ਛੱਤ ਤੇ ਮੰਜੇ ਜੋੜ ਕੇ ਲਾਏ ਸਪੀਕਰ

**ਘੱਲਕਲਾਂ (ਬਲਰਾਜ ਸਿੰਘ)-** ਸਮਾਂ ਬੜਾ ਬਲਵਾਨ ਹੈ ਅਤੇ ਇਸਨੇ ਕਈ ਰੰਗ ਵਿਖਾਏ ਹਨ ਅਤੇ ਦੇਸ਼ ਨੇ ਵਿਕਾਰ ਦੀਆ ਪੁਲਾਘਾਂ ਪੁੱਟੀਆਂ ਹਨ ਜਿਸ ਕਰਕੇ ਪੁਰਾਣੀਆਂ ਰੰਗਢੰਗ ਤੌਰ ਤਰੀਕੇ ਬਦਲ ਗਏ ਹਨ ਅਤੇ ਨਵੀਆਂ ਨੇ ਥਾਂ ਲੈ ਲਈ ਹੈ। ਅਜੇ ਵੀ ਕਈਆਂ ਨੂੰ ਯਾਦ ਹੋਵੇਗਾ ਕਿ ਜਦੋਂ ਕਿਸੇ ਦੇ ਵਿਆਹ ਸ਼ਾਦੀ ਮੰਗਣਾ ਜਾਂ ਕੋਈ ਸਮਾਗਮ ਹੁੰਦਾ ਸੀ ਤਾਂ ਬਰਾਤੀਆਂ ਮਹਿਮਾਨਾਂ ਨੂੰ ਜੰਞ ਘਰ ਵਿਚ ਠਹਿਰਾਇਆ ਜਾਂਦਾ ਸੀ। ਬਾਕੀ ਦੇ ਕੰਮ ਚਾਹ ਪਾਣੀ ਪਾਣਪੀਣ ਦਾ ਸਾਰਾ ਕੰਮ ਘਰ ਵਿਚ ਕੀਤਾ ਜਾਂਦਾ ਸੀ ਅਤੇ ਅਨੰਦ ਕਾਰਜ ਵੀ ਘਰਾਂ ਵਿਚ ਹੁੰਦੇ ਸਨ। ਸਮੇਂ ਦੀ ਕਰਵਟ ਨੇ ਸਭ ਬਦਲਤਾ। ਉਨ੍ਹਾਂ ਸਮਿਆਂ ਵਿਚ ਛੱਤ ਤੇ ਮੰਜੇ ਜੋੜ ਕੇ ਰੱਸਿਆਂ ਨਾਲ ਸਪੀਕਰ ਬੰਨੇ ਜਾਂਦੇ ਸਨ ਇਹ ਕੰਮ ਲਈ ਪਹਿਲਾਂ ਹੀ ਸਪੀਕਰਾਂ ਵਾਲਾ ਬੁੱਕ ਕੀਤਾ ਜਾਂਦਾ ਸੀ। ਇਹ ਸਪੀਕਰ ਹਫਤਾ ਹਫਤਾ ਪਹਿਲਾਂ ਲਾਏ ਜਾਂਦੇ ਸਨ ਅਤੇ ਸ਼ੌਕੀਨ ਮੁੰਡੇ ਮਸ਼ੀਨ ਵਾਲੇ ਕੋਲ ਬੈਠ ਕੇ ਮਨਪਸੰਦ ਦੇ ਗਾਣੇ ਲਵਾਕੇ ਸੁਣਦੇ ਸਨ।



ਇਹ ਮਸ਼ੀਨਾਂ ਚਾਬੀ ਘੁਮਾਕੇ ਫਿਰ ਚੱਲਦੀਆਂ ਸੀ ਅਤੇ ਇੱਕ ਤਵੇ ਤੇ ਇੱਕ ਹੀ ਸੂਈ ਲੱਗਦੀ ਸੀ ਅਤੇ ਕਈ ਮੁੰਡੇ ਸਿਰਫ ਸੂਈਆਂ ਚੁੱਕਣ ਲਈ ਕੋਲ ਬੈਠਦੇ ਸਨ। ਇਹ ਇੱਕ ਵੱਖਰਾ ਸੱਭਿਆਚਾਰ ਸੀ ਜਿਹੜਾ ਹੁਣ ਅਲੋਪ ਹੋਣ ਦੇ ਕਿਨਾਰੇ ਹੈ। ਸਪੀਕਰਾਂ ਦੀ ਥਾਂ ਡੀ.ਜੇ. ਨੇ ਲੈ ਲਈ ਅਤੇ ਸਾਰੇ ਸਮਾਗਮਾਂ ਵਿਚ ਡੀ.ਜੇ. ਹੀ ਪ੍ਰਧਾਨ ਹੁੰਦਾ ਹੈ। ਕਾਫੀ ਸਮੇਂ ਬਾਅਦ ਪਿੰਡ ਘੱਲਕਲਾਂ ਦੇ ਪਰਵਿੰਦਰ ਸਿੰਘ ਗਿੱਲ ਦੇ ਵਿਆਹ ਵਿਚ ਪੁਰਾਤਨ ਸੱਭਿਆਚਾਰ ਦੇਖਣ ਨੂੰ ਮਿਲਿਆ ਅਤੇ ਘਰ ਦੀ ਗਲੀ ਵਿਚ ਰੱਸੀਆਂ ਲਾ ਕੇ ਰੰਗ ਬਰੰਗੀਆਂ ਝੰਡੀਆਂ ਲਈਆਂ ਗਈਆਂ ਅਤੇ ਘਰ ਦੀ ਛੱਤ ਤੇ ਮੰਜੇ ਜੋੜ ਕੇ ਸਪੀਕਰ ਲਾਏ ਗਏ ਅਤੇ ਮੁੰਡਿਆਂ ਨੇ ਪੁਰਾਤਨ ਸੱਭਿਆਚਾਰ ਦਾ ਖੂਬ ਆਨੰਦ ਮਾਣਿਆ। ਇਸ ਮੌਕੇ ਪਰਵਿੰਦਰ ਸਿੰਘ ਗਿੱਲ ਅਤੇ ਉਸਦੇ ਪਿਤਾ ਹਰਦੇਵ ਸਿੰਘ ਗਿੱਲ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੀਆਂ ਪੁਰਾਣੀਆਂ ਰਹਿਰੀਤਾਂ ਬਣਾਈ ਰੱਖਣੀਆਂ ਚਾਹੀਦੀਆਂ ਹਨ ਅਤੇ ਸਾਨੂੰ ਨੌਜਵਾਨਾਂ ਨੂੰ ਪੁਰਾਤਨ ਵਿਰਸੇ ਨਾਲ ਜੋੜਨਾ ਚਾਹੀਦਾ ਹੈ।



# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



**DHANDHAN SRI GURU RAVIDASS JI**

**Bole' So Nirbhay! Guru Ravidass Maharaj Ki Jai!**

## Guru Piari Sadh Sangat Ji

**Devoted families are requesting entire Sangat to attend the following functions:**

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

Sri Guru Ravidass Sabha CA, Pittsburg is celebrating the 641st Parkash Utsav of SATGURU RAVIDASS JI on Sunday, February 4, 2018 at the temple as per program noted below:

**ARAMBH SHRI AKHAND PATH February 02, 2018 (Friday) 9:30 AM,**
**BHOG SHRI AKHAND PATH - February 04, 2018 (Sunday) 9:30 AM, KIRTAN DIWAN - After Bhog Ceremony until 2:30 PM**

Sangat will perform Langer and Path Sewa for this program. Prominent Kirtankars, distinguished Speakers and community leaders well versed with life and teachings of Satguru Ravidass ji will adorn the occasion.

Nishan Sahib Hoisting Ceremony February 03, 2018 (Saturday) at 3:00 PM.

Bhai Vinod Chumber and Bibi Pam Chumber are hosting the Nishan Sahib Sewa this year.

The Management Committee requests volunteers to help and assist to prepare and serve Langar, keep kitchen and Gurughar clean and organized, directing traffic/parking, and other Sewa.

**For Food and Vending stalls or any other sewa, please contact:**

**Chairman Ramesh Suman (925)366-3618 ,**
**President Kashmiri Bhatia (408)460-0262**
**General Secretary Dilbag Singh (209)834-4641.**
**Vice Chairman Narinder Chahal 209)627-7974**

The remodeling work going on in the Gurughar is obvious to the sangat.All the windows have been replaced and building is being retextured and painted along with other improvements by the dedicated family of Mr.Hardial Banga and Mrs Kalwant Banga at their own cost The entire community is thankful to the Banga family for their physical and monetary Karsewa. May Waheguru fulfill all their desires and keep the family in CHARDIKALA.

There are still few other projects pending that need to get off the ground. The next huge project will be to complete the front elevation and entrance and install domes as shown in the model site plan pictures being shown in the LANGAR HALL of Gurughar. In last few years, lot of improvements have been made with the help and support of SANGAT. The managing committee thank all the SANGAT for their continued financial support. These improvements were not possible without the support and help from everyone.

The entire sangat is once again requested to come forward with the same enthusiasm to start and complete the rest of the projects within the time frame given by the City of Pittsburg.

**THE ENTIRE SANGAT AND THEIR FAMILIES ARE HUMBLY REQUESTED TO BE THE PART OF THE PRAKASH UTSAV CELEBRATIONS AND GET BLESSINGS FROM FEB.2nd to FEB.4th.**

**Entire Sangat is requested to come with families and friends.**

***"NANAK NAM CHARDI KALA TERE BHANE SARBAT DA BHALA"***

**Sangat Sewadars**

**Chairman** Ramesh Suman | **President** Kashmiri Bhatia | **General Secretary** Dilbag Singh | **Treasurer** Vinod Kumar



ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥

# ਸਤਿਗੁਰੂ ਰਵਿਦਾਸ ਜੀ ਦੇ 641ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਅਤੇ ਸਮੁੱਚੀ ਸਿੱਖ ਕੌਮ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 4 ਫਰਵਰੀ 2018 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਅਖੰਡ ਪਾਠ ਸਾਹਿਬ 2 ਫਰਵਰੀ 2018 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 4 ਫਰਵਰੀ 2018 (ਦਿਨ ਐਤਵਾਰ) ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਕਸ਼ਮੀਰੀ ਭਾਟੀਆ ਅਤੇ ਸ੍ਰੀਮਤੀ ਕਮਲਜੀਤ ਭਾਟੀਆ

## ਬੇਨਤੀ ਕਰਤਾ- ਪ੍ਰਧਾਨ ਕਸ਼ਮੀਰੀ ਭਾਟੀਆ (408) 460-0262




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kamaljit Bhatia - Kashmiri Bhatia

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

# ਸਤਿਗੁਰੂ ਰਵਿਦਾਸ ਜੀ ਦੇ 641ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਰਵਿਦਾਸ ਨਾਮ ਲੇਵਾ ਸੰਗਤ ਅਤੇ ਸਮੁੱਚੀ ਸਿੱਖ ਕੌਮ ਨੂੰ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਗੁਰੂ ਘਰ ਪਿਟਸਬਰਗ ਵਿਖੇ 4 ਫਰਵਰੀ 2018 ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਅਖੰਡ ਪਾਠ ਸਾਹਿਬ 2 ਫਰਵਰੀ 2018 (ਦਿਨ ਸ਼ੁੱਕਰਵਾਰ) ਨੂੰ ਪ੍ਰਾਰੰਭ ਹੋਣਗੇ ਅਤੇ 4 ਫਰਵਰੀ 2018 (ਦਿਨ ਐਤਵਾਰ) ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਦੁਪਹਿਰ 2:30 ਵਜੇ ਤੱਕ ਹੋਣਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।


ਰਮੇਸ਼ ਸੁੰਮਨ ਅਤੇ ਸ਼੍ਰੀਮਤੀ ਗਿਆਨ ਸੁੰਮਨ

## ਬੇਨਤੀ ਕਰਤਾ- ਚੇਅਰਮੈਨ ਰਮੇਸ਼ ਸੁੰਮਨ (925) 366-3618


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



**ਸਿੱਖ ਕੌਮ ਦੀ ਮਹਾਨ ਸ਼ਖਸੀਅਤ ਅਤੇ ਸਿਰਮੌਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਵਸ ਦੀਆਂ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ। ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੌਮ ਦੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਦੀਆਂ ਕੌਮ ਲਈ ਕੁਰਬਾਨੀਆਂ ਬਦਲੇ ਉਹਨਾਂ ਦਾ ਜਨਮ ਦਿਨ ਪੂਰਨ ਉਤਸ਼ਾਹ ਨਾਲ ਮਨਾਈਏ।**



ਫਾਇਲ ਚਿੱਤਰ

# Baba Deep Singh Welfare Society USA

## ਕੋਰੇਗਾਓਂ ਭੀਮਾ ਤੋਂ ਅਮਰ ਸੰਦੇਸ਼

# ਬਾਬਾ ਸਾਹਿਬ ਦਾ ਸਵੈਮਾਣ ਕਾਰਵਾਂ ਰੁਕਣ ਵਾਲਾ ਨਹੀਂ



ਕੇ. ਸੀ. ਸੁਲੇਖ
0172-4623503

ਦਲਿਤ ਸਵੈਮਾਨ ਦਾ ਕਾਰਵਾਂ ਜਿਸ ਨੂੰ 100 ਸਾਲ ਪਹਿਲਾਂ ਦਲਿਤਾਂ ਸ਼ੋਸ਼ਿਤਾਂ ਨਿਰਬਲਾਂ ਦੇ ਮਸੀਹਾ ਬਾਬਾ ਸਾਹਿਬ ਨੇ ਹਜ਼ਾਰਾਂ ਔਕੜਾਂ ਅਤੇ ਮੁਸ਼ਕਿਲਾਂ ਤੋਂ ਬਾਅਦ ਆਜ਼ਾਦੀ, ਸਮਾਨਤਾ ਅਤੇ ਆਤਮ ਸਨਮਾਨ ਦੀ ਰਾਹ 'ਤੇ ਤੋਰਿਆ ਸੀ, ਦੁਨੀਆ ਦੇਖ ਰਹੀ ਹੈ ਕਿ ਉਹ ਅੱਜ ਕਿੰਨੀ ਸ਼ਾਨ ਅਤੇ ਮਾਣ ਨਾਲ ਅੱਗੇ ਵਧਦਾ ਜਾ ਰਿਹਾ ਹੈ! ਜਿਸ ਦਾ ਪ੍ਰਤੱਖ ਸਬੂਤ ਵੀ ਦੁਨੀਆ ਨੇ ਕਈ ਹੋਰ ਘਟਨਾਵਾਂ ਦੇ ਨਾਲ-ਨਾਲ ਮਹਾਰਾਸ਼ਟਰ ਵਿਚ ਚੜ੍ਹਦੇ ਸਾਲ ਹੀ ਦੇਖ ਲਿਆ ਹੈ। ਆਰ. ਐਸ. ਐਸ. (ਸੰਘ)ਅਤੇ ਭਾਜਪਾ ਦੇ ਏਜੰਡੇ ਅਨੁਸਾਰ ਕੰਮ ਕਰ ਰਹੀਆਂ ਸ਼ਿਵ ਪ੍ਰਤਿਸ਼ਠਾਨ ਅਤੇ ਹਿੰਦੂ ਏਕਤਾ ਅਗਾਢੀ ਵਰਗੀਆਂ ਕੱਟੜਪੰਥੀ ਸੰਸਥਾਵਾਂ ਦੇ ਨੇਤਾ ਸੰਭਾ ਜੀ ਭਿਡੇ ਅਤੇ ਮਿਲਿੰਦ ਏਕਬੋਟੇ ਨੂੰ ਅੱਗੇ ਕਰਕੇ ਉਹਨਾਂ ਦਲਿਤ ਅਣਖ ਨੂੰ ਵੰਗਾਰ ਦਿੱਤੀ ਤਾਂ ਉਹਨਾਂ ਨੂੰ ਜੋ ਅੱਗਿਓਂ ਜਵਾਬ ਮਿਲਿਆ, ਉਸ ਨਾਲ ਉਹਨਾਂ ਦੇ ਹੋਸ਼ ਟਿਕਾਣੇ ਆਉਣਾ ਨਿਸ਼ਚਿਤ ਹੈ। ਕੋਰੇਗਾਓਂ ਪੂਨੇ ਨੇੜੇ ਇਕ ਇਤਿਹਾਸਕ ਸਥਾਨ ਹੈ, ਜਿੱਥੇ ਇਕ ਜਨਵਰੀ 1818 ਨੂੰ ਅਛੂਤ ਮਹਾਰ ਫੌਜੀਆਂ ਨੇ ਅੰਗਰੇਜ਼ ਈਸਟ ਇੰਡੀਆ ਕੰਪਨੀ ਦੀ ਤਰਫ਼ੋਂ ਲੜਦੇ ਹੋਏ ਉਸ ਵੇਲੇ ਦੇ ਜਾਲਮ ਪੇਸ਼ਵਾ ਸ਼ਾਸਕ ਬਾਜੀਰਾਓ ਦੂਜੇ ਨੂੰ ਉਸ ਦੀ 25 ਹਜ਼ਾਰ ਦੀ ਫੌਜ ਸਮੇਤ ਮਾਰ ਭਜਾਇਆ ਸੀ, ਜਿਸ ਦੇ ਨਾਲ ਹੀ ਉਸ ਜਾਲਮ ਪੇਸ਼ਵਾ ਰਾਜ ਦਾ ਵੀ ਹਮੇਸ਼ਾ ਲਈ ਖਾਤਮਾ ਹੋ ਗਿਆ। ਇਸ ਲੜਾਈ ਵਿਚ ਮਹਾਰ ਰਜਿਮੈਂਟ ਦੇ ਪੰਜ ਸੌ ਜਵਾਨ ਸ਼ਹੀਦ ਹੋ ਗਏ ਲੇਕਿਨ ਜਿਸ ਬਹਾਦਰੀ ਅਤੇ ਦ੍ਰਿੜ੍ਹ ਹੌਸਲੇ ਨਾਲ ਲੜਦੇ ਪੇਸ਼ਵਾ ਰਾਜ ਦਾ ਖਾਤਮਾ ਕੀਤਾ, ਉਸ ਵਿਚ ਉਹਨਾਂ ਦੇ ਦਿਲਾਂ ਵਿਚ ਅੰਗਰੇਜ਼ਾਂ ਦੀ ਸਹਾਇਤਾ ਕਰਨ ਦਾ ਜਜ਼ਬਾ ਘੱਟ ਪੇਸ਼ਵਾ ਦੇ ਕੀਤੇ ਜਾ ਰਹੇ ਜ਼ੁਲਮਾਂ ਅਤਿਆਚਾਰਾਂ ਦੇ ਖ਼ਿਲਾਫ਼ ਗੁੱਸੇ ਦੀਆਂ ਭਾਵਨਾਵਾਂ ਜ਼ਿਆਦਾ ਕੰਮ ਕਰ ਰਹੀਆਂ ਸਨ।

ਮਿਥਿਹਾਸਕ ਯੁੱਗ ਵਿਚ ਅਛੂਤ ਬਣਾਏ ਗਏ ਲੋਕਾਂ ਨਾਲ ਜੋ ਗੈਰ ਇਨਸਾਫੀ ਸਲੂਕ ਹੁੰਦਾ ਰਿਹਾ, ਉਹਨਾਂ ਕਿੱਸੇ ਕਹਾਣੀਆਂ ਨੂੰ ਨਾ ਵੀ ਯਾਦ ਕੀਤਾ ਜਾਵੇ ਪਰ ਮਨੂੰ ਦੀ ਰਚੀ ਹੋਈ ਸਮਾਜਿਕ ਵਿਵਸਥਾ ਨੂੰ ਇਸ ਇਤਿਹਾਸਕ ਯੁੱਗ ਵਿਚ ਉਸ ਦੇ ਸੰਪੂਰਨ ਰੂਪ ਵਿਚ ਜੇ ਕਿਸੇ ਰਾਜੇ ਜਾਂ ਹਾਕਮ ਨੇ ਲਾਗੂ ਕੀਤਾ ਤਾਂ ਉਹ ਪੇਸ਼ਵਾ ਰਾਜਾ ਹੀ ਸੀ। ਅੱਜ ਦੇ ਯੁੱਗ ਵਿਚ ਉਸ ਦੇ ਕੀਤੇ ਅਮਾਨਵੀ ਅਤਿਆਚਾਰਾਂ ਦੀਆਂ ਗੱਲਾਂ ਸੁਣ/ਪੜ੍ਹ ਕੇ ਰੂਹ ਕੰਬਣ ਲੱਗ ਪੈਂਦੀ ਹੈ ਅਤੇ ਸ਼ੱਕ ਹੋਣ ਲੱਗ ਪੈਂਦਾ ਹੈ ਕਿ ਉਹ ਰਾਜਾ ਇਨਸਾਨ ਸੀ ਜਾਂ ਇਨਸਾਨ ਦੇ ਰੂਪ ਵਿਚ ਕੋਈ ਸ਼ੈਤਾਨ। ਅਛੂਤ ਲੋਕਾਂ ਦੀ ਛੋਹ ਤਾਂ ਇਕ ਪਾਸੇ ਉਹਨਾਂ ਦੀ ਛਾਂ, ਆਵਾਜ਼ ਅਤੇ ਦਿੱਖ ਵੀ ਘ੍ਰਿਣਾ ਯੋਗ ਮਨਹੂਸ ਸੀ। ਉਹਨਾਂ ਲੋਕਾਂ ਨੂੰ ਆਪਣੇ ਗਲੇ ਵਿਚ ਥੁੱਕਣ ਲਈ ਕੁੱਜਾ ਅਤੇ ਆਪਣੇ ਪਿੱਛੇ ਪੱਤਿਆਂ ਕੰਡਿਆਂ ਦੇ ਛਾਪੇ (ਝਾੜੀ) ਬੰਨ੍ਹਣੇ ਪੈਂਦੇ ਸਨ ਤਾਂ ਜੋ ਉਹਨਾਂ ਦੇ ਥੁੱਕ ਜਾਂ ਪੈਰਾਂ ਦੇ ਨਿਸ਼ਾਨਾਂ ਨਾਲ ਉੱਚ ਜਾਤੀਏ ਸਵਰਨ ਲੋਕ ਭਿੱਟੇ ਨਾ ਜਾਣ। ਉਹਨਾਂ ਦਾ ਧਰਮ ਨਾ ਭ੍ਰਿਸ਼ਟ ਹੋ ਜਾਵੇ। ਅਜਿਹੇ ਜਾਲਮ ਰਾਜਾ ਦੇ ਖ਼ਿਲਾਫ਼ ਲੜਦੇ ਜਿਹਨਾਂ ਬਹਾਦਰ ਸੈਨਿਕਾਂ ਨੇ ਆਪਣੇ ਪ੍ਰਾਣ ਨਿਛਾਵਰ ਕੀਤੇ, ਉਹਨਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਬਾਅਦ ਵਿਚ ਉਸ ਜਗ੍ਹਾ ਨੂੰ ਸਦੀਵੀ ਬਣਾਉਣ ਲਈ ਬਾਅਦ ਵਿਚ ਉਸ ਜਗ੍ਹਾ 'ਤੇ ਇਕ ਸ਼ਾਨਦਾਰ ਯਾਦਗਾਰੀ ਸਤੰਭ ਉਸਾਰਿਆ ਗਿਆ, ਜਿਸ ਉੱਤੇ ਉਹਨਾਂ ਸ਼ਹੀਦ ਜਰਨੈਲਾਂ ਦੇ ਨਾਮ ਵੀ ਉੱਕਰੇ ਗਏ। ਇਸ ਸਤੱਭ ਨੂੰ ਪਵਿੱਤਰ ਸਥਾਨ ਦਾ ਦਰਜਾ ਦੇ ਕੇ ਦਲਿਤ ਲੋਕ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਹਰ ਸਾਲ ਪਹਿਲੀ ਜਨਵਰੀ ਨੂੰ ਉਹਨਾਂ ਨੂੰ ਸ਼ਰਧਾਂਜਲੀ ਦਿੰਦੇ ਹਨ। ਇਸੇ ਭਾਵਨਾਤਮਕ ਜਜ਼ਬੇ ਨਾਲ ਬਾਬਾ ਸਾਹਿਬ ਅੰਬੇਡਕਰ 1927 ਵਿਚ ਉਸ ਸਥਾਨ 'ਤੇ ਗਏ ਅਤੇ ਉਸ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਦਿਆਂ ਉਸ ਸਤੱਭ ਦਾ ਨਾਮ ਵਿਜੇ ਸਤੰਭ ਐਲਾਨ ਕੀਤਾ। ਉਸ ਤੋਂ ਬਾਅਦ ਬਾਬਾ ਸਾਹਿਬ ਹਰ ਸਾਲ ਜਾਂਦੇ ਰਹੇ। ਇਸ ਸਾਲ ਉਸ ਇਤਿਹਾਸਕ ਜਿੱਤ ਦੀ ਦੋ ਸੌ ਸਾਲਾ ਵਰ੍ਹੇ-ਗੰਢ (ਯਾਦ) ਮਨਾਉਣ ਲਈ ਦੇਸ਼ ਦੇ ਕੋਨੇ ਕੋਨੇ ਤੋਂ ਆਏ ਪੰਜ ਲੱਖ ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ, ਜਿਸ ਵਿਚ ਵੱਖ-ਵੱਖ 250 ਦਲਿਤ ਜਥੇਬੰਦੀਆਂ/ ਸੰਸਥਾਵਾਂ ਨੇ ਪੂਰੇ ਜੋਸ਼ ਅਤੇ ਸ਼ਰਧਾ ਭਾਵ ਨਾਲ ਹਿੱਸਾ ਲਿਆ। ਇਹ ਦਿਨ ਇਲਾਕੇ ਦੇ ਲੋਕਾਂ ਲਈ ਹਿੰਦੂਆਂ ਦੇ ਦੁਸਹਿਰੇ/ਦੀਵਾਲੀ ਤੋਂ ਵੀ ਵੱਧ ਯਾਦਗਾਰੀ ਤਿਉਹਾਰ ਬਣ ਗਿਆ ਹੈ। ਲੇਕਿਨ ਦਲਿਤ ਲੋਕਾਂ ਦੇ ਦਿਲਾਂ ਵਿਚ ਆਪਣੇ ਯਾਦਗਾਰੀ ਤਿਉਹਾਰਾਂ ਜਾਂ ਸਮਾਰਕਾਂ ਪ੍ਰਤੀ ਉਭਰਿਆ ਜੋਸ਼ ਅਤੇ ਰੁਝਾਨ ਸਵਰਨ ਜਾਤੀਆਂ (ਕੱਟੜਪੰਥੀਆਂ) ਨੂੰ ਕਿਵੇਂ ਬਰਦਾਸ਼ਤ ਹੋ ਸਕਦੈ? ਜਿਸ ਜਾਤ ਘੁਮੰਡ ਦਾ ਪ੍ਰਗਟਾਵਾ ਉਹਨਾਂ ਨੇ ਆਖਿਰ ਪਹਿਲੀ ਜਨਵਰੀ ਨੂੰ ਕਰ ਹੀ ਦਿੱਤਾ ਜਦ ਉਹਨਾਂ ਨੇ ਸੋਚੀ ਸਮਝੀ ਵਿਉਂਤ ਅਨੁਸਾਰ ਸਤੰਭ ਤੋਂ ਸ਼ਾਂਤੀ ਪੂਰਵਕ ਵਾਪਸ ਆ ਰਹੇ ਲੋਕਾਂ ਤੇ ਪੱਥਰ ਬਰਸਾਣੇ ਸ਼ੁਰੂ ਕਰ ਦਿੱਤੇ। ਅਚਾਨਕ ਮਚੀ ਇਸ ਪੱਥਰਬਾਜ਼ੀ ਵਿਚ ਇਕ ਵਿਅਕਤੀ ਦੀ ਪੱਥਰਾਂ ਨਾਲ ਮੌਤ ਵੀ ਹੋ ਗਈ। ਇਸ ਖ਼ਬਰ ਦੇ ਫੈਲਣ ਨਾਲ ਲੱਖਾਂ 'ਚ ਇਕੱਠੇ ਹੋਏ ਲੋਕਾਂ ਵਿਚ ਗੁੱਸੇ ਦੀ ਅੱਗ ਭੜਕਣਾ ਕੁਦਰਤੀ ਸੀ, ਜਿਸ ਦੇ ਕਾਰਨ ਗੁੱਸੇ ਦੀ ਅੱਗ ਨੇ ਛੇਤੀ ਹੀ ਮਹਾਰਾਸ਼ਟਰ ਦੇ ਸਭ ਸ਼ਹਿਰਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਭੜਕੀ ਹੋਈ ਭੀੜ ਨੇ ਬੱਸਾਂ ਅਤੇ ਦੁਕਾਨਾਂ ਦੀ ਤੋੜ-ਫੋੜ ਕਰਨ ਤੋਂ ਇਲਾਵਾ ਗੱਡੀਆਂ ਅਤੇ ਹੋਰ ਟ੍ਰੈਫਿਕ ਨੂੰ ਵੀ ਰੋਕ ਦਿੱਤਾ। ਵਿਗੜਦੇ ਹਾਲਾਤ ਨੂੰ ਦੇਖਦੇ ਖੁਦ ਮੁੱਖ ਮੰਤਰੀ ਫਡਨਵੀਸ ਨੂੰ ਅੱਗੇ ਆਉਣਾ ਪਿਆ, ਜਿਸ ਨੇ ਮਰਨ ਵਾਲੇ ਵਿਅਕਤੀ ਦੇ ਘਰ ਵਾਲਿਆਂ ਨੂੰ 10 ਲੱਖ ਦੇ ਮੁਆਵਜ਼ੇ ਅਤੇ ਨਿਆਇਕ ਪੁੱਛ-ਪੜਤਾਲ ਦਾ ਐਲਾਨ ਵੀ ਕੀਤਾ। ਉਪੱਦਰੀ ਨੇਤਾਵਾਂ ਸੰਭਾ ਜੀ ਭਿਡੇ ਅਤੇ ਮਿਲਿੰਦ ਏਕਬੋਟੇ ਦੇ ਖ਼ਿਲਾਫ਼ ਇਸ ਫਸਾਦ ਲਈ ਮੁਕੱਦਮੇ ਵੀ ਦਰਜ ਹੋਏ (ਲੇਕਿਨ ਗ੍ਰਿਫਤਾਰੀ ਕਿਸੇ ਦੀ ਨਹੀਂ ਹੋਈ)। ਇਸ ਦੁਖਦਾਈ ਘਟਨਾ ਤੇ ਰੋਸ ਅਤੇ ਗੁੱਸੇ ਵਜੋਂ ਮਹਾਰਾਸ਼ਟਰ ਭਰ ਵਿਚ 3 ਜਨਵਰੀ ਨੂੰ ਵਿਆਪਕ ਬੰਦ ਦਾ ਐਲਾਨ ਕੀਤਾ ਗਿਆ, ਜਿਸ ਦੀ ਕਮਾਨ ਬਾਬਾ ਸਾਹਿਬ ਦੇ ਪੋਤੇ ਸਾਬਕਾ ਐਮ. ਪੀ. ਪ੍ਰਕਾਸ਼ ਅੰਬੇਡਕਰ ਨੇ ਸੰਭਾਲੀ, ਜਿਸ ਵਿਚ ਸਭ ਦਲਿਤ ਸੰਸਥਾਵਾਂ ਅਤੇ ਹੋਰ ਗੈਰ ਦਲਿਤ ਜਥੇਬੰਦੀਆਂ ਨੇ ਪੂਰਾ ਸਹਿਯੋਗ ਦਿੱਤਾ। ਇਸ ਦਲਿਤ ਵਿਰੋਧੀ ਘਟਨਾ ਦੀ ਧਮਕ ਮਹਾਰਾਸ਼ਟਰ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਹੋਰ ਪ੍ਰਦੇਸ਼ਾਂ ਮੱਧ ਪ੍ਰਦੇਸ਼, ਯੂ. ਪੀ., ਗੁਜਰਾਤ ਵਿਚ ਵੀ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਹੋਏ।



ਜੋ ਵੀ ਉਪੱਦਰ ਦੇ ਰੂਪ ਵਿਚ ਹੋਇਆ ਉਹ ਬਹੁਤ ਹੀ ਅਫਸੋਸਨਾਕ ਹੋਇਆ। ਅਜਿਹੀ ਬਦਅਮਨੀ ਅਤੇ ਅਫਰਾ ਤਫਰੀ ਦੇ ਵਿਚੋਂ ਜੋ ਕੁਝ ਨਿਕਲਦਾ ਹੈ, ਉਸ ਦੀ ਸੱਟ ਕੇਵਲ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਹੀ ਪਹੁੰਚਦੀ ਹੈ, ਜਿਸਨੂੰ ਕਾਇਮ ਅਤੇ ਸਲਾਮਤ ਰੱਖਣ ਦੀ ਜ਼ਿੰਮੇਵਾਰੀ ਵੀ ਹਿੰਦੂ ਬਹੁਗਿਣਤੀ ਅਤੇ ਉਸ ਦੇ ਹੱਥ ਆਈ ਸਰਕਾਰ ਦੀ ਹੀ ਹੈ। ਇਸ ਵਿਚ ਇਕ ਕਮਜ਼ੋਰ ਅਤੇ ਸਾਧਨ ਹੀਣ ਤਬਕੇ ਦੀ ਕੀ ਪਹਿਲ ਹੋ ਸਕਦੀ ਹੈ? ਮਹਾਰਾਸ਼ਟਰ ਦੇ ਹੀ ਸੀਨੀਅਰ ਨੇਤਾ ਨੈਸ਼ਨਲ ਕਾਂਗਰਸ ਪਾਰਟੀ ਦੇ ਸੁਪਰੀਮੋ ਸ਼ਰਦ ਪਵਾਰ ਨੇ ਆਪਣੇ ਪਹਿਲੇ ਹੀ ਪ੍ਰਤੀਕਰਮ ਵਿਚ ਉੱਤੇ ਦੇ ਮੁੱਖ ਮੰਤਰੀ ਫਡਨਵੀਸ ਤੋਂ ਇਸ ਘਟਨਾ ਦੀ ਭੰਡੀ ਕਰਦੇ ਹੋਏ ਸਵਾਲ ਪੁੱਛਿਆ ਕਿ ਦਲਿਤ ਸਮਾਜ ਵੱਲੋਂ ਪਹਿਲੀ ਜਨਵਰੀ ਦਾ ਦਿਨ ਦੋ ਸੌ ਸਾਲ ਤੋਂ ਲਗਾਤਾਰ ਮਨਾਇਆ ਜਾਂਦਾ ਹੈ। ਇਸ ਵਾਰ ਇਸ ਦਿਨ ਦੋ ਸੌ ਸਾਲਾ ਵਰ੍ਹੇ-ਗੰਢ ਦੇ ਮੌਕੇ 'ਤੇ ਹੋਣ ਵਾਲੀ ਕਿਸੇ ਵੀ ਬਦਅਮਨੀ (ਗੜਬੜੀ) ਨੂੰ ਰੋਕਣ ਲਈ ਕਿਉਂ ਨਹੀਂ ਢੁਕਵੇਂ ਇੰਤਜ਼ਾਮ ਕੀਤੇ? ਇਸ ਤੋਂ ਵੀ ਵੱਧ ਦੁੱਖ ਵਾਲੀ ਗੱਲ ਇਹ ਹੈ ਕਿ ਸਰਕਾਰੀ ਬੁਲਾਰਿਆਂ ਅਤੇ ਉਸ ਦੇ ਸਮਰਥਕ ਟੀ. ਵੀ. ਮੀਡੀਆ ਵੱਲੋਂ ਇਸ ਸਾਰੀ ਗੜਬੜੀ ਦਾ ਭਾਂਡਾ ਦਲਿਤ ਸੰਸਥਾਵਾਂ ਅਤੇ ਖਾਸ ਕਰ ਗੁਜਰਾਤ ਦੇ ਨਵੇਂ ਬਣੇ ਵਿਧਾਇਕ ਜਿਗਨੇਸ਼ ਮੇਵਾਣੀ ਦੇ ਸਿਰ ਭੰਨਣ ਦੀ ਕੋਸ਼ਿਸ਼ ਕੀਤੀ ਕਿ ਉਸ ਨੇ ਪਹਿਲੇ ਦਿਨ 31 ਦਸੰਬਰ ਨੂੰ ਪੂਨੇ ਵਿਖੇ ਹੋਈ ਇਕ ਸਭਾ ਵਿਚ ਭੜਕਾਊ ਭਾਸ਼ਣ ਦੇ ਕੇ ਦਲਿਤ ਲੋਕਾਂ ਨੂੰ ਗੜਬੜ ਕਰਨ ਲਈ ਉਕਸਾਇਆ ਸੀ। ਇਸੇ ਆਧਾਰ 'ਤੇ ਨਾ ਉਸ ਨੂੰ ਬੰਧ ਤੋਂ ਬਾਅਦ ਮੁੰਬਈ ਦੇ ਵਿਲੇ ਪਾਰਲੇ ਵਿਚ ਇਕ ਸਟੂਡੈਂਟ ਫੰਕਸ਼ਨ ਵਿਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਗਈ ਅਤੇ ਨਾ ਦਿੱਲੀ ਵਿਖੇ 9 ਜਨਵਰੀ ਨੂੰ ਪਾਰਲੀਮੈਂਟ ਸਟ੍ਰੀਟ ਤੇ 'ਹੁੰਕਾਰ' ਰੈਲੀ ਕਰਨ ਦੀ ਮਨਜ਼ੂਰੀ ਦਿੱਤੀ, ਭਾਵੇਂ ਉਸ ਨੇ ਆਪਣੇ ਹੋਰ ਸਾਥੀਆਂ ਕਨ੍ਹਈਆ ਕੁਮਾਰ ਅਤੇ ਜੇ. ਐਨ. ਯੂ. ਦੇ ਵਿਦਿਆਰਥੀ ਨੇਤਾ ਉਮਰ ਖਾਲਿਦ ਦੇ ਨਾਲ ਪਾਬੰਦੀ ਦੇ ਬਾਵਜੂਦ ਮਿੱਥੇ ਪ੍ਰੋਗਰਾਮ ਅਨੁਸਾਰ ਰੈਲੀ ਅੰਜਾਮ ਦੇ ਦਿੱਤੀ। ਹੋਰਨਾਂ ਤੋਂ ਇਲਾਵਾ ਇਸ ਰੈਲੀ ਵਿਚ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਪ੍ਰਸ਼ਾਂਤ ਭਾਸ਼ਨ ਵੀ ਸ਼ਾਮਲ ਹੋਏ। ਆਪਣੇ ਪਹਿਲੇ ਹੀ ਐਲਾਨ ਮੁਤਾਬਕ ਜਿਗਨੇਸ਼ ਨੇ ਆਪਣੇ ਇਕ ਹੱਥ ਵਿਚ ਮਨੂ ਸਿਮ੍ਰਿਤੀ ਅਤੇ ਦੂਜੇ ਹੱਥ ਵਿਚ ਸੰਵਿਧਾਨ ਫੜਕੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਤੋਂ ਸਿੱਧਾ ਸਵਾਲ ਪੁੱਛਿਆ ਕਿ ਮੋਦੀ ਜੀ, ਤੁਸੀਂ ਇਹਨਾਂ ਵਿਚੋਂ ਕਿਸ ਦੀ ਪਾਲਣਾ ਕਰਦੇ ਹੋ? ਮਨੂੰ ਸਿਮ੍ਰਿਤੀ ਦੇ ਆਦੇਸ਼ਾਂ-ਨਿਰਦੇਸ਼ਾਂ ਦੀ ਜਾਂ ਭਾਰਤੀ ਸੰਵਿਧਾਨ ਦੇ ਕਾਨੂੰਨਾਂ ਅਤੇ ਪ੍ਰਾਵਧਾਨਾਂ ਦੀ? ਦੂਜਾ ਦਲਿਤਾਂ ਤੇ ਹੋ ਰਹੇ ਜ਼ੁਲਮਾਂ ਬਾਰੇ ਤੁਸੀਂ ਕਿਉਂ ਨਹੀਂ ਮੂੰਹ ਖੋਲ੍ਹਦੇ?

ਇਹ ਕਹਿਣ ਲਈ ਕਿਸੇ ਸਬੂਤ ਜਾਂ ਗਵਾਹੀ ਦੀ ਲੋੜ ਨਹੀਂ ਹੈ ਕਿ ਅੱਜ ਮੋਦੀ ਸਰਕਾਰ ਪੂਰੀ ਗਰਮਜੋਸ਼ੀ ਨਾਲ ਆਪਣਾ ਕੰਮਕਾਜ ਸੰਘ ਦੇ ਨਿਰਧਾਰਿਤ ਏਜੰਡੇ ਯਾਨਿ ਮਨੂੰ ਸਿਮ੍ਰਿਤੀ ਅਨੁਸਾਰ ਹੀ ਕਰ ਰਹੀ ਹੈ ਅਤੇ ਨਾਲ ਹੀ ਨਾਲ ਉਸ ਨੇ ਲੋਕ ਦਿਖਾਵੇ ਲਈ ਮੂੰਹ ਤੇ ਲੋਕਤੰਤਰੀ ਸੰਵਿਧਾਨ ਦਾ ਮਖੌਟਾ ਵੀ ਚੜ੍ਹਾ ਰੱਖਿਆ ਹੈ। ਇਹ ਕਿਸ ਪ੍ਰਕਾਰ ਦਾ ਢੌਂਗੀ ਤਮਾਸ਼ਾ ਹੈ? ਨਾ ਇਸ 'ਤੇ ਕਿਸੇ ਰੋਹਿਤ ਵੈਮੂਲਾ ਦੀ ਮਾਂ ਦੀਆਂ ਧਾਹਾਂ ਦਾ ਅਸਰ ਹੁੰਦਾ ਹੈ, ਨਾ ਉਸ 'ਤੇ ਊਨਾ ਦੇ ਗਊ ਦੇ ਨਾਂ ਤੇ ਛੈਂਟੇ ਖਾਂਦੇ ਮੁੰਡਿਆਂ ਦੇ ਮਾਂ-ਪਿਓ ਦੀਆਂ ਫਰਿਆਦਾਂ ਅਤੇ ਨਾ ਹੀ ਬੁਲੰਦ ਸ਼ਹਿਰ ਦੀ ਮਾਰੀ ਜਾਣ ਵਾਲੀ ਸਾਵਿਤਰੀ ਦੀਆਂ ਚੀਕਾਂ ਦਾ ਕੋਈ ਅਸਰ ਹੁੰਦਾ ਹੈ। ਕੀ ਹੁਣ ਦੇ ਜਨ ਸੰਘੀ ਰਾਜ ਅਤੇ ਪਹਿਲੇ ਵਾਲੇ ਮਨੂੰ ਸਿਮ੍ਰਿਤੀ ਰਾਜ ਵਿਚ ਕੋਈ ਫਰਕ ਰਹਿ ਗਿਆ ਹੈ? ਇਸ ਦੇ ਬਾਵਜੂਦ ਸਵਰਨ ਜਾਤੀ ਦੇ ਲੋਕ ਜੋ ਅੱਜ ਉਦਾਰਤਾ ਜਾਂ ਨੇੜਤਾ ਦਿਖਾ ਰਹੇ ਹਨ, ਉਹ ਕੋਈ ਸੋਚ ਪਰਿਵਰਤਨ ਜਾਂ ਦਿਲ-ਬਦਲੀ ਦਾ ਉਦਾਹਰਣ ਨਹੀਂ ਹੈ, ਬਲਕਿ ਇਹ ਸੌ ਫੀਸਦੀ ਉਹਨਾਂ ਦੀ ਮਜਬੂਰੀ ਹੈ। ਉਹਨਾਂ ਦਾ ਵੱਸ ਚਲਦਾ ਤਾਂ ਉਹ ਇਸ ਸੰਵਿਧਾਨ ਨੂੰ ਹੀ ਨਾ ਬਣਨ ਦਿੰਦੇ, ਜਿਸ ਦੇ ਬਣਨ ਨਾਲ ਦਲਿਤ ਅਤੇ ਪੱਛੜੇ ਲੋਕਾਂ ਨੂੰ ਕੁਝ ਉੱਤੇ ਉੱਠਣ ਦੇ ਮੌਕੇ ਮਿਲੇ।ਉਸ ਤੋਂ ਬਾਅਦ ਵੀ ਉਹਨਾਂ ਨੇ 1998 ਵਿਚ ਆਪਣੀ ਹਕੂਮਤ ਵੇਲੇ ਇਸ ਸੰਵਿਧਾਨ ਨੂੰ ਰੱਦ ਕਰਕੇ ਨਵਾਂ ਸੰਵਿਧਾਨ ਬਣਾਉਣ ਦੀ ਕੋਸ਼ਿਸ਼ ਕੀਤੀ ਜੋ ਸਿਰੇ ਨਹੀਂ ਚੜ੍ਹ ਸਕੀ। ਹੁਣ ਫਿਰ ਦਲਿਤ ਵਰਗਾਂ ਨੂੰ ਮਿਲੇ ਸੰਵਿਧਾਨਕ ਅਧਿਕਾਰਾਂ ਨੂੰ ਖਤਮ ਕਰਨ ਦੀ ਮੁਹਿੰਮ ਇਹਨਾਂ ਨੇ ਨਹੀਂ ਛੱਡੀ। ਪਹਿਲਾਂ ਪਿਛਲੇ ਸੰਘ ਮੁਖੀ ਕੇ. ਐਸ. ਸੁਦਰਸ਼ਨ ਅਤੇ ਹੁਣ ਕਦੇ ਖੁਦ ਸੰਘ ਮੁਖੀ ਮੋਹਨ ਭਾਗਵਤੀ ਜਾਂ ਕਦੇ ਮੋਹਨ ਵੈਦ ਅਤੇ ਹੋਰ ਛੋਟੇ-ਮੋਟੇ ਸੰਘੀ ਨੇਤਾ ਜ਼ਹਿਰ ਘੋਲਣਾ ਬੰਦ ਨਹੀਂ ਕਰ ਰਹੇ। ਦਲਿਤ ਵਿਰੋਧੀ ਮਾਨਸਿਕਤਾ ਦੇ ਬੀਜ ਜੋ ਉਗਰ ਕੇ ਹੁਣ ਪੂਰੀ ਅਮਰ ਬੇਲ ਬਣ ਚੁੱਕੇ ਹਨ, ਸੰਘ ਦੇ ਦੂਜੇ ਚਿੱਤ ਪਾਵਨ ਪ੍ਰਮੁੱਖ ਐਮ. ਐਸ. ਗੋਲਵਾਲਕਰ ਦੀਆਂ ਲਿਖਤਾਂ ਵਿਚ ਦੇਖੇ ਜਾ ਸਕਦੇ ਹਨ। ਦੇਖੋ ਉਹ ਆਪਣੀ ਪੁਸਤਕ ਬੰਚ ਆਫ਼ ਥਾਟਸ (1966) ਵਿਚ ਭੀਮਾ ਕੋਰੇ ਗਾਓ. ਬਾਰੇ 'ਐਡਿੰਗ ਫਿਊਲ ਟੂ ਫਾਇਰ' ਸੁਰਖੀ ਹੇਠ ਕੀ ਲਿਖਦੇ ਹਨ (ਪੰਨਾ 146):-


ਜਾਤ ਪਾਤ ਵਿਰੋਧੀ ਲੋਕਾਂ ਵਿਚੋਂ ਬਹੁਤ ਘੱਟ ਲੋਕ ਦੇਸ਼ ਦੀ ਏਕਤਾ ਦੀ ਮਹੱਤਤਾ ਨੂੰ ਸਮਝਦੇ ਹਨ। ਜਾਤ ਪਾਤ ਵਿਰੋਧਤਾ ਦਾ ਮਖੌਟਾ ਪਹਿਨ ਕੇ ਇਹਨਾਂ ਲੋਕਾਂ ਦਾ ਮਕਸਦ ਆਪਣੇ ਜਾਤ- ਲੋਕਾਂ ਵਿਚ ਆਪਣੀ ਹੈਸੀਅਤ ਨੂੰ ਮਜ਼ਬੂਤ ਕਰਨਾ ਹੁੰਦਾ ਹੈ। ਇਹ ਜ਼ਹਿਰ ਅੱਜ ਵੀ ਸਿਆਸਤ ਵਿਚ ਕਿੰਨਾ ਘੁਸ ਗਿਆ ਹੈ, ਉਸ ਦਾ ਅੰਦਾਜ਼ਾ ਕੁਝ ਚਿਰ ਪਹਿਲਾਂ ਹੋਈ ਇਕ ਘਟਨਾ ਤੋਂ ਹੀ ਲਗਾਇਆ ਜਾ ਸਕਦਾ ਹੈ। ਪੂਨਾ ਨੇੜੇ ਇਕ 'ਵਿਜੇ ਸਤੰਭ' ਹੈ ਜਿਸ ਨੂੰ ਅੰਗਰੇਜ਼ਾਂ ਨੇ ਆਪਣੀ ਪੇਸ਼ਵਾ ਸ਼ਾਸਕਾਂ ਉੱਤੇ ਜਿੱਤ ਦੀ ਯਾਦ ਵਿਚ ਉਸਾਰਿਆ ਸੀ। ਹਰੀਜਨਾਂ ਦੇ ਇਕ ਉੱਘੇ ਨੇਤਾ ਨੇ ਇਕ ਵਾਰ ਇਸ ਸਤੰਭ ਦੇ ਥੱਲੇ ਆਪਣੇ ਜਾਤ ਭਾਈਆਂ ਨੂੰ ਸੰਬੋਧਨ ਕੀਤਾ ਸੀ। ਉਸ ਨੇ ਹੀ ਇਹ ਐਲਾਨ ਕੀਤਾ ਸੀ ਕਿ ਇਹ ਸਤੰਭ ਉਹਨਾਂ ਦੀ ਬ੍ਰਾਹਮਣਾਂ ਉੱਤੇ ਵਿਜੇ (ਜਿੱਤ) ਦਾ ਪ੍ਰਤੀਕ ਹੈ ਕਿਉਂਕਿ ਉਹਨਾਂ ਨੇ ਹੀ ਬ੍ਰਾਹਮਣ ਪੇਸ਼ਵਾ ਨੂੰ ਲੜਾਈ ਵਿਚ ਹਰਾਇਆ ਸੀ। ਇਕ ਚੋਟੀ ਦੇ ਨੇਤਾ ਦੇ ਮੂੰਹੋਂ ਇਕ ਗੁਲਾਮੀ ਦੇ ਪ੍ਰਤੀਕ ਸਤੰਭ ਨੂੰ ਜਿੱਤ ਦਾ ਪ੍ਰਤੀਕ ਸੁਣ ਕੇ ਦਿਲ ਨੂੰ ਦੁੱਖ ਪਹੁੰਚਦਾ ਹੈ। ਇਸ ਤਰ੍ਹਾਂ ਗੁਲਾਮਾਂ ਦੀ ਤਰ੍ਹਾਂ ਆਪਣੇ ਹੀ ਪਰਿਵਾਰਕ ਸੰਬੰਧੀਆਂ ਕੀਥ ਅਤੇ ਕਿਨ ਦੇ ਖ਼ਿਲਾਫ਼ ਲੜਾਈ ਕਰਨਾ ਕਿੰਨਾ ਘਟੀਆ ਕਰਮ ਹੈ। ਬਾਬਾ ਸਾਹਿਬ ਜਾਂ ਦਲਿਤ ਦੁਖਾਂਤ ਬਾਰੇ ਸੰਘ ਮੁਖੀ ਦੇ ਵਿਚਾਰਾਂ ਨੂੰ ਦੇਖ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਪਰ ਗੋਲਵਾਲਕਰ ਜੀ ਤੋਂ ਸਵਾਲ ਪੁੱਛਣਾ ਬਣਦਾ ਹੈ ਕਿ ਜਿਸ ਆਪਣੇ ਪੁਰਖੇ ਪੇਸ਼ਵਾ ਰਾਜ ਨੂੰ ਤੁਸੀਂ ਲੜਨ ਵਾਲੇ ਦਲਿਤ ਫੌਜੀਆਂ ਦਾ ਪਰਿਵਾਰਕ ਸਬੰਧੀ ਕਿਹਾ ਹੈ ਕੀ ਕੀ ਉਹ ਬਾਜੀ ਰਾਓ ਦੂਜਾ ਨਹੀਂ ਸੀ, ਜਿਸ ਨੇ ਉਹਨਾਂ ਹੀ ਲੋਕਾਂ ਦੇ ਜੀਵਨ ਨੂੰ ਆਪਣੇ ਜ਼ੁਲਮਾਂ ਅਤੇ ਅਤਿਆਚਾਰਾਂ ਨਾਲ ਨਰਕ ਤੋਂ ਵੀ ਵੱਧ ਭੈੜਾ ਬਣਾ ਦਿੱਤਾ ਸੀ? ਇਸ ਪ੍ਰਕਾਰ ਦੀਆਂ ਮੋਮੋ-ਠਗਣੀਆਂ ਦਲੀਲਾਂ ਕਿਸ ਦੇ ਗਲੇ ਉਤਰ ਸਕਦੀਆਂ ਹਨ? ਜੇ ਅੱਜ ਵੀ ਸੰਭਾ ਜੀ ਜਾਂ ਮਿਲਿੰਦ ਵਰਗੇ ਜਨੂਨੀ ਲੋਕ ਦਲਿਤਾਂ ਨੂੰ 1818 ਦੀ ਨਜ਼ਰ ਨਾਲ ਦੇਖਦੇ ਹਨ ਤਾਂ ਕਹਿਣਾ ਪਵੇਗਾ ਕਿ ਇਹ ਸਿਰਫ਼ ਧਰਮ ਸ਼ਾਸਤਰਾਂ ਤੋਂ ਇਲਾਵਾ ਇਹਨਾਂ ਹੀ ਸੰਘ ਮਾਰਗ ਦਰਸ਼ਕਾਂ ਦੀਆਂ ਲਿਖਤਾਂ ਦਾ ਅਸਰ ਹੈ ਅਤੇ ਜਿਹਨਾਂ ਦੇ ਹੁੰਦਿਆਂ ਮੋਦੀ ਜੀ ਵਰਗੇ ਚਤੁਰ ਰਣਨੀਤੀਕਾਰ ਵੀ ਆਪਣੇ ਲੱਛੇਦਾਰ ਭਾਸ਼ਣਾਂ ਨਾਲ ਦਲਿਤਾਂ ਵਿਚਾਲੇ ਪੈ ਚੁੱਕੇ ਮਨੋਵਿਗਿਆਨਕ ਪਾੜੇ ਨੂੰ ਦੂਰ ਨਹੀਂ ਕਰ ਸਕਦੇ!!

ਵਹਿਣ ਵਾਲਾ ਪਾਣੀ ਨਦੀ/ਦਰਿਆ ਦਾ ਰੂਪ ਧਾਰ ਕੇ ਆਪਣਾ ਰਸਤਾ ਖੁਦ ਬਣਾਉਂਦਾ ਹੈ, ਜਿਸ ਨੂੰ ਕੋਈ ਵੀ ਦੀਵਾਰ ਜਾਂ ਰੁਕਾਵਟ ਵਾਧੂ ਸਮੇਂ ਤੱਕ ਰੋਕ ਨਹੀਂ ਸਕਦੀ। ਦਲਿਤ ਸਮੂਹ ਤੇ ਸਦੀਆਂ ਤੋਂ ਲੱਗੀਆਂ ਜਾਤਪਾਤੀ ਬੰਦਿਸ਼ਾਂ ਨੇ ਉਹਨਾਂ ਦਾ ਰਸਤਾ ਜ਼ਰੂਰ ਰੋਕਿਆ। ਲੇਕਿਨ ਹੁਣ ਜਦ ਉਸ ਦੀ ਅਣਖ ਭਰੀ ਚੇਤਨਾ ਵਿਚ ਸੈਲਾਬ ਵਰਗਾ ਜ਼ੋਰ ਅਤੇ ਜੋਸ਼ ਆ ਗਿਆ ਹੈ, ਉਸ ਵਹਿਣ ਨੂੰ ਕੌਣ ਰੋਕ ਸਕਦਾ ਹੈ? ਬਾਬਾ ਸਾਹਿਬ ਦਾ ਸਵੈਮਾਣ ਕਾਰਵਾਂ ਸੌ ਛੜਯੰਤਰਾਂ ਦੇ ਬਾਵਜੂਦ ਰੁਕਣ ਵਾਲਾ ਨਹੀਂ।

# ਪ੍ਰਚੰਡ ਨਾਲੰਦਾ ਯੂਨੀਵਰਸਿਟੀ ਦੇ ਬਾਰੇ 'ਚ

ਆਓ ਜਾਣੀਏ ਬੋਧੀਆਂ ਦੀ ਵਿਸ਼ਵ ਪ੍ਰਸਿੱਧ ਪ੍ਰਾਚੀਨ ਨਾਲੰਦਾ ਯੂਨੀਵਰਸਿਟੀ ਬਾਰੇ ਚੀਨੀ ਯਾਤਰੀ ਪ੍ਰੋਫੈਸਰ ਹਿਊਨਸਾਂਗ ਵਲੋਂ ਬਿਆਨੇ ਕੁਝ ਇਤਿਹਾਸਕ ਤੱਥ :-

ਭਾਰਤ ਨੇ ਦੁਨੀਆਂ ਦੀ ਸੱਭਿਅਤਾ ਤੇ ਅਕਾਸ਼ ਮੰਡਲ ਵਿੱਚ ਸਭ ਤੋਂ ਵੱਡੀ ਪ੍ਰਸਿੱਧੀ ਅਤੇ ਮਹਾਨਤਾ ਨਾਲੰਦਾ ਵਿਖੇ ਵਿਸ਼ਵ ਪ੍ਰਸਿੱਧ ਯੂਨੀਵਰਸਿਟੀ ਉਸਾਰ ਕੇ ਕੀਤੀ, ਜਿਹੜੀ ਕਿ ਵਿਸ਼ਵ ਦੇ ਇਤਿਹਾਸ ਵਿੱਚ 400 ਈਸਵੀ ਦੁਨੀਆਂ ਦੀ ਸਭ ਤੋਂ ਪਹਿਲੀ ਪ੍ਰਾਚੀਨ ਅਤੇ ਸਭ ਤੋਂ ਵੱਡੀ ਰਿਹਾਇਸ਼ੀ ਯੂਨੀਵਰਸਿਟੀ ਕਾਮਯਾਬ ਬੋਧੀ ਰਾਜਿਆਂ, ਸਮਰਾਟਾਂ ਅਤੇ ਉਨ੍ਹਾਂ ਦੀਆਂ ਸੰਤਾਨਾਂ ਅਤੇ ਉਸ ਸਮੇਂ ਦੇ ਧਨੀ ਲੋਕਾਂ ਨੇ ਦੁਨੀਆਂ ਦੇ ਸਭ ਤੋਂ ਪ੍ਰਾਚੀਨ ਅਤੇ ਪਹਿਲੇ ਮਹਾਨ ਵਿੱਦਿਅਕ ਅਦਾਰਿਆਂ ਦੀ ਬਣਤਰ ਅਤੇ ਹੋਰ ਵਿਕਾਸ ਲਈ ਖੁੱਲ੍ਹੇ ਦਿਲ ਨਾਲ ਦਾਨ ਦਿੱਤਾ। ਉਨ੍ਹਾਂ ਨੇ ਯੂਨੀਵਰਸਿਟੀ ਵਿੱਚ ਬੁੱਧ, ਮੱਠ, ਵੱਡੇ ਵੱਡੇ ਵਿਦਿਅਕ ਹਾਲ, ਲਾਇਬਰੇਰੀ, ਮੰਦਰ, ਖੂਹ ਅਤੇ ਬਾਗ ਬਣਵਾਏ, ਜਿਹੜੇ ਕਿ ਇੰਜਨੀਅਰਿੰਗ ਦਾ ਅਤੀ ਸੁੰਦਰ ਅਤੇ ਅਤੀ ਉੱਤਮ ਨਮੂਨਾ ਸਨ ਅਤੇ ਉਨ੍ਹਾਂ ਨੇ ਧਰਮ ਹਿੱਤ ਅਤੇ ਯੂਨਵਰਸਿਟੀ ਦੇ ਖਰਚਿਆਂ ਲਈ ਬਹੁਤ ਸਾਰਾ ਧੰਨ ਜਮਾ ਕੀਤਾ ਅਤੇ ਉਪਜਾਊ ਜ਼ਮੀਨ ਦਾ ਇੱਕ ਵਿਸ਼ਾਲ ਟੁਕੜਾ ਯੂਨੀਵਰਸਿਟੀ ਦੇ ਨਾਮ ਲਗਵਾਇਆ, ਜਿਸ ਵਿੱਚ ਕਿ ਉਸ ਸਮੇਂ ਦੇ ਕਰੀਬ ਦੋ ਸੌ ਪਿੰਡ ਆਉਂਦੇ ਸਨ। ਚੀਨੀ ਯਾਤਰੀ ਹਿਊਮਨਸਾਂਗ ਦੀ ਭਾਰਤ ਦੀ ਯਾਤਰਾ ਦੇ ਸਮੇਂ ਭਾਰਤ ਅਤੇ ਹੋਰਨਾਂ ਬਾਹਰਲੇ ਮੁਲਕਾਂ ਤੋਂ ਲਗਪਗ ਦਸ ਹਜ਼ਾਰ ਨੂੰ ਨਾਲੰਦਾ ਯੂਨੀਵਰਸਿਟੀ 'ਚ ਦਾਖਲਿਆਂ ਲਈ ਖਿੱਚ ਰਹੇ ਸਨ। ਯੂਨੀਵਰਸਿਟੀ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ



ਵਿਦਿਆਰਥੀ ਇਸ ਯੂਨੀਵਰਸਿਟੀ ਤੋਂ ਆਪਣੀ ਪ੍ਰਣਾਲੀ ਮੁਕੰਮਲ ਕਰਕੇ ਲਗਪਗ ਇੱਕ ਹਜ਼ਾਰ ਵੱਖਰੇ ਸਥਾਪਤ ਮੱਠਾਂ ਤੋਂ ਬੁੱਧ ਧਰਮ, ਵਿਗਿਆਨ, ਕਲਾ, ਸਾਹਿਤ ਆਦਿ ਸਬੰਧੀ ਪ੍ਰਵਚਨ ਦੇ ਕੇ ਪੂਰੇ ਭਾਰਤ ਅਤੇ ਵਿਸ਼ਵ ਦੇ ਵਿਦਿਆਰਥੀਆਂ ਵਿਦਿਆਰਥੀ ਬਹੁਤ ਦੂਰੋਂ ਦੂਰੋਂ ਡਾਰਾਂ ਦੇ ਸਮੂਹ ਵਿੱਚ ਆਉਂਦੇ ਸਨ ਅਤੇ ਉਨ੍ਹਾਂ ਨਾਲ ਦਾਖਲੇ ਵੀ ਵਿਚਾਰ ਵਟਾਂਦਰੇ ਸੁਆਲਾਂ ਜਵਾਬਾਂ ਲਈ ਇੱਕ ਦਿਨ ਕਾਫੀ ਨਹੀਂ ਹੁੰਦਾ ਸੀ। ਯੂਨੀਵਰਸਿਟੀ 'ਚ ਦਾਖਲੇ ਲਈ ਬਹੁਤ ਸਖਤ ਇਮਤਿਹਾਨ ਪਾਸ ਕਰਨੇ ਪੈਂਦੇ ਸਨ। ਯੂਨੀਵਰਸਿਟੀ ਦਾ ਨਾਮ ਅੰਤਰ ਰਾਸ਼ਟਰੀ ਵਿਦਿਆ ਘਰ ਸੀ ਅਤੇ ਇਸ ਦਾ ਆਦਰਸ਼ ਸੀ ਕਿ ਗੁੱਸੇ ਨੂੰ ਮੁਆਫੀ ਨਾਲ ਜਿੱਤੋ, ਬਦਚਲਨ ਨੂੰ ਸਦਾਚਾਰ ਨਾਲ ਜਿੱਤੋ, ਕੰਜੂਸ ਨੂੰ ਖੁੱਲ੍ਹ ਦਿਲੀ ਨਾਲ ਜਿੱਤੋ ਅਤੇ ਝੂਠ ਨੂੰ ਸੱਚ ਨਾਲ ਜਿੱਤੋ। ਇਥੇ ਇਹ ਵਿਸ਼ੇਸ਼ ਰੂਪ ਵਿੱਚ ਵਰਣਨਯੋਗ ਹੈ ਕਿ ਜਦੋਂ ਸੱਤਵੀਂ ਸਦੀ ਵਿੱਚ ਪ੍ਰੋਫੈਸਰ ਹਿਊਨਸਾਂਗ ਭਾਰਤ ਦੇ ਦੌਰੇ ਤੇ ਆਇਆ ਤਾਂ ਸਮਰਾਟ ਹਰਸ਼ਵਰਧਨ ਨੇ ਪ੍ਰੋਫੈਸਰ ਹਿਊਨਸਾਂਗ ਦੇ ਬੁੱਧ ਧਮ ਬਾਰੇ ਪ੍ਰਵਚਨ ਸੁਣਨ ਲਈ ਅਨੇਕ ਰਾਜਿਆਂ ਨੂੰ ਸੱਦਾ ਦਿੱਤਾ ਸੀ। ਇੱਕਲੀ ਨਾਲੰਦਾ ਯੂਨੀਵਰਸਿਟੀ ਨੇ ਹੀ ਵੱਖਰੇ ਵੱਖਰੇ ਵਿਸ਼ਿਆਂ ਵਿੱਚ ਨਿਪੁੰਨਤਾ ਹਾਸਲ ਕਰ ਰਹੇ ਇੱਕ ਹਜ਼ਾਰ ਬੋਧ ਭਿਕਸ਼ੂਆਂ ਅਤੇ ਅਧਿਕਾਰੀਆਂ ਦਾ ਇੱਕ ਜਥਾ, ਪ੍ਰੋਫੈਸਰ ਹਿਊਨਸਾਂਗ ਦਾ ਲੈਕਚਰ ਸੁਣਨ ਲਈ ਭੇਜਿਆ। ਪ੍ਰੋਫੈਸਰ ਹਿਊਨਸਾਂਗ ਦੇ ਬੁੱਧ ਧਰਮ ਬਾਰੇ ਪ੍ਰਵਚਨ ਸੁਣਨ ਲਈ ਇਸ ਮਹਾਨ ਇਤਿਹਾਸਕ ਸਭਾ ਵਿੱਚ ਸਮਰਾਟ ਹਰਸ਼ਵਰਧਨ ਅਤੇ ਉਸ ਦੇ ਅਧੀਨ ਅਠਾਰਾਂ ਰਾਜੇ, ਬੁੱਧਇੱਜ਼ਮ ਦੀਆਂ ਦੋਹਾਂ ਯੂਨੀਵਰਸਿਟੀ ਨਾਲੰਦਾ ਅਤੇ ਤਕਸ਼ਿਲਾ ਤੋਂ ਚਾਰ ਹਜ਼ਾਰ ਬੋਧ ਭਿਕਸ਼ੂ ਅਤੇ ਦੋ ਹਜ਼ਾਰ ਬ੍ਰਾਹਮਣ ਪੰਡਤ ਅਤੇ ਜੈਨ ਪੰਡਿਤ ਪਹੁੰਚੇ।

**ਪੇਸ਼ ਕਰਤਾ – ਸੰਜੀਪ ਕੁਮਾਰ ਭੌਰਾ, ਐਡਵੋਕੇਟ**
**ਚੈਂਬਰ ਨੰ 63, ਪਹਿਲੀ ਮੰਜ਼ਿਲ, ਸਿਵਲ ਕੋਰਟ, ਫਿਲੋਰ**

# ਅਮਿਤ ਸ਼ਾਹ ਦੀ ਅਦਾਲਤਾਂ 'ਚ ਦਖਲ ਅੰਦਾਜੀ ਨੂੰ ਦਰਸਾਉਂਦਾ ਹੈ ਜਸਟਿਸ ਲੋਹੀਆ ਦੀ ਮੌਤ ਦਾ ਰਾਜ

## ਜੇਕਰ ਨਿਰੰਜਨ ਟਾਕਲੇ ਦੀ ਏਹ ਰਿਪੋਰਟ ਸੱਚ ਤੇ ਖੜ੍ਹੀ ਹੈ ਤਾਂ ਮਾਮਲਾ ਬੇਹੱਦ ਗੰਭੀਰ ਤੇ ਚਿੰਤਾਜਨਕ ਹੈ

ਦੇਸ਼ ਦੀ ਸਰਵਉੱਚ ਅਦਾਲਤ ਦੇ ਚਾਰ ਜੱਜਾਂ ਦੁਆਰਾ ਬਾਗੀ ਤੇਵਰ ਦਿਖਾਉਣੇ ਲੋਕਤੰਤਰ ਦੇ ਸੱਭ ਤੋਂ ਭਰੋਸੇਯੋਗ ਥੰਮ ਦੇ ਕੰਮਜੋਰ ਹੋਣ ਵੱਲ ਇਸ਼ਾਰਾ ਹੈ ਜੋ ਇੱਕ ਵੱਡਾ ਚਿੰਤਾ ਦਾ ਵਿਸ਼ਾ ਵੀ ਬਣ ਗਿਆ ਹੈ। ਇਸ ਉੱਤੇ ਦੇਸ਼ ਭਰ ਤੋਂ ਵੱਖਰੀ ਵੱਖਰੀ ਰਾਏ ਸੁਮਾਰੀ ਵੀ ਹੋ ਰਹੀ ਹੈ ਜਿਸ ਵੱਲ ਅੱਜ ਅਸੀ ਨਹੀ ਜਾਵਾਂਗੇ ਬਲਕਿ ਮੇਰਾ ਧਿਆਨ ਇਸ ਕੇਸ ਵਿੱਚ ਸੀ ਬੀ ਆਈ ਦੇ ਜਸਟਿਸ ਬੀ ਐਚ ਲੋਹੀਆ ਦੀ ਅਦਾਲਤ ਵਿੱਚ ਸੋਆਬੂਦੀਨ ਦੇ ਅਮਿਤ ਸ਼ਾਹ ਨਾਲ ਜੁੜੇ ਕੇਸ ਵੱਲ ਧਿਆਨ ਦਿਵਾਉਣਾ ਹੈ। ਇਸ ਸਬੰਧ ਵਿੱਚ ਕਾਰਵਾਂ ਮੈਗਜੀਨ ਦੇ ਲੇਖਕ ਨਿਰੰਜਣ ਟਾਕਲੇ ਜੋ ਇਲੈਕਟਾਨਿਕ ਇੰਜੀਨੀਅਰ ਦੀ ਸਿੱਖਿਆ ਪ੍ਰਾਪਤ ਹਨ ਅਤੇ ਹੁਣ ਉਨ੍ਹਾਂ ਪੱਤਰਕਾਰਤਾ ਨੂੰ ਚੁਣਿਆ ਹੈ। ਕਈ ਚੰਗੇ ਮੀਡੀਆ ਘਰਾਣਿਆਂ 'ਚ ਕੰਮ ਕਰ ਚੁੱਕੇ ਹਨ ਨੇ ਥੱਲੇ ਲਿਖਿਆ ਲੇਖ ਆਪਣੇ ਮੈਗਜੀਨ ਵਿੱਚ ਅੰਗਰੇਜੀ ਵਿੱਚ ਛਾਪਿਆ ਹੈ ਜਿਸਨੂੰ ਅੱਜ ਪੰਜਾਬੀ ਵਿੱਚ ਅਨੁਵਾਦ ਕੀਤਾ ਜਾ ਰਿਹਾ ਹੈ। ਜੇਕਰ ਇਸ ਵਿੱਚ ਸੱਚਾਈ ਹੋਈ ਤਾਂ ਏਹ ਦੇਸ਼ ਲਈ ਬੇਹੱਦ ਗੰਭੀਰ ਤੇ ਚਿੰਤਾ ਵਾਲਾ ਵਿਸ਼ਾ ਹੈ ਜਿਸ ਪ੍ਰਤੀ ਦੇਸ਼ ਦੇ ਲੋਕਾਂ ਖਾਸ ਕਰ ਦਲਿਤਾਂ, ਪਿਛੜਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਹੁਣ ਬਹੁਤ ਹੀ ਗੰਭੀਰਤਾ ਨਾਲ ਸੋਚਣਾ ਹੋਵੇਗਾ।

ਬ੍ਰਿਜਮੋਹਣ ਹਰਕਿਸ਼ਨ ਲੋਹੀਆ ਮੁਬੰਈ 'ਚ ਸੀ ਬੀ ਆਈ ਦੀ ਵਿਸ਼ੇਸ ਅਦਾਲਤ ਦੇ ਪ੍ਰਭਾਰੀ ਜੱਜ ਸਨ ਜਿਨ੍ਹਾਂ ਦੀ ਮੌਤ 2014 'ਚ 30 ਨਵੰਬਰ ਦੀ ਰਾਤ ਅਤੇ 1 ਦਸੰਬਰ ਦੀ ਦਰਮਿਆਨੀ ਸਵੇਰ ਹੋਈ ਸੀ ਜਦੋਂ ਉਹ ਨਾਗਪੁਰ ਗਏ ਹੋਏ ਸੀ। ਉਸ ਵੇਲੇ ਉਹ ਸੋਹਾਬੂਦੀਨ ਕੇਸ ਦੀ ਸੁਣਵਾਈ ਕਰ ਰਹੇ ਸੀ ਜਿਸ ਵਿੱਚ ਮੁੱਖ ਆਰੋਪੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸਨ। ਉਸ ਸਮੇਂ ਮੀਡੀਆ 'ਚ ਦੱਸਿਆ ਗਿਆ ਸੀ ਕਿ ਲੋਹੀਆ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ। ਇਸ ਮਾਮਲੇ 'ਚ ਨਵੰਬਰ 2016 ਤੋਂ ਨਵੰਬਰ 2017 ਦੌਰਾਨ ਮੈਂ ਆਪਣੀ ਪੜਤਾਲ ਵਿੱਚ ਜੋ ਕੁਝ ਪਾਇਆ ਉਹ ਲੋਹੀਆ ਦੀ ਮੌਤ ਦੇ ਇਰਦ ਗਿਰਦ ਦੀਆਂ ਪ੍ਰਸਥਿਤੀਆਂ ਵਿੱਚ ਕੁਝ ਅਸਹਿਜ ਸਵਾਲ ਸਵਾਲ ਖੜ੍ਹੇ ਕਰਦਾ ਹੈ ਜਿਸ ਵਿੱਚ ਇੱਕ ਸਵਾਲ ਉਨ੍ਹਾਂ ਦੀ ਲਾਸ਼ ਨਾਲ ਜੁੜਿਆ ਹੋਇਆ ਹੈ ਜਦੋਂ ਉਹ ਉਸਦੇ ਪਰਿਵਾਰ ਨੂੰ ਸਪੁਰਦ ਕੀਤੀ ਗਈ ਸੀ।

ਮੈਂ ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ ਗਈ ਉਨ੍ਹਾਂ 'ਚੋਂ ਇੱਕ ਲੋਹੀਆ ਦੀ ਭੈਣ ਅਨੁਰਾਧਾ ਬਿਆਣੀ ਹੈ ਜੋ ਮਹਾਂਰਾਸ਼ਟਰ ਦੇ ਧੁਲੇ 'ਚ ਡਾਕਟਰ ਹੈ। ਬਿਆਣੀ ਨੇ ਮੇਰੇ ਸਾਹਮਣੇ ਇੱਕ ਵਿਸਫੋਟਕ ਉਦਘਾਟਨ ਕੀਤਾ। ਉਨ੍ਹਾਂ ਨੇ ਦੱਸਿਆ ਕਿ ਲੋਹੀਆ ਨੇ ਉਨ੍ਹਾਂ ਨੂੰ ਏਹ ਜਾਣਕਾਰੀ ਦਿੱਤੀ ਸੀ ਕਿ ਬੰਬਈ ਉੱਚ ਅਦਾਲਤ ਦੇ ਤਤਕਾਲੀਨ ਮੁੱਖ ਜੱਜ ਜਸਟਿਸ ਮੋਹਿਤ ਸ਼ਾਹ ਨੇ ਪੱਖ ਦਾ ਫੈਸਲਾ ਦੇਣ ਦੇ ਬਦਲੇ ਲੋਹੀਆ ਨੂੰ 100 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਦੱਸਿਆ ਕਿ ਆਪਣੀ ਮੌਤ ਦੇ ਕੁਝ ਹਫਤੇ ਪਹਿਲਾਂ ਲੋਹੀਆਂ ਨੇ ਏਹ ਗੱਲ ਦੱਸੀ ਸੀ ਜਦੋਂ ਉਨ੍ਹਾਂ ਦਾ ਪਰਿਵਾਰ ਗਾਟੇਗਾਂਵ ਸਥਿਤ ਆਪਣੇ ਜੱਦੀ ਨਿਵਾਸ ਤੇ ਦਿਵਾਲੀ ਮਨਾਉਣ ਲਈ ਇੱਕਠਾ ਹੋਇਆ ਸੀ। ਲੋਹੀਆ ਦੇ ਪਿਤਾ ਹਰਕਿਸ਼ਨ ਨੇ ਵੀ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਦ ਪੁੱਤਰ ਦਾ ਕਹਿਣਾ ਸੀ ਕਿ ਇੱਕ ਪੱਖੀ ਫੈਸਲਾ ਦੇਣ ਦੇ ਬਦਲੇ ਉਹਨਾਂ ਨੂੰ ਪੈਸੇ ਅਤੇ ਮੁੰਬਈ ਵਿਚ ਇਕ ਮਕਾਨ ਦੀ ਪੇਸ਼ਕਸ਼ ਕੀਤੀ।

ਬ੍ਰਿਜ ਗੋਪਾਲ ਹਰਕਿਸ਼ਨ ਲੋਈਆ ਨੂੰ ਜੂਨ 2014 ਵਿਚ ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਵਿਚ ਉਹਨਾਂ ਦੇ ਪਹਿਲਾਂ ਵਾਲੇ ਜੱਜ ਜੇਟੀ ਉਤਪਟ ਦੀ ਬਦਲੀ ਤੋਂ ਬਾਅਦ ਨਿਯੁਕਤ ਕੀਤਾ ਗਿਆ ਸੀ। ਅਮਿਤ ਸ਼ਾਹ ਨੇ ਅਦਾਲਤ ਵਿਚ ਪੇਸ਼ ਹੋਣ ਤੋਂ ਰਾਹਤ ਮੰਗੀ ਸੀ ਜਿਸ ਤੇ ਉਤਪਟ ਨੇ ਉਹਨਾਂ ਨੂੰ ਫਿਟਕਾਰ ਲਗਾਈ ਸੀ। ਇਸ ਤੋਂ ਬਾਅਦ ਹੀ ਉਹਨਾਂ ਦੀ ਬਦਲੀ ਹੋ ਗਈ। ਆਊਟਲੁੱਕ ਵਿਚ ਫਰਵਰੀ 2015 ਵਿਚ ਪ੍ਰਕਾਸ਼ਿਤ ਇਕ ਰਿਪੋਰਟ ਦੇ ਅਨੁਸਾਰ ਇਸ ਇਕ ਸਾਲ ਦੇ ਦੌਰਾਨ ਜਦੋਂ ਉਤਪਟ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੀ ਸੁਣਵਾਈ ਦੇਖਦੇ ਰਹੇ ਅਤੇ ਬਾਅਦ ਵਿਚ ਵੀ ਕੋਰਟ ਰਿਕਾਰਡ ਦੇ ਮੁਤਾਬਿਕ ਅਮਿਤ ਸ਼ਾਹ ਇਕ ਵਾਰ ਵੀ ਅਦਾਲਤ ਨਹੀਂ ਪੁੱਜੇ ਸਨ। ਇਥੋਂ ਤੱਕ ਕਿ ਬਰੀ ਕੀਤੇ ਜਾਣ ਦੇ ਆਖਿਰੀ ਦਿਨ ਵੀ ਉਹ ਅਦਾਲਤ ਨਹੀਂ ਆਏ ਅਤੇ ਸ਼ਾਹ ਦੇ ਵਕੀਲ ਨੇ ਉਹਨਾਂ ਨੂੰ ਇਸ ਮਾਮਲੇ ਵਿਚ ਰਿਆਤ ਦਿੱਤੇ ਜਾਣ ਦਾ ਜ਼ਬਾਨੀ ਜਵਾਬ ਦਿੱਤਾ ਜਿਸਦਾ ਆਧਾਰ ਇਹ ਦੱਸਿਆ ਕਿ ਉਹ ਸੂਗਰ ਤੋਂ ਪੀੜਤ ਹਨ ਅਤੇ ਚੱਲ ਫਿਰ ਨਹੀਂ ਸਕਦੇ ਜਦੋਂ ਕਿ ਉਹ ਦਿੱਲੀ ਵਿਚ ਵਿਆਸਤ ਸਨ।

ਆਊਟਲੁੱਕ ਦੀ ਰਿਪੋਰਟ ਕਹਿੰਦੀ ਹੈ 6 ਜੂਨ 2014 ਨੂੰ ਉਤਪਟ ਨੇ ਸ਼ਾਹ ਦੇ ਵਕੀਲ ਦੇ ਸਾਹਮਣੇ ਨਾਰਾਜ਼ਗੀ ਜਾਹਿਰ ਕਰ ਦਿੱਤੀ। ਉਸ ਦਿਨ ਤਾਂ ਉਹਨਾਂ ਨੇ ਸ਼ਾਹ ਨੂੰ ਹਾਜਰੀ ਤੋਂ ਰਿਆਤ ਦੇ ਦਿੱਤੀ ਅਤੇ 20 ਜੂਨ ਦੀ ਅਗਲੀ ਸੁਣਵਾਈ ਵਿਚ ਹਾਜਿਰ ਹੋਣ ਦਾ ਆਦੇਸ਼ ਦਿੱਤਾ ਪਰ ਉਹ ਫਿਰ ਵੀ ਨਹੀ ਆਏ। ਮੀਡੀਆ ਦੀ ਰਿਪੋਰਟ ਦੇ ਮੁਤਾਬਿਕ ਉਤਪਟ ਨੇ ਸ਼ਾਹ ਦੇ ਵਕੀਲ ਨੂੰ ਕਿਹਾ ਕਿ ਤੁਸੀਂ ਹਰ ਵਾਰ ਹੀ ਬਿਨਾਂ ਕਾਰਨ ਦੱਸੇ ਰਿਆਤ ਦੇਣ ਦੀ ਗੱਲ ਕਰ ਰਹੇ ਹਨ। ਰਿਪੋਰਟ ਕਹਿੰਦੀ ਹੈ ਕਿ ਉਤਪਟ ਨੇ ਸੁਣਵਾਈ ਦੀ ਅਗਲੀ ਤਾਰੀਕ 26 ਜੂਨ ਪੱਕੀ ਕੀਤੀ ਪਰ 25 ਜੂਨ ਨੂੰ ਉਹਨਾਂ ਦੀ ਬਦਲੀ ਪੂਨੇ ਕਰ ਦਿੱਤੀ ਗਈ। ਇਹ ਸੁਪਰੀਮ ਕੋਰਟ ਦੇ ਸਤੰਬਰ 2012 ਵਿਚ ਆਏ ਉਸ ਆਦੇਸ਼ ਦਾ ਉਲੰਘਣ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਸੋਹਰਾਬੁੱਦੀਨ ਮਾਮਲੇ ਦੀ ਸੁਣਵਾਈ, ਇਕ ਹੀ ਅਫਸਰ ਦੁਆਰਾ ਸ਼ੁਰੂ ਤੋਂ ਆਖਿਰ ਤੱਕ ਕੀਤਾ ਜਾਵੇ।



ਲੋਈਆ ਨੇ ਸ਼ੁਰੂ ਵਿਚ ਅਦਾਲਤ ਵਿਚ ਹਾਜ਼ਰ ਨਾ ਹੋਣ ਸਬੰਧੀ ਸ਼ਾਹ ਦੀ ਦਰਖਾਸਤ ਤੇ ਨਰਮੀ ਵਰਤੀ। ਆਊਟਲੁੱਕ ਲਿਖਦਾ ਹੈ ਕਿ ਉਤਪਟ ਦੇ ਉਤਰਾਅਧਿਕਾਰੀ ਲੋਈਆ ਰਿਆਤੀ ਸਨ ਜੋ ਹਰ ਤਾਰੀਕ ਨੂੰ ਸ਼ਾਹ ਦੀ ਹਾਜ਼ਰੀ ਤੇ ਰਾਹਤ ਦਿੰਦੇ ਸਨ। ਪਰ ਹੋ ਸਕਦਾ ਹੈ ਕਿ ਉਪਰੋਂ ਦਿਸਣ ਵਾਲੀ ਇਹ ਨਿਮਰਤਾ ਪ੍ਰਕਿਰਿਆ ਦਾ ਮਾਮਲਾ ਰਹੀ ਹੋਵੇ। ਆਊਟਲੁੱਕ ਦੀ ਸਟੋਰੀ ਕਹਿੰਦੀ ਹੈ ਕਿ ਧਿਆਨ ਦੇਣ ਵਾਲੀ ਗੱਲ ਹੈ ਕਿ ਉਹਨਾਂ ਦੀ ਪਿਛਲੀ ਇਕ ਨੋਟਿੰਗ ਕਹਿੰਦੀ ਹੈ ਕਿ ਸ਼ਾਹ ਨੂੰ ਆਰੋਪ ਤੈਅ ਹੋਣ ਤੱਕ ਸ਼ਾਹ ਨੂੰ ਨਿੱਜੀ ਰੂਪ ਤੋਂ ਹਾਜ਼ਰ ਹੋਣ ਤੋਂ ਰਾਹਤ ਜਾਂਦੀ ਹੈ। ਸਾਫ ਹੈ ਕਿ ਲੋਈਆ ਭਲੇ ਹੀ ਉਹਨਾਂ ਪ੍ਰਤੀ ਦਿਆਲੂ ਦਿਖ ਰਹੇ ਹੋਣ ਪਰ ਸ਼ਾਹ ਨੂੰ ਆਰੋਪਾਂ ਤੋ ਮੁਕਤ ਕਰਨ ਦੀ ਗੱਲ ਉਹਨਾਂ ਦੇ ਦਿਮਾਗ ਵਿਚ ਨਹੀਂ ਰਹੀ ਹੋਵੇਗੀ। ਮੁਕੱਦਮੇ ਵਿਚ ਸ਼ਿਕਾਇਤ ਕਰਤਾ ਰਹੇ ਸੋਹਰਾਬੁਦੀਨ ਦੇ ਭਰਾ ਰੁੱਬਾਬੁਦੀਨ ਦੇ ਵਕੀਲ ਮਿਹਿਰ ਦੇਸਾਈ ਦੇ ਮੁਤਾਬਿਕ ਲੋਈਆ 10,000 ਪੰਨੇ ਤੋਂ ਜਿਆਦਾ ਲੰਬੀ ਪੂਰੀ ਚਾਰਜ਼ ਸ਼ੀਟ ਨੂੰ ਦੇਖਣਾ ਚਾਹੁੰਦੇ ਹਨ ਅਤੇ ਚਸ਼ਮਦੀਦ ਅਤੇ ਗਵਾਹਾਂ ਦੀ ਜਾਂਚ ਨੂੰ ਲੈ ਕੇ ਕਾਫੀ ਗੰਭੀਰ ਸਨ। ਦੇਸਾਈ ਕਹਿੰਦੇ ਹਨ ਕਿ ਇਹ ਮੁਕੱਦਮਾ ਸੰਵੇਦਨਸ਼ੀਲ ਅਤੇ ਅਹਿਮ ਸੀ ਜੋ ਇਕ ਜੱਜ ਦੇ ਬਤੌਰ ਸ੍ਰੀ ਲੋਈਆ ਦੀ ਸ਼ਵੀ ਨੂੰ ਤੈਅ ਕਰਦਾ ਹੈ। ਦੇਸਾਈ ਕਹਿੰਦਾ ਹੈ ਕਿ ਪਰ ਦਬਾਅ ਤਾਂ ਲਗਾਤਾਰ ਬਣਾਇਆ ਜਾ ਰਿਹਾ ਸੀ।

ਲੋਈਆ ਦੀ ਭਤੀਜੀ ਨੁਪੂਰ ਬਾਲਾਪ੍ਰਸਾਦ ਬਿਆਣੀ ਮੁੰਬਈ ਵਿਚ ਉਹਨਾਂ ਦੇ ਪਰਿਵਾਰ ਦੇ ਨਾਲ ਰਹਿ ਕੇ ਪੜਾਈ ਕਰਦੀ ਸੀ। ਉਸ ਨੇ ਮੈਨੂੰ ਦੱਸਿਆ ਕਿ ਉਹ ਦੇਖ ਰਹੀ ਸੀ ਕਿ ਉਹਨਾਂ ਦੇ ਮਾਮਾ ਉੱਤੇ ਕਿਸ ਹੱਦ ਤੱਕ ਦਬਾਅ ਸੀ। ਉਹਨਾਂ ਨੇ ਦੱਸਿਆ ਕਿ ਉਹ ਜਦੋਂ ਕੋਰਟ ਤੋਂ ਘਰ ਆਉਂਦੇ ਤਾਂ ਕਹਿੰਦੇ ਸਨ ਬਹੁਤ ਪ੍ਰੇਸ਼ਾਨੀ ਹੈ। ਕਾਫੀ ਤਨਾਅ ਸੀ। ਇਹ ਮੁਕੱਦਮਾ ਬਹੁਤ ਵੱਡਾ ਹੈ ਇਸ ਨਾਲ ਕਿਸ ਤਰਾਂ ਨਿਪਟੀਏ। ਹਰ ਕੋਈ ਇਸ ਵਿਚ ਸ਼ਾਮਿਲ ਹੈ। ਨੁਪੂਰ ਦੇ ਮੁਤਾਬਿਕ ਇਹ ਰਾਜਨੀਤਿਕ ਕਦਰਾਂ ਕੀਮਤਾਂ ਦਾ ਸਵਾਲ ਸੀ।

ਦੇਸਾਈ ਨੇ ਮੈਨੂੰ ਦੱਸਿਆ ਕਿ ਕੋਰਟ ਰੂਮ ਵਿਚ ਹਮੇਸ਼ਾਂ ਹੀ ਜ਼ਬਰਦਸਤ ਤਨਾਅ ਕਾਇਮ ਰਹਿੰਦਾ ਸੀ। ਅਸੀਂ ਲੋਕ ਜਦੋਂ ਸੀ.ਬੀ.ਆਈ ਦੇ ਕੋਲ ਚਸ਼ਮਦੀਦ ਦੇ ਬਤੌਰ ਜਮਾਂ ਕਾਲ ਵਿਵਰਣ ਦਾ ਅੰਗ੍ਰੇਜੀ ਅਨੁਵਾਦ ਮੰਗਦੇ ਸੀ ਤਾਂ ਸਫਾਈ ਪੱਖ ਦੇ ਵਕੀਲ ਲਗਾਤਾਰ ਅਮਿਤ ਸ਼ਾਹ ਨੂੰ ਸਾਰੇ ਆਰੋਪਾਂ ਤੋਂ ਬਰੀ ਕਰਨ ਦੀ ਬੇਨਤੀ ਕਰਦੇ ਰਹਿੰਦੇ ਸਨ। ਉਹਨਾਂ ਦਸਿਆ ਕਿ ਟੇਪ ਦੀ ਭਾਸ਼ਾ ਗੁਜਰਾਤੀ ਸੀ ਜੋ ਨਾਂ ਤਾਂ ਲੋਈਆ ਨੂੰ ਅਤੇ ਨਾ ਹੀ ਸ਼ਿਕਾਇਤ ਕਰਤਾ ਨੂੰ ਸਮਝ ਵਿਚ ਆਉਂਦੀ ਸੀ।

ਦੇਸਾਈ ਨੇ ਦੱਸਿਆ ਕਿ ਸਫਾਈ ਪੱਖ ਦੇ ਵਕੀਲ ਲਗਾਤਾਰ ਅੰਗਰੇਜੀ ਵਿਚ ਟੇਪ ਮੁੱਹਈਆ ਕਰਵਾਏ ਜਾਣ ਦੀ ਮੰਗ ਨੂੰ ਦਰਕਿਨਾਰ ਕਰਦੇ ਰਹਿੰਦੇ ਸਨ ਅਤੇ ਇਸ ਗੱਲ ਦਾ ਦਬਾਅ ਪਾਉਂਦੇ ਸਨ ਕਿ ਸ਼ਾਹ ਨੂੰ ਬਰੀ ਕਰਨ ਸਬੰਧੀ ਜਾਚਿਕਾ ਉੱਤੇ ਸੁਣਵਾਈ ਹੋਵੇ। ਦੇਸਾਈ ਦੇ ਮੁਤਾਬਿਕ ਉਸਦੇ ਜੂਨੀਅਰ ਵਕੀਲ ਅਕਸਰ ਕੋਰਟ ਰੂਮ ਦੇ ਅੰਦਰ ਕੁੱਝ ਅਜਨਬੀ ਅਤੇ ਸ਼ੱਕੀ ਦਿਖਣ ਵਾਲੇ ਲੋਕਾਂ ਦੀ ਗੱਲ ਕਰਦੇ ਸਨ। ਜੋ ਧਮਕਾਉਣ ਦੇ ਲਹਿਜੇ ਵਿਚ ਸ਼ਿਕਾਇਤ ਕਰਤਾ ਦੇ ਵਕੀਲ ਨੂੰ ਘੂਰਦੇ ਸਨ ਅਤੇ ਘੁਸਰਮੁਸਰ ਕਰਦੇ ਰਹਿੰਦੇ ਸਨ।

ਦੇਸਾਈ ਯਾਦ ਕਰਦੇ ਹੋਏ ਦੱਸਦੇ ਹਨ ਕਿ 31 ਅਕਤੂਬਰ ਨੂੰ ਇੱਕ ਸੁਣਵਾਈ ਦੌਰਾਨ ਲੋਈਆਂ ਨੇ ਪੁੱਛਿਆ ਕਿ ਸ਼ਾਹ ਕਿਉਂ ਨਹੀ ਆਉਂਦੇ। ਉਸਦੇ ਵਕੀਲਾਂ ਨੇ ਜਵਾਬ ਦਿੱਤਾ ਕਿ ਖੁਦ ਲੋਹੀਆ ਨੇ ਉਨ੍ਹਾਂ ਨੂੰ ਆਉਣ ਤੋਂ ਰਾਹਤ ਦੇ ਰੱਖੀ ਹੈ। ਲੋਈਆ ਦੀ ਟਿੱਪਣੀ ਸੀ ਕਿ ਜਦੋਂ ਸ਼ਾਹ ਸੂਬੇ ਵਿੱਚ ਨਾ ਹੋਣ ਉਦੋਂ ਏਹ ਰਾਹਤ ਲਾਗੂ ਹੁੰਦੀ ਹੈ। ਉਨ੍ਹਾਂ ਨੇ ਕਿਹਾ ਸੀ ਕਿ ਉਸ ਦਿਨ ਸ਼ਾਹ ਮੁੰਬਈ ਵਿੱਚ ਹੀ ਸਨ। ਉਹ ਮਹਾਂਰਾਸਟਰ ਵਿੱਚ ਬੀ ਜੇ ਪੀ ਦੀ ਨਵੀਂ ਸਰਕਾਰ ਤੇ ਸੰਹੁ ਚੁੱਕ ਸਮਾਗਮ 'ਚ ਹਿੱਸਾ ਲੈਣ ਆਏ ਸਨ ਅਤੇ ਅਦਾਲਤ ਤੋਂ ਮਹਿਜ ਡੇਢ ਕਿਲੋਮੀਟਰ ਦੂਰ ਸਨ। ਉਨ੍ਹਾਂ ਸ਼ਾਹ ਦੇ ਵਕੀਲ ਨੂੰ ਆਦੇਸ਼ ਦਿੱਤਾ ਕਿ ਅਗਲੀ ਵਾਰ ਜਦੋਂ ਉਹ ਸੂਬੇ ਵਿੱਚ ਹੀ ਹੋਣ ਤਾਂ ਉਨ੍ਹਾਂ ਦੀ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਸੁਣਵਾਈ ਦੀ ਅਗਲੀ ਤਾਰੀਖ 15 ਦਸੰਬਰ ਮੁਕਰਰ ਕਰ ਦਿੱਤੀ ਗਈ।

ਅਨੁਰਾਧਾ ਬਿਆਣੀ ਨੇ ਦੱਸਿਆ ਕਿ ਲੋਈਆ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਮੋਹਿਤ ਸ਼ਾਹ ਜੋ ਜੂਨ 2010 ਤੋਂ 2015 ਦੇ ਵਿਚਕਾਰ ਬੰਬਈ ਉੱਚ ਅਦਾਲਤ ਦੇ ਜੱਜ ਸਨ, ਨੇ ਲੋਹੀਆਂ ਨੂੰ ਪੱਖ ਦਾ ਫੈਸਲਾ ਦੇਣ ਲਈ 100 ਕਰੋੜ ਰੁਪਏ ਦੀ ਰਿਸ਼ਵਤ ਦੇਣ ਦੀ ਪੇਸ਼ਕਸ਼ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਮੋਹਿਤ ਸ਼ਾਹ ਨੇ ਉਨ੍ਹਾਂ ਦੇ ਭਾਈ ਨੂੰ ਕਿਹਾ ਸੀ ਕਿ ਜੇਕਰ ਫੈਸਲਾ 30 ਦਸੰਬਰ ਤੋਂ ਪਹਿਲਾਂ ਆ ਗਿਆ ਤਾਂ ਉਸ ਉੱਤੇ ਬਿਲਕੁੱਲ ਵੀ ਧਿਆਨ ਨਹੀ ਜਾਵੇਗਾ ਕਿਉਂਕਿ ਉਸੇ ਦੇ ਆਸ ਪਾਸ ਇੱਕ ਹੋਰ ਧਮਾਕੇਦਾਰ ਕਹਾਣੀ ਆਉਣ ਵਾਲੀ ਹੈ ਜੋ ਲੋਕਾਂ ਦਾ ਧਿਆਨ ਇਸ ਤੋਂ ਹਟਾ ਦੇਵੇਗੀ।

ਲੋਹੀਆ ਦੇ ਪਿਤਾ ਹਰਕਿਸ਼ਨ ਨੇ ਵੀ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਪੁੱਤਰ ਨੇ ਰਿਸ਼ਵਤ ਦੀ ਪੇਸ਼ਕਸ਼ ਵਾਲੀ ਗੱਲ ਉਨ੍ਹਾਂ ਨੂੰ ਦੱਸੀ ਸੀ। ਹਰਕਿਸ਼ਨ ਨੇ ਕਿਹਾ ਕਿ ਹਾਂ ਉਨ੍ਹਾਂ ਨੂੰ ਪੈਸੇ ਦੀ ਪੇਸ਼ਕਸ਼ ਕੀਤੀ ਗਈ ਸੀ। ਕੀ ਤੁਹਾਨੂੰ ਮੁੰਬਈ 'ਚ ਮਕਾਨ ਚਾਹੀਦਾ ਹੈ, ਕਿੰਨੀ ਜਮੀਨ ਚਾਹੀਦੀ ਹੈ ਉਹ ਸੱਭ ਦੱਸਦਾ ਸੀ। ਬਕਾਇਦਾ ਇੱਕ ਪੇਸ਼ਕਸ਼ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਹਰਕਿਸ਼ਨ ਨੇ ਦੱਸਿਆ ਕਿ ਉਸਨੇ ਮੈਨੂੰ ਦੱਸਿਆ ਸੀ ਕਿ ਜਾਂ ਤਾਂ ਮੈਂ ਬਦਲੀ ਕਰਵਾ ਲਵਾਂਗਾ ਜਾਂ ਅਸਤੀਫਾ ਦੇ ਦੇਵਾਂਗਾ। ਮੈਂ ਪਿੰਡ ਜਾ ਕੇ ਖੇਤੀ ਕਰਾਂਗਾ।

ਇਸ ਪਰਿਵਾਰ ਦੇ ਦਾਅਵਿਆਂ ਦੀ ਜਾਂਚ ਲਈ ਮੈਂ ਮੋਹਿਤ ਸ਼ਾਹ ਅਤੇ ਅਮਿਤ ਸ਼ਾਹ ਨਾਲ ਸੰਪਰਕ ਕੀਤਾ। ਇਸ ਕਹਾਣੀ ਦੇ ਛੱਪਣ ਤੱਕ ਉਨ੍ਹਾਂ ਦਾ ਕੋਈ ਜਵਾਬ ਨਹੀ ਆਇਆ। ਉਹ ਜਦੋਂ ਵੀ ਜਵਾਬ ਦੇ ਦੇਣਗੇ ਇਸ ਕਹਾਣੀ ਦੀ ਦੁਹਰਾਈ ਕਰ ਦਿੱਤੀ ਜਾਵੇਗੀ।



ਗੁਰਪ੍ਰੀਤ ਸਿੰਘ ਮਹਿਦੂਦਾਂ
91-98889-75440

ਲੋਹੀਆ ਦੀ ਮੌਤ ਤੋਂ ਬਾਅਦ ਐਮ ਬੀ ਗੋਸਾਵੀ ਨੂੰ ਸੋਹਾਬੁਦੀਨ ਕੇਸ ਵਿੱਚ ਜੱਜ ਬਣਾਇਆ ਗਿਆ। ਗੋਸਾਵੀ ਨੇ 15 ਦਸੰਬਰ 2014 ਨੂੰ ਸੁਣਵਾਈ ਸੁਰੂ ਕੀਤੀ। ਮਿਹਿਰ ਦੇਸਾਈ ਦੱਸਦੇ ਹਨ ਕਿ ਉਨ੍ਹਾਂ ਨੇ 3 ਦਿਨ ਤੱਕ ਅਮਿਤ ਸ਼ਾਹ ਨੂੰ ਬਰੀ ਕਰਨ ਸਬੰਧੀ ਸਫਾਈ ਪੱਖ ਦੇ ਵਕੀਲ ਦੀਆਂ ਦਲੀਲਾਂ ਸੁਣੀਆਂ ਜਦਕਿ ਸੀ ਬੀ ਆਈ ਦੀਆਂ ਦਲੀਲਾਂ ਨੂੰ ਕੇਵਲ 15 ਮਿੰਟ ਸੁਣਾਇਆ ਗਿਆ। ਉਨ੍ਹਾਂ ਨੇ 17 ਦਸੰਬਰ ਨੂੰ ਸੁਣਵਾਈ ਪੂਰੀ ਕਰ ਲਈ ਅਤੇ ਆਦੇਸ਼ ਸੁੱਰਖਿਅਤ ਰੱਖ ਲਿਆ।

ਲੋਹੀਆ ਦੀ ਮੌਤ ਦੇ ਕਰੀਬ ਇੱਕ ਮਹੀਨੇ ਬਾਅਦ 30 ਦਸੰਬਰ 2014 ਨੂੰ ਗੋਸਾਵੀ ਨੇ ਸਫਾਈ ਪੱਖ (ਡਿਫੈਂਸ) ਦੀ ਇਸ ਦਲੀਲ ਨੂੰ ਪ੍ਰਸ਼ਨ ਕੀਤਾ ਕਿ ਸੀ ਬੀ ਆਈ ਕੀ ਆਰੋਪੀ ਨੂੰ ਫਸਾਉਣ ਦੇ ਪਿਛੇ ਰਾਜਨੀਤਿਕ ਇੱਛਾ ਹੈ। ਇਸਦੇ ਨਾਲ ਹੀ ਉਨ੍ਹਾਂ ਅਮਿਤ ਸ਼ਾਹ ਨੂੰ ਬਰੀ ਕਰ ਦਿੱਤਾ।

ਠੀਕ ਉਸੇ ਦਿਨ ਪੂਰੇ ਦੇਸ਼ ਦੇ ਟੀ ਵੀ ਪਰਦੇ ਤੇ ਟੈਸਟ ਕ੍ਰਿਕਟ ਤੋਂ ਐਮ ਐਸ ਧੋਨੀ ਦੇ ਸੰਨਿਆਸ ਦੀ ਖਬਰ ਛਾਈ ਹੋਈ ਸੀ। ਜਿਵੇਂ ਕਿ ਬਿਆਣੀ ਨੇ ਯਾਦ ਕਰਦੇ ਹੋਏ ਦੱਸਿਆ ਕਿ ਕਿ ਥੱਲੇ ਬਸ ਇੱਕ ਪੱਟੀ ਚੱਲ ਰਹੀ ਸੀ – ਅਮਿਤ ਸ਼ਾਹ ਨਿਰਦੋਸ਼ ਸਾਬਿਤ, ਅਮਿਤ ਸ਼ਾਹ ਨਿਰਦੋਸ਼ ਸਾਬਿਤ।

ਲੋਹੀਆ ਦੀ ਮੌਤ ਦੇ ਕਰੀਬ ਢਾਈ ਮਹੀਨੇ ਬਾਅਦ ਮੋਹਿਤ ਸ਼ਾਹ ਦੁੱਖ ਸਾਂਝਾ ਕਰਨ ਲਈ ਪਰਿਵਾਰ ਨੂੰ ਮਿਲਣ ਆਏ। ਮੈਨੂੰ ਲੋਹੀਆ ਦੇ ਪਰਿਵਾਰ ਦੇ ਕੋਲੋਂ ਉਸਦੇ ਪੁੱਤਰ ਅਨੁਜ ਦਾ ਲਿਖਿਆ ਇੱਕ ਪੱਤਰ ਮਿਲਿਆ ਜੋ ਉਨ੍ਹਾਂ ਅਨੁਸਾਰ ਉਸਨੇ ਉਸੇ ਦਿਨ ਆਪਣੇ ਪਰਿਵਾਰ ਦੇ ਨਾਮ ਲਿਖਿਆ ਸੀ ਜਿਸ ਦਿਨ ਮੁੱਖ ਜੱਜ ਆਏ ਸਨ। ਉਸ ਉੱਤੇ ਮਿਤੀ ਪਈ ਹੈ 18 ਫਰਵਰੀ 2015 ਭਾਵ ਲੋਹੀਆ ਦੇ ਮੌਤ ਦੇ 80 ਦਿਨ ਬਾਅਦ। ਅਨੁਜ ਨੇ ਲਿਖਿਆ ਸੀ ਕਿ ਮੈਨੂੰ ਡਰ ਹੈ ਕਿ ਏਹ ਆਗੂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਨੁਕਸ਼ਾਨ ਪਹੁੰਚਾ ਸਕਦੇ ਹਨ ਅਤੇ ਮੇਰੇ ਕੋਲ ਇਨ੍ਹਾਂ ਨਾਲ ਲੜ੍ਹਨ ਦੀ ਤਾਕਤ ਨਹੀ ਹੈ। ਉਸਨੇ ਮੋਹਿਤ ਸ਼ਾਹ ਦੇ ਸਬੰਧ 'ਚ ਲਿਖਿਆ ਸੀ, ਮੈਂ ਪਿਤਾ ਦੀ ਮੌਤ ਦੀ ਜਾਂਚ ਲਈ ਉਨ੍ਹਾਂ ਨੂੰ ਇੱਕ ਜਾਂਚ ਕਮੇਟੀ ਗਠਿਤ ਕਰਨ ਨੂੰ ਕਿਹਾ ਸੀ। ਮੈਨੂੰ ਡਰ ਹੈ ਕਿ ਉਨ੍ਹਾਂ ਦੇ ਖਿਲਾਫ ਸਾਨੂੰ ਕੁਝ ਵੀ ਕਰਨ ਤੋਂ ਰੋਕਣ ਲਈ ਸਾਡੇ ਪਰਿਵਾਰ ਨੂੰ ਨੁਕਸ਼ਾਨ ਪਹੁੰਚਾ ਸਕਦੇ ਹਨ। ਸਾਡੀ ਜਿੰਦਗੀ ਖਤਰੇ ਵਿੱਚ ਹੈ।

ਅਨੁਜ ਨੇ ਚਿੱਠੀ ਵਿੱਚ ਦੋ ਵਾਰ ਲਿਖਿਆ ਸੀ ਕਿ ਜੇਕਰ ਮੈਨੂੰ ਜਾਂ ਮੇਰੇ ਪਰਿਵਾਰ ਨੂੰ ਕੁਝ ਵੀ ਹੁੰਦਾ ਹੈ ਤਾਂ ਉਸਦੇ ਲਈ ਇਸ ਸਾਜਿਸ਼ ਵਿੱਚ ਲਿਪਤ ਮੁੱਖ ਜੱਜ ਮੋਹਿਤ ਸ਼ਾਹ ਅਤੇ ਹੋਰ ਲੋਕ ਜਿੰਮੇਵਾਰ ਹੋਣਗੇ।

ਮੈਂ ਲੋਹੀਆ ਦੇ ਪਿਤਾ ਨੂੰ ਨਵੰਬਰ 2016 ਵਿੱਚ ਮਿਲਿਆ। ਉਹ ਬੋਲੇ ਸਨ ਕਿ ਮੈਂ ਹੁਣ 85 ਸਾਲ ਦਾ ਹੋ ਚੁੱਕਿਆ ਹਾਂ ਮੈਨੂੰ ਹੁਣ ਮੌਤ ਦਾ ਡਰ ਨਹੀ ਹੈ। ਮੈਂ ਇਨਸਾਫ ਵੀ ਚਾਹੁੰਦਾ ਹਾਂ ਮੈਨੂੰ ਆਪਣੀਆਂ ਲੜਕੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਜਾਨ ਦੀ ਬੇਹੱਦ ਫਿਕਰ ਹੈ। ਬੋਲਦੇ ਹੋਏ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਉਹ ਰੁਕ ਰੁਕ ਕੇ ਜੱਦੀ ਘਰ ਦੀ ਕੰਧ ਤੇ ਟੰਗੀ ਲੋਹੀਆ ਦੀ ਤਸ਼ਵੀਰ ਵੱਲ ਦੇਖ ਰਹੇ ਸਨ ਜਿਸਤੇ ਹੁਣ ਮਾਲਾ ਪਾਈ ਹੋਈ ਸੀ।

**ਅਨੁਵਾਦਕ : ਪੱਤਰਕਾਰ ਗੁਰਪ੍ਰੀਤ ਸਿੰਘ ਮਹਿਦੂਦਾਂ**

# ਦਸਤਾਰ ਸਾਡੀ ਸ਼ਾਨ




ਪਰਮਜੀਤ ਕੌਰ ਸੋਢੀ
91-94786-58384

ਕਿਸੇ ਵੀ ਧਰਮ ਵਿੱਚ ਅਕੀਦਾ ਰੱਖਣ ਵਾਲੇ ਵਿਅਕਤੀ ਦਾ ਆਪਣੇ ਧਰਮ ਵਿੱਚ ਵਿਸ਼ਵਾਸ, ਪਿਆਰ ਅਤੇ ਇਮਾਨ ਉਸ ਦੀ ਸਰਧਾ ਤੇ ਹੀ ਨਿਰਭਰ ਕਰਦੇ ਹਨ। ਇਸੇ ਤਰਾਂ ਦਸਤਾਰ ਆਪਣੀ ਸਿੱਖੀ ਦੀ ਨਿਸ਼ਾਨੀ ਹੈ ਜੀ। ਉੱਥੇ ਦਸਤਾਰ ਇੱਕ ਸਰਦਾਰ ਲਈ ਸਿਰ ਦਾ ਤਾਜ ਹੈ, ਆਨ ਹੈ, ਸਿੱਖੀ ਦੀ ਸ਼ਾਨ ਹੈ ਤੇ ਇਸ ਦੇ ਨਾਲ, ਨਾਲ ਇਹ ਸ਼ਬਦ ਸੋਨੇ ਤੇ ਸੁਹਾਗਾ ਹੋ ਨਿਬੜਦੇ ਹਨ ਕਿ ਸਾਨੂੰ ਸਿੱਖ ਹੋਣ ਤੇ ਮਾਣ ਹੈ। ਦਸਤਾਰ ਵਾਲੇ ਸਰਦਾਰ ਬਹੁਤ ਵੱਡੇ ਇਕੱਠ ਵਿੱਚੋਂ ਅਲੱਗ ਹੀ ਪਹਿਚਾਣੇ ਜਾਂਦੇ ਹਨ। ਪਰ ਅੱਜ ਦਾ ਨੌਜਵਾਨ ਦਸਤਾਰ ਸਜਾਉਣ ਵਿੱਚ ਦਿਲਚਸਪੀ ਥੋੜੀ ਘੱਟ ਦਿਖਾ ਰਿਹਾ ਹੈ ਕਿਉਂਕਿ ਕਲੀਨ ਸ਼ੈਵ ਹੋਣ ਦਾ ਫੈਸ਼ਨ ਅੱਜ ਦੀ ਪੀੜੀ ਵਿੱਚ ਜਿਆਦਾ ਹੀ ਵੱਧ ਰਿਹਾ ਹੈ। ਇੱਥੇ ਮੈ ਇਸਦਾ ਦੋਸ਼ ਇਕੱਲੇ ਲੜਕਿਆ ਨੂੰ ਨਹੀਂ ਦੇਵਾਂਗੀ ਨਾਲ-ਨਾਲ ਸਾਡੀਆਂ ਭੈਣਾਂ, ਮਾਤਾਵਾਂ ਵੀ ਉਨੀਆਂ ਹੀ ਜਿੰਮੇਵਾਰ ਹਨ ਕਿਉਂਕਿ ਜਿਹੜੀਆਂ ਆਪ ਫੈਸ਼ਨਾਂ ਦੀ ਹੋੜ ਵਿੱਚ ਵਹਿ ਕੇ ਪਾਰਲਰ ਜਾਂਦੀਆਂ ਹਨ ਫਿਰ ਬੱਚਿਆ ਨੂੰ ਕੀ ਦਸਤਾਰ ਦੀ ਪਰਿਭਾਸਾ ਸਿਖਾਉਣਗੀਆਂ। ਸੋ ਵੀਰੋ, ਭੈਣੋ, ਮਾਤਾਓ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਦਸਤਾਰ ਧਾਰੀ ਬੱਚਿਆ ਨੇ ਬਹੁਤ ਸਾਰੀਆਂ ਮੱਲਾਂ ਮਾਰੀਆਂ ਹਨ। ਜਿਵੇਂ ਕਨੇਡਾ ਦੀ ਪਹਿਲੀ ਦਸਤਾਰ ਧਾਰੀ ਜੱਜ ਬੀਬੀ ਪਲਬਿੰਦਰ ਕੌਰ ਸ਼ੇਰਗਿੱਲ ਬਣੀ ਹੈ। ਨੀਟ ਦੀ ਪ੍ਰੀਖਿਆ ਵਿੱਚੋਂ ਦਸਤਾਰ ਧਾਰੀ ਸਿੱਖ ਨਵਦੀਪ ਸਿੰਘ ਦੇਸ ਭਰ ਚੋ ਪਹਿਲੇ ਸਥਾਨ ਤੇ ਰਿਹਾ ਹੈ। ਸੋ ਬਚਿਓ ਦਸਤਾਰ ਸਜਾਓ ਤੇ ਆਉਣ ਵਾਲੀ ਪੀੜੀ ਦੇ ਰੋਲ ਮਾਡਲ ਬਣ ਜਾਓ।

# ਸੰਪਾਦਕ ਦੀ ਡਾਕ / ਨਵੇਂ ਸਾਲ ਦੀ ਵਧਾਈ

ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇਸ਼ ਦੁਆਬਾ ਅਖਬਾਰ ਦੇ ਅਦਾਰੇ ਅਤੇ ਅਖਬਾਰ ਨਾਲ ਜੁੜੇ ਵਿਦਵਾਨ ਲਿਖਾਰੀਆਂ ਅਤੇ ਪਾਠਕਾਂ ਨੂੰ ਨਵੇਂ ਸਾਲ ਦੀ ਬਹੁਤ ਬਹੁਤ ਵਧਾਈ ਹੋਵੇ। ਚੁੰਬਰ ਸਾਹਿਬ ਅੱਜ ਸਾਰਾ ਵਿਸ਼ਵ ਉਗਰਵਾਦ ਦੀ ਅੱਗ ਵਿਚ ਜਲ ਰਿਹਾ ਹੈ। ਕੋਈ ਅਖਬਾਰ ਪੜ੍ਹੋ ਜਾਂ ਟੀ. ਵੀ. ਦੇਖੋ ਕਿਸੇ ਦੇਸ਼ ਵਿਚ ਵੀ ਅਮਨ ਅਤੇ ਸ਼ਾਂਤੀ ਨਹੀਂ ਹੈ। ਰੱਬ ਕਰੇ ਆਉਣ ਵਾਲਾ ਸਾਲ 2018 ਖੁਸ਼ੀਆਂ ਅਤੇ ਖੇੜੇ ਲੈ ਕੇ ਆਵੇ। ਦਿਲਾਂ ਦੀਆਂ ਰੰਜਿਸ਼ਾਂ ਅਤੇ ਤਲਖੀਆਂ, ਮਿਲਣਸਾਰੀ ਦੇ ਜਜ਼ਬਿਆਂ ਵਿਚ ਬਦਲ ਜਾਣ। ਅਸੀਂ ਹਰ ਸਾਲ ਆਸ ਕਰਦੇ ਹਾਂ ਕਿ ਨਵਾਂ ਸਾਲ ਸ਼ਾਇਦ ਕੋਈ ਨਾ ਕੋਈ ਚਮਤਕਾਰ ਜ਼ਰੂਰ ਕਰੇਗਾ ਪਰ ਐਸਾ ਹੁੰਦਾ ਨਹੀਂ ਹੈ। ਹਾਲਾਤ ਵੈਸੇ ਦੇ ਵੈਸੇ ਹੀ ਰਹਿੰਦੇ ਹਨ। ਬਲਕਿ ਕਈ ਵਾਰ ਪਹਿਲਾਂ ਨਾਲੋਂ ਵੀ ਖਰਾਬ ਹੋ ਜਾਂਦੇ ਹਨ।

ਚੁੰਬਰ ਸਾਹਿਬ 'ਦੇਸ਼ ਦੁਆਬਾ' ਅਖਬਾਰ ਨੂੰ ਕਾਮਯਾਬ ਕਰਨ ਲਈ ਤੁਸੀਂ ਦਿਨ ਰਾਤ ਜੀ ਤੋੜ ਕੋਸ਼ਿਸ਼ ਅਤੇ ਮਿਹਨਤ ਕੀਤੀ ਹੈ। ਤੁਹਾਡੇ ਪਰਿਵਾਰ ਨੇ ਵੀ ਤੁਹਾਡਾ ਪੂਰਾ ਸਾਥ ਦਿੱਤਾ ਹੈ। ਤੁਹਾਡੀ ਧਰਮ ਪਤਨੀ, ਬੇਟੀ ਅਤੇ ਬੇਟਾ ਵੀ ਵਧਾਈ ਦੇ ਪਾਤਰ ਹਨ, ਜਿਹਨਾਂ ਦੀ ਹੱਲਾਸ਼ੇਰੀ ਨੇ ਹਮੇਸ਼ਾ ਤੁਹਾਡਾ ਹੌਸਲਾ ਵਧਾਇਆ ਹੈ। ਜੇਕਰ ਦੇਖਿਆ ਜਾਵੇ ਤਾਂ ਅੱਜਕਲ੍ਹ ਔਸਤਨ ਸਾਰੇ ਅਖਬਾਰ ਇਸ਼ਤਿਹਾਰਾਂ ਦੀ ਮਦਦ ਨਾਲ ਚੱਲ ਰਹੇ ਹਨ। ਪਰ ਜਿੱਥੇ ਤੱਕ ਮੇਰੀ ਜਾਣਕਾਰੀ ਹੈ, ਤੁਹਾਨੂੰ ਇਸ਼ਤਿਹਾਰਾਂ ਦੀ ਇਮਦਾਦ ਬਹੁਤ ਘੱਟ ਮਿਲੀ ਹੈ, ਫਿਰ ਵੀ ਤੁਸੀਂ ਹੌਸਲਾ ਨਹੀਂ ਹਾਰਿਆ। ਤੁਸੀਂ ਹਿੰਮਤ ਨਾਲ ਚਲਦੇ ਰਹੇ ਅਤੇ ਆਪਣੇ ਮਕਸਦ ਵਿਚ ਕਾਮਯਾਬ ਹੋ ਗਏ ਹੋ। ਇਹ ਤੁਹਾਡੀ ਹਿੰਮਤ ਅਤੇ ਮਿਲਣਸਾਰੀ ਦਾ ਨਤੀਜਾ ਹੈ ਕਿ ਅੱਜ ਦੇਸ਼ ਦੁਆਬਾ ਇਕ ਕਾਮਯਾਬ ਅਖਬਾਰ ਹੈ। ਬੇਸ਼ੁਮਾਰ ਪ੍ਰਸਿੱਧ ਵਿਦਵਾਨ ਲਿਖਾਰੀ ਇਸਦੇ ਨਾਲ ਜੁੜ ਗਏ ਹਨ ਅਤੇ ਹੋਰ ਵੀ ਜੁੜ ਰਹੇ ਹਨ। 'ਦੇਸ਼ ਦੁਆਬਾ' ਦੇ ਪਾਠਕਾਂ ਵਿਚ ਵੀ ਵਾਧਾ ਹੋਇਆ ਹੈ, ਜੋ ਇਸ਼ਤਿਹਾਰ ਜਾਂ ਮੈਟਰ ਕਿਸੇ ਨੇ ਵੀ ਤੁਹਾਨੂੰ ਭੇਜਿਆ, ਤੁਸੀਂ ਬਿਨਾਂ ਇਵਜ਼ਾਨੇ ਦਾ ਖਿਆਲ ਕੀਤਿਆਂ ਉਸਨੂੰ 'ਦੇਸ਼ ਦੁਆਬਾ' ਵਿਚ ਛਾਪਿਆ ਹੈ। ਅੱਜ 'ਦੇਸ਼ ਦੁਆਬਾ' ਸਾਰੇ ਵਿਸ਼ਵ ਵਿਚ ਪ੍ਰਸਿੱਧ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਸਾਹਿਤਕ ਅਤੇ ਧਾਰਮਿਕ ਸਭਾ ਸੁਸਾਇਟੀਆਂ ਨਾਲ 'ਦੇਸ਼ ਦੁਆਬਾ' ਅਖਬਾਰ ਦੇ ਸਬੰਧ ਮਜ਼ਬੂਤ ਹੋ ਗਏ ਹਨ। ਸਭ ਤੋਂ ਬੜੀ ਗੱਲ ਇਹ ਹੋਈ ਹੈ ਕਿ ਜਿੱਥੇ ਕਿਤੇ ਵੀ ਚਾਰ ਸਾਹਿਤਕਾਰ ਜਾਂ ਅਖਬਾਰ ਨਵੀਸ ਇਕੱਠੇ ਹੁੰਦੇ ਹਨ, ਉਥੇ ਤੁਹਾਡਾ ਜ਼ਿਕਰ ਬੜੇ ਅਦਬ ਨਾਲ ਕੀਤਾ ਜਾਂਦਾ ਹੈ। ਅੰਤ ਵਿਚ ਮੇਰੀ ਪਾਠਕਾਂ ਦੇ ਚਰਨਾਂ ਵਿਚ ਗੁਜਾਰਿਸ਼ ਹੈ ਕਿ ਜੇ ਕਦੇ ਕੋਈ ਇਸ਼ਤਿਹਾਰ ਦੇਣਾ ਹੋਵੇ ਤਾਂ ਇਸ ਅਦਾਰੇ ਦੀ ਮਦਦ ਕੀਤੀ ਜਾਵੇ।



ਆਜ਼ਾਦ ਜਾਲੰਧਰੀ

# ਸਿੱਖ ਕਤਲ-ਏ-ਆਮ : ਕੁਝ ਮਾਮਲਿਆਂ ਦੀ ਮੁੜ ਜਾਂਚ?



ਜਸਵੰਤ ਸਿੰਘ 'ਅਜੀਤ'
91 9 827-19890

ਨਵੰਬਰ-84 ਦੇ ਉਹ ਦਿਨ, ਜਦੋਂ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹਤਿਆ ਹੋਣ ਤੋਂ ਬਾਅਦ ਦੇਸ਼ ਭਰ, ਵਿਸ਼ੇਸ਼ ਕਰ ਕਾਂਗਰਸ ਸੱਤਾ ਵਾਲੇ ਰਾਜਾਂ ਵਿੱਚ ਹੋਏ ਬੇਗੁਨਾਹ ਸਿੱਖਾਂ ਦੇ ਸਮੂਹਕ ਹਤਿਆ-ਕਾਂਡ ਵਿੱਚ ਹਜ਼ਾਰਾਂ ਬੇਗੁਨਾਹ ਸਿੱਖ ਮਾਰ ਦਿੱਤੇ ਗਏ। ਸਰਕਾਰੀ ਅੰਕੜਿਆਂ ਅਨੁਸਾਰ ਇਸ ਹਤਿਆਕਾਂਡ ਦੌਰਾਨ ਕੇਵਲ ਦਿੱਲੀ ਵਿੱਚ ਹੀ ਲਗਭਗ ਤਿੰਨ ਹਜ਼ਾਰ ਸਿੱਖ ਮਾਰੇ ਗਏ ਸਨ। ਇਸ ਹਤਿਆਕਾਂਡ ਦੀ ਜਾਂਚ ਕਰ ਇਸਦੇ ਕਾਰਣਾਂ ਅਤੇ ਦੋਸ਼ੀਆਂ ਦੀ ਪਛਾਣ ਕਰਨ ਲਈ ਸਮੇਂ-ਸਮੇਂ ਕਈ ਸਰਕਾਰੀ ਅਤੇ ਗੈਰ-ਸਰਕਾਰੀ ਜਾਂਚ ਕਮੇਟੀਆਂ ਅਤੇ ਕਮਿਸ਼ਨ ਬਣਦੇ ਰਹੇ। ਜਿਨ੍ਹਾਂ ਨੇ ਮੁੱਖ ਦੋਸ਼ੀਆਂ ਦੀ ਪਛਾਣ ਵੀ ਕੀਤੀ। ਇਸਦੇ ਬਾਵਜੂਦ ਤਿੰਨ ਦਹਾਕਿਆ ਤੋਂ ਵੀ ਵੱਧ ਦਾ ਸਮਾਂ ਬੀਤ ਜਾਣ ਤੇ, ਕਿਸੇ ਇੱਕ ਵੀ ਮੁੱਖ ਦੋਸ਼ੀ ਨੂੰ ਸਜ਼ਾ ਨਹੀਂ ਮਿਲ ਸਕੀ। ਹਾਲਾਂਕਿ ਇਸ ਸਮੇਂ ਦੌਰਾਨ ਕੇਂਦਰ ਅਤੇ ਰਾਜਾਂ ਵਿੱਚ ਕਈ ਵਾਰ ਗੈਰ-ਕਾਂਗ੍ਰਸੀ ਸਰਕਾਰਾਂ ਵੀ ਬਣਦੀਆਂ ਰਹੀਆਂ। ਜਿਨ੍ਹਾਂ ਦੇ ਸੱਤਾਕਾਲ ਦੌਰਾਨ ਆਮ ਸਿੱਖਾਂ, ਵਿਸ਼ੇਸ਼ ਕਰ 84 ਦੇ ਪੀੜਤਾਂ ਦੇ ਦਿਲ ਵਿੱਚ ਇਨਸਾਫ ਮਿਲਣ ਦੀ ਆਸ ਦੀ ਕਿਰਨ ਜੱਗਦੀ ਰਹੀ, ਪ੍ਰੰਤੂ ਹਰ ਵਾਰ ਉਨ੍ਹਾਂ ਨੂੰ ਨਿਰਾਸ਼ਾ ਦਾ ਹੀ ਸਾਹਮਣਾ ਕਰਨਾ ਪੈਂਦਾ ਰਿਹਾ। ਹੁਣ ਫਿਰ ਜਦੋਂ ਤਿੰਨ ਵਰ੍ਹੇ ਪਹਿਲਾਂ ਕੇਂਦਰ ਵਿੱਚ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਠੋਸ ਬਹੁਮਤ ਪ੍ਰਾਪਤ ਸਰਕਾਰ ਬਣੀ, ਤਾਂ ਇੱਕ ਵਾਰ ਫਿਰ ਇਨਸਾਫ ਮਿਲਣ ਦੀ ਆਸ ਵਿੱਚ ਸਿੱਖ ਸੰਸਥਾਵਾਂ ਵਲੋਂ ਸਰਕਾਰ ਪੁਰ ਦਬਾਉ ਬਾਣਇਆ ਗਿਆ, ਜਿਸਦੇ ਚਲਦਿਆਂ ਸਰਕਾਰ ਵਲੋਂ ਇੱਕ ਵਿਸ਼ੇਸ਼ ਜਾਂਚ ਦਲ ਦਾ ਗਠਨ ਕਰ ਉਸਨੂੰ ਸਿੱਖ ਹਤਿਆਕਾਂਡ ਨਾਲ ਜੁੜੇ ਉਨ੍ਹਾਂ ਮਾਮਲਿਆ ਦੀ ਮੁੜ ਜਾਂਚ ਕਰਨ ਦੀ ਜ਼ਿਮੇਂਦਾਰੀ ਸੌਂਪੀ ਗਈ, ਜੋ ਸੀਬੀਆਈ ਵਲੋਂ ਇੱਕ ਜਾਂ ਦੂਜੇ ਕਾਰਣ ਕਰਕੇ ਬੰਦ ਕਰ ਦਿੱਤੇ ਗਏ ਸਨ। ਜਦੋਂ ਇਸ ਵਿਸ਼ੇਸ਼ ਜਾਂਚ ਦਲ ਨੇ ਵੀ 2015 ਅਤੇ 2017 ਵਿੱਚ ਸੀਬੀਆਈ ਵਲੋਂ ਬੰਦ ਕਰ ਦਿੱਤੇ ਗਏ ਹੋਏ ਮਾਮਲਿਆਂ ਦੀ ਜਾਂਚ ਕਰ 241 ਮਾਮਲਿਆਂ ਨੂੰ ਬੰਦ ਕਰ ਦਿੱਤੇ ਜਾਣ ਦੀ ਪੁਸ਼ਟੀ ਕਰ ਸੀਬੀਆਈ ਦੀ ਸਿਫਾਰਸ਼ ਪੁਰ ਮੋਹਰ ਲਾ ਦਿੱਤੀ, ਤਾਂ ਦੋਸ਼ੀਆਂ ਨੂੰ ਸਜ਼ਾ ਦੁਆਉਣ ਦਾ ਦਾਅਵਾ ਕਰਦੀਆਂ ਚਲੀਆਂ ਆ ਰਹੀਆਂ, ਸਿੱਖ ਜੱਥੇਬੰਦੀਆਂ ਦੇ ਮੁੱਖੀਆਂ ਨੇ 'ਸਿਟ' ਦੇ ਇਸ ਫੈਸਲੇ ਵਿਰੁੱਧ ਰੋਸ ਜਾਂ ਵਿਰੋਧ ਪ੍ਰਗਟ ਦੀ ਬਜਾਏ ਚੁਪ ਧਾਰ ਲਈ, ਤਾਂ ਆਸ ਦੀ ਉਭਰੀ ਕਿਰਨ ਇੱਕ ਵਾਰ ਫਿਰ ਡੂੰਘੇ ਹਨੇਰੇ ਵਿੱਚ ਗੁਆਚ ਨਿਰਾਸ਼ਾ ਵਿੱਚ ਬਦਲ ਗਈ। ਇਸੇ ਦੌਰਾਨ ਦਿੱਲੀ ਗੁਰਦੁਆਰਾ ਕਮੇਟੀ ਦੇ ਇੱਕ ਸਾਬਕਾ ਮੈਂਬਰ ਸ. ਗੁਰਲਾਡ ਸਿੰਘ ਕਾਹਲੋਂ ਨੇ 'ਸਿਟ' ਦੀ ਇਸ ਸਿਫਾਰਸ਼ ਪੁਰ ਸ਼ੰਕਾ ਪ੍ਰਗਟ ਕਰਦਿਆਂ, ਉਸਨੂੰ ਸੁਪ੍ਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ। ਵਿਦਵਾਨ ਜੱਜਾਂ ਨੇ ਉਨ੍ਹਾਂ ਦੀਆਂ ਦਲੀਲਾਂ ਤੋਂ ਪ੍ਰਭਾਵਤ ਹੋ ਸਿਟ ਦੀ ਰਿਪੋਰਟ ਆਪਣੇ ਪਾਸ ਮੰਗਵਾ ਉਸਦੀ ਜਾਂਚ ਆਪਣੇ ਵਲੋਂ ਗਠਤ ਦੋ-ਮੈਂਬਰੀ ਪੈਨਲ ਨੂੰ ਸੌਂਪ ਦਿੱਤੀ। ਇਸ ਪੈਨਲ ਨੇ ਪਿਛਲੇ ਮਹੀਨੇ, ਦਸੰਬਰ ਵਿੱਚ ਆਪਣੀ ਰਿਪੋਰਟ ਬੰਦ ਲਿਫਾਫੇ ਵਿੱਚ ਅਦਾਲਤ ਨੂੰ ਸੌਂਪ ਦਿੱਤੀ। ਜਿਸ ਵਿੱਚ ਉਸਨੇ 241 ਮਾਮਲਿਆ ਵਿਚੋਂ 186 ਨੂੰ ਗੰਭੀਰ ਮੰਨਦਿਆਂ ਉਨ੍ਹਾਂ ਦੀ ਮੁੜ ਜਾਂਚ ਕੀਤੇ ਜਾਣ ਦੀ ਸਿਫਾਰਸ਼ ਕਰ ਦਿੱਤੀ। ਫਲਸਰੂਪ ਅਦਾਲਤ ਨੇ ਹਾਈ ਕੋਰਟ ਦੇ ਇੱਕ ਸਾਬਕਾ ਜੱਜ, ਇੱਕ ਸਾਬਕਾ ਡੀਸੀ ਪੱਧਰ ਦੇ ਇੱਕ ਸਾਬਕਾ ਪੁਲਿਸ ਅਧਿਕਾਰੀ ਅਤੇ ਇੱਕ ਵਰਤਮਾਨ ਪੁਲਿਸ ਅਧਿਕਾਰੀ ਪੁਰ ਅਧਾਰਤ ਤਿੰਨ-ਮੈਂਬਰੀ ਇੱਕ ਵਿਸ਼ੇਸ਼ ਜਾਂਚ ਦਲ ਗਠਤ ਕਰ ਉਸਨੂੰ ਇਨ੍ਹਾਂ ਮਾਮਲਿਆਂ ਦੀ ਪੁਣ-ਛਾਣ ਕਰਨ ਦੀ ਜ਼ਿਮੇਂਦਾਰੀ ਸੌਂਪ ਦਿੱਤੀ। ਅਦਾਲਤ ਦੇ ਇਸ ਫੈਸਲੇ ਦਾ ਸੁਆਗਤ ਆਮ ਸਿੱਖਾਂ ਤੇ ਉਨ੍ਹਾਂ ਦੀਆਂ ਜੱਥੇਬੰਦੀਆਂ ਨੇ ਤਾਂ ਕੀਤਾ ਹੀ, ਉਨ੍ਹਾਂ ਨਾਲ ਉਹ ਲੋਕੀ ਵੀ 'ਸਿਟ' ਨੂੰ ਜਾਂਚ ਸੌਂਪੇ ਜਾਣ ਦਾ ਸੁਆਗਤ ਕਰ, 'ਸਿਟ' ਨੂੰ ਇਸ ਜਾਂਚ ਵਿੱਚ ਸਹਿਯੋਗ ਦੇਣ ਦੀ ਪੇਸ਼ਕਸ਼ ਕਰਦਿਆਂ ਅਗੇ ਆ ਗਏ, ਜੋ ਬੀਤੇ ਤਿੰਨ ਦਹਾਕਿਆਂ ਤੋਂ ਨਿਆਂ ਦੁਆਉਣ ਦੇ ਸਬਜ਼ਬਾਗ ਵਿਖਾ, ਪੀੜਤਾਂ ਅਤੇ ਆਮ ਸਿੱਖਾਂ ਦਾ ਰਾਜਸੀ ਅਤੇ ਭਾਵਨਾਤਮਕ ਸ਼ੋਸ਼ਣ ਕਰਦੇ ਚਲੇ ਆ ਰਹੇ ਹਨ, ਜਿਨ੍ਹਾਂ ਪੁਰ ਇਹ ਦੋਸ਼ ਵੀ ਲਗਦੇ ਚਲੇ ਆ ਰਹੇ ਹਨ, ਕਿ ਇਹ ਉਹੀ ਹਨ ਜੋ ਪੀੜਤਾਂ ਦੇ ਹਮਦਰਦ ਬਣ ਦਲਾਲਾਂ ਦੇ ਰੂਪ ਵਿੱਚ ਦੋਸ਼ੀਆਂ ਨਾਲ ਗਵਾਹਾਂਵਾਂ ਦੇ ਸੌਦੇ ਕਰਵਾ ਮੋਟੀਆਂ ਦਲਾਲੀਆਂ ਵਸੂਲ ਕਰਦੇ ਰਹੇ ਹਨ।

**ਬਾਲ ਦਿਵਸ:** ਸਵੈ-ਅਭਿਮਾਨ ਸਪਤਾਹ: ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੁਝ ਹੋਰ ਸੰਸਥਾਂਵਾਂ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆ ਦੀ ਸ਼ਹਾਦਤ ਨੂੰ ਸਮਰਪਿਤ ਬਾਲ ਦਿਵਸ ਕੌਮੀ ਪੱਧਰ ਪੁਰ ਮਨਾਏ ਜਾਣ ਦੀ ਸ਼ੁਰੂ ਕੀਤੀ ਗਈ ਮੁਹਿੰਮ ਦਾ ਸਵਾਗਤ ਕਰਦਿਆਂ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਆਰਐਸ ਸੋਢੀ ਨੇ ਇਸਨੂੰ ਇੱਕ ਸ਼ੁਭ ਸੋਚ ਕਰਾਰ ਦਿੱਤਾ ਅਤੇ ਕਹਾ ਕਿ ਜੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੌਮੀ ਮਾਨਤਾ ਦੇ, ਉਸਦੀ ਯਾਦ ਕੌਮੀ ਪੱਧਰ ਪੁਰ ਮਨਾਈ ਜਾਂਦੀ ਹੈ ਤਾਂ ਦੇਸ਼ ਦੇ ਬਚਿਆਂ ਨੂੰ ਜਬਰ-ਜ਼ੁਲਮ ਵਿਰੁੱਧ ਲਾਮਬੱਧ ਹੋ ਸੰਘਰਸ਼ ਕਰਨ ਦੀ ਪ੍ਰੇਰਣਾ ਮਿਲੇਗੀ। ਜਸਟਿਸ ਸੋਢੀ ਨੇ ਕਿਹਾ ਕਿ ਸੀਨੀਅਰ ਨਾਗਰਿਕ ਕੇਸਰੀ ਕਲਬ ਦੀ ਚੇਅਰਪਰਸਨ ਸ੍ਰੀਮਤੀ ਕਿਰਨ ਚੋਪੜਾ ਵਲੋਂ ਪੰਜਾਬ ਕੇਸਰੀ ਵਿਚਲੇ ਐਤਵਾਰ ਦੇ ਆਪਣੇ ਕਾਲਮ ਨੂੰ ਇਸ ਮੁਹਿੰਮ ਦੇ ਸਮਰਥਨ ਪ੍ਰਤੀ ਸਮਰਪਿਤ ਕੀਤਾ ਜਾਣਾ ਬਹੁਤ ਹੀ ਪ੍ਰਸੰਸਾਯੋਗ ਹੈ, ਇਸ ਨਾਲ ਇਸ ਮੁਹਿੰਮ ਨੂੰ ਸਮਰਥਨ ਮਿਲਣ ਦੀਆਂ ਸੰਭਾਵਨਾਵਾਂ ਵੱਧ ਸਕਦੀਆਂ ਹਨ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ 'ਬਾਲ ਦਿਵਸ', ਜੋ ਕਿ ਦੇਸ਼ ਦੇ ਇੱਕ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਸਮਰਪਿਤ ਹੈ, ਉਸਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੋੜਿਆ ਜਾਣਾ ਕਿਸੇ ਵੀ ਤਰ੍ਹਾਂ ਯੋਗ ਨਹੀਂ ਹੋਵੇਗਾ, ਕਿਉਂਕਿ ਪੰਡਤ ਨਹਿਰੂ ਦੇ ਜਨਮ ਦਿਨ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਤੁਲ ਕਿਸੇ ਵੀ ਤਰ੍ਹਾਂ ਨਹੀਂ ਰੱਖਿਆ ਜਾ ਸਕਦਾ। ਸਾਹਿਬਜ਼ਾਦਿਆਂ ਦੀ ਸ਼ਹਾਦਤ ਧਰਮ ਦੀ ਰਖਿਆ ਨਾਲ ਹੀ ਸੰਬੰਧਤ ਨਹੀਂ, ਉਸਦਾ ਸੰਬੰਧ ਸਵੈ-ਅਭਿਮਾਨ ਨੂੰ ਕਾਇਮ ਰਖਣ ਦੇ ਨਾਲ ਵੀ ਹੈ। ਜਸਟਿਸ ਸੋਢੀ ਨੇ ਕਿਹਾ ਸਾਹਿਬਜ਼ਾਦਿਆਂ ਨੇ ਧਰਮ ਅਤੇ ਧਾਰਮਕ ਵਿਸ਼ਵਾਸ ਦੀ ਰਖਿਆ ਲਈ ਆਪਣੀ ਸ਼ਹਾਦਤ ਦੇਣ ਦੇ ਨਾਲ ਆਪਣੇ ਸਵੈ-ਅਭਿਮਾਨ ਨੂੰ ਵੀ ਕਾਇਮ ਰਖਿਆ। ਜਿਸ ਕਾਰਣ ਕੌਮੀ ਪੱਧਰ 'ਤੇ, ਵੱਡੇ ਅਤੇ ਛੋਟੇ ਸਾਹਿਬਜ਼ਾਦਿਆ ਦੀ ਸ਼ਹਾਦਤ ਨੂੰ ਸਮਰਪਿਤ 'ਸਵੈ-ਅਭਿਮਾਨ ਸਪਤਾਹ' ਵਜੋਂ ਹੀ ਮਨਾਇਆ ਜਾਣਾ ਚਾਹੀਦਾ ਹੈ ਅਤੇ ਅਜਿਹਾ ਕਰਨਾ ਹੀ ਯੋਗ ਹੋਵੇਗਾ।

**ਵਿਸ਼ਵ ਪੰਜਾਬੀ ਦਿਵਸ :** ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਵਰਤਮਾਨ ਮੁੱਖ ਸਲਾਹਕਾਰ ਸ. ਕੁਲਮੋਹਨ ਸਿੰਘ ਨੇ ਪੰਜਾਬੀਆਂ ਵਲੋਂ ਆਪਣੀ 'ਮਾਂ-ਬੋਲੀ' ਪੰਜਾਬੀ ਅਤੇ ਉਸਦੀ ਵਿਰਾਸਤ, ਸੰਸਕ੍ਰਿਤੀ ਤੇ ਸਭਿਅਚਾਰ ਨਾਲੋਂ ਲਗਾਤਾਰ ਟੁੱਟਦਿਆਂ ਚਲੇ ਜਾਣ ਪੁਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਜੇ ਇਹੀ ਸਿਲਸਿਲਾ ਅੱਗੇ ਵੀ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਆਉਣ ਵਾਲੀਆਂ ਪੀੜੀਆਂ ਨੂੰ ਪਤਾ ਤਕ ਨਹੀਂ ਹੋਵੇਗਾ ਕਿ ਕੋਈ ਸਮਾਂ ਸੀ, ਜਦੋਂ ਉਨ੍ਹਾਂ ਦੀ 'ਮਾਂ-ਬੋਲੀ' ਪੰਜਾਬੀ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਨੂੰ ਵਿਸ਼ਵ ਪੱਧਰ ਤੇ ਮਾਨਤਾ ਪ੍ਰਾਪਤ ਸੀ। ਉਨ੍ਹਾਂ ਹੋਰ ਕਿਹਾ ਕਿ ਭਾਵੇਂ ਅੱਜ ਵਿਦੇਸ਼ਾਂ ਵਿੱਚ ਜਾ ਵਸੇ ਪੰਜਾਬੀ ਆਪਣੀ ਮਾਂ-ਬੋਲੀ ਅਤੇ ਵਿਰਾਸਤ ਨਾਲ ਜੁੜੇ ਰਹਿਣ ਅਤੇ ਉਸਨੂੰ ਜ਼ਿੰਦਾ ਰਖਣ ਲਈ ਯਤਨਸ਼ੀਲ ਹਨ, ਪ੍ਰੰਤੂ ਇਸ ਸੰਬੰਧ ਵਿੱਚ ਉਨ੍ਹਾਂ ਦੇ ਸਾਧਨ ਅਤੇ ਯਤਨ ਬਹੁਤ ਹੀ ਸੀਮਤ ਹੋਣ ਕਾਰਣ ਲੰਮੇਂ ਸਮੇਂ ਤਕ ਉਨ੍ਹਾਂ ਦੇ ਯਤਨਾਂ ਦੇ ਚਲਦਿਆਂ ਰਹਿਣਾ ਸੰਭਵ ਨਹੀਂ ਹੋਵੇਗਾ, ਕਿਉਂਕਿ ਬਹੁਤੇ ਪੰਜਾਬੀ ਦੂਰ ਦੇਸ਼ ਜਾ ਉਥੋਂ ਦੀ ਸੰਸਕ੍ਰਿਤੀ ਅਤੇ ਭਾਸ਼ਾ ਨਾਲ ਜੁੜ, ਆਪਣੀ ਮਾਂ-ਬੋਲੀ ਤੋਂ ਦੂਰ ਹੋ ਸੰਸਕ੍ਰਿਤੀ ਨਲੋਂ ਟੁਟਦੇ ਚਲੇ ਜਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਆਪਣੀ ਮਾਂ-ਬੋਲੀ ਅਤੇ ਸੰਸਕ੍ਰਿਤੀ ਨੂੰ ਜ਼ਿੰਦਾ ਰੱਖਣ ਲਈ ਜ਼ਰੂਰੀ ਹੈ ਕਿ ਸੰਸਾਰ ਭਰ ਵਿੱਚ ਵਸਦੇ ਪੰਜਾਬੀ ਇੱਕ-ਜੁਟ ਹੋ ਸਾਲ ਵਿੱਚ ਇੱਕ ਵਾਰ 'ਵਿਸ਼ਵ ਪੰਜਾਬੀ ਦਿਵਸ' ਮਨਾਉਣ ਦਾ ਸੰਕਲਪ ਕਰ, ਉਸ ਪ੍ਰਤਿ ਸਮਰਪਿਤ ਹੋਣ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਇਸਦੇ ਲਈ 'ਬਸੰਤ ਪੰਚਮੀ' ਦਾ ਦਿਨ ਨਿਸ਼ਚਿਤ ਕੀਤਾ ਜਾ ਸਕਦਾ ਹੈ, ਕਿਉਂਕਿ ਇਸ ਦਿਨ ਦਾ ਸੰਬੰਧ ਨਾ ਤਾਂ ਕਿਸੇ ਧਰਮ ਵਿਸ਼ੇਸ਼ ਨਾਲ ਹੈ ਅਤੇ ਨਾ ਹੀ ਕਿਸੇ ਫਿਰਕੇ ਜਾਂ ਜਾਤੀ ਵਿਸ਼ੇਸ਼ ਨਾਲ। ਇਹ ਪੰਜਾਬ ਨਾਲ ਸੰਬੰਦਤ ਨਿਰੋਲ ਮੌਸਮੀ ਤਿਉਹਾਰ ਹੈ।

**ਨਾਨਕਸ਼ਾਹੀ ਸੰਮਤ:** ਰਾਣਾ ਪਰਮਜੀਤ ਸਿੰਘ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ ਇੱਕ ਉਚੇਚੀ ਬੈਠਕ ਵਿੱਚ ਕਮੇਟੀ ਦੇ ਦਫਤਰੀ ਕੰਮਾਂ ਦੇ ਨਾਲ ਨਿਤ ਦੇ ਚਿੱਠੀ-ਪਤ੍ਰ ਵਿੱਚ ਨਾਨਕਸ਼ਾਹੀ ਸੰਮਤ ਦੀ ਵਰਤੋਂ ਨੂੰ ਉਤਸਾਹਿਤ ਕਰਨ ਦੇ ਉਦੇਸ਼ ਨਾਲ ਧਰਮ ਪ੍ਰਚਾਰ ਕਮੇਟੀ (ਦਿ. ਸਿ. ਗੁ. ਪ੍ਰਬੰਧਕ ਕਮੇਟੀ) ਨੇ ਇਸ ਪਾਸੇ ਪਹਿਲ-ਕਦਮੀ ਕਰਦਿਆਂ ਆਪਣੇ ਸਾਰੇ ਦਫਤਰੀ ਕੰਮ-ਕਾਜ ਅਤੇ ਚਿੱਠੀ-ਪੱਤਰ ਵਿੱਚ ਈਸਵੀ ਸੰਮਤ ਦੇ ਨਾਲ ਨਾਨਕਸ਼ਾਹੀ ਸੰਮਤ ਦੀਆਂ ਮਿਤੀਆਂ ਦੀ ਵਰਤੋਂ ਕੀਤੇ ਜਾਣ ਦਾ ਫੈਸਲਾ ਕੀਤਾ ਹੈ।

ਇਸਦੇ ਨਾਲ ਹੀ ਬੈਠਕ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀਕੇ ਅਤੇ ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ ਨੂੰ ਵੀ ਬੇਨਤੀ ਕੀਤੀ ਗਈ ਕਿ ਉਹ ਵੀ ਗੁਰਦੁਆਰਾ ਕਮੇਟੀ ਦੇ ਦਫਤਰੀ ਕੰਮਾਂ ਅਤੇ ਕੀਤੇ ਜਾਂਦੇ ਚਿੱਠੀ-ਪਤ੍ਰ ਵਿੱਚ ਈਸਵੀ ਸੰਮਤ ਦੇ ਨਾਲ ਨਾਨਕਸ਼ਾਹੀ ਸੰਮਤ ਦੀਆਂ ਮਿਤੀਆਂ ਦੀ ਵਰਤੋਂ ਨੂੰ ਵੀ ਬਣਾਉਣ।

**...ਅਤੇ ਅੰਤ ਵਿੱਚ:** ਦਿੱਲੀ ਦੇ ਇੱਕ ਸੀਨੀਅਰ ਅਕਾਲੀ ਮੁਖੀ ਭੂਪਿੰਦਰ ਸਿੰਘ ਸਾਧੂ, ਜੋ ਅੱਜਕਲ ਕਨਾਡਾ ਵਿੱਚ ਹਨ, ਨੇ ਸੁਪ੍ਰੀਮ ਕੋਰਟ ਵਲੋਂ ਨਵੰਬਰ-84 ਦੇ ਸਿੱਖ ਕਤਲ-ਏ-ਆਮ ਨਾਲ ਸੰਬੰਧਤ 186 ਮਾਮਲਿਆਂ ਪੁਰ ਮੁੜ ਵਿਚਾਰਨ ਲਈ ਆਪਣੇ ਵਲੋਂ ਗਠਤ 'ਸਿਟ' (ਵਿਸ਼ੇਸ਼ ਜਾਂਚ ਦਲ) ਨੂੰ ਸੌਂਪੇ ਜਾਣ ਦੇ ਕੀਤੇ ਗਏ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਜਾਂਚ ਦੇ ਦੌਰਾਨ ਉਸ ਬਦਨਾਮ ਅਨਸਰ ਨੂੰ ਦੂਰ ਰੱਖਿਆ ਜਾਣਾ ਚਾਹੀਦਾ ਹੈ, ਜਿਸ ਪੁਰ ਸ਼ੁਰੂ ਤੋਂ ਹੀ ਗੁਆਹਵਾਂ ਨੂੰ ਕਤਲ-ਏ-ਆਮ ਦੇ ਦੋਸ਼ੀਆਂ ਹੱਥ ਵੇਚ ਮੋਟੀਆਂ ਦਲਾਲੀਆਂ ਵਸੂਲ ਕਰਨ ਦੇ ਦੋਸ਼ ਲਗਦੇ ਚਲੇ ਆ ਰਹੇ ਹਾਂ। ਉਨ੍ਹਾਂ ਸ਼ੰਕਾ ਪ੍ਰਗਟ ਕੀਤੀ ਕਿ ਇਹ ਅਨਸਰ ਫਿਰ ਤੋਂ ਆਪਣੀ ਸਵਾਰਥ ਪੂਰਤੀ ਲਈ ਪਟੜੀ ਪੁਰ ਆ ਰਹੇ ਮੁੱਦੇ ਨੂੰ ਮੁੜ ਭਟਕਾ ਪਟੜਿਉਂ ਉਤਾਰ ਕੰਮ ਵਿਗਾੜ ਸਕਦੇ ਹਨ!

# ਲੜਕੀਆਂ ਤੇ ਵੱਧ ਰਹੇ ਅਪਰਾਧ ਸਮਾਜ ਅਤੇ ਦੇਸ਼ ਲਈ ਖਤਰਨਾਕ



ਕੁਲਦੀਪ ਚੰਦ
91-9417563054

24 ਜਨਵਰੀ, 2018 ਨੂੰ ਦੇਸ਼ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾਂਦਾ ਹੈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2009 ਤੋਂ ਸ਼ੁਰੂ ਕੀਤੀ ਗਈ। ਸਰਕਾਰ ਨੇ ਇਸਦੀ ਸ਼ੁਰੂਆਤ 24 ਜਨਵਰੀ ਤੋਂ ਕੀਤੀ ਕਿਉਂਕਿ ਇਸ ਦਿਨ ਹੀ 24 ਜਨਵਰੀ 1966 ਨੂੰ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਇਸ ਮੌਕੇ ਤੇ ਸਰਕਾਰ ਵੱਲੋਂ ਕਈ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਮਹਿਲਾ ਅਤੇ ਬਾਲ ਵਿਕਾਸ ਵਿਭਾਗ ਆਪਣੇ ਪੱਧਰ ਤੇ ਸਮਾਜ ਵਿੱਚ ਬਾਲ ਕੰਨਿਆਵਾਂ ਨੂੰ ਉਹਨਾਂ ਦੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਬਣਾਉਣ ਦੇ ਲਈ ਪ੍ਰੋਗਰਾਮ ਕਰਦਾ ਹੈ। ਭਾਵੇਂ ਅਸੀਂ 21 ਸਦੀ ਵਿੱਚ ਪਹੁੰਚ ਗਏ ਹਾਂ ਪਰ ਅੱਜ ਵੀ ਕੁੜੀਆਂ ਬਾਰੇ ਸਾਡੀ ਸੋਚ ਸਦੀਆਂ ਪੁਰਾਣੀ ਹੈ। ਅੱਜ ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ ਅਤੇ ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚਕੇ ਖਾ ਰਹੇ ਹਨ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਇਸੇ ਤਰਾਂ ਹੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਵੀ ਕੁੜੀਆਂ ਨਾਲ ਅਕਸਰ ਵਿਤਕਰਾ ਕੀਤਾ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ, ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਪੱਖਪਾਤ ਕੀਤਾ ਜਾਂਦਾ ਹੈ। ਬਾਲ ਵਿਆਹ ਦੀ ਕੁਪ੍ਰਥਾ ਜੋਕਿ ਸੱਖਤ ਕਨੂੰਨ ਹੋਣ ਦੇ ਬਾਬਜੂਦ ਕਾਇਮ ਹੈ ਸਾਡੇ ਸਮਾਜ ਨੂੰ ਕਲੰਕਿਤ ਕਰ ਰਹੀ ਹੈ। ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਾ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਮਾਹੌਲ ਸੋਗਮਈ ਬਣਾ ਲੈਂਦੇ ਹਾਂ। ਇਹ ਹਾਲਤ ਭਾਰਤ ਦੇ ਲੱਗਭੱਗ ਹਰ ਹਿੱਸੇ ਵਿੱਚ ਹੈ। ਭਾਰਤ ਵਿੱਚ ਜੇਕਰ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਸ਼ਵ ਵਿੱਚ ਚੀਨ ਤੋਂ ਬਾਅਦ ਇਕ ਅਰਬ ਦੀ ਆਬਾਦੀ ਪਾਰ ਕਰਨ ਵਾਲਾ ਦੂਜਾ ਦੇਸ਼ ਬਣ ਗਿਆ ਹੈ। ਦੇਸ਼ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੇ ਅਤੇ 2011 ਦੀ ਜਨਗਣਨਾ ਅਨੁਸਾਰ ਦੇਸ਼ ਦੀ ਅਬਾਦੀ 1.03 ਅਰਬ ਤੋਂ ਵਧਕੇ ਲੱਗਭੱਗ 1.21 ਅਰਬ ਹੋ ਗਈ ਹੈ ਪਰ ਜੇਕਰ ਕੁਝ ਘਟਿਆ ਹੈ ਤਾਂ ਉਹ ਹੈ 0-6 ਸਾਲ ਦਾ ਬਾਲ ਲਿੰਗ ਅਨੁਪਾਤ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟਕੇ 914 ਰਹਿ ਗਈਆਂ ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 867 ਰਹਿ ਗਈ ਹੈ, ਹਰਿਆਣਾ ਵਿੱਚ ਇਨ੍ਹਾਂ ਦੀ ਗਿਣਤੀ 830 ਰਹਿ ਗਈ ਹੈ, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 906 ਰਹਿ ਗਈ ਹੈ, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 859 ਹੋ ਗਈ ਹੈ। ਅਧੁਨਿਕ ਤਕਨਾਲੋਜੀ ਦਾ ਸਹਾਰਾ ਲੈਕੇ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਗਰਭ ਵਿੱਚ ਖਤਮ ਕੀਤਾ ਜਾ ਰਿਹਾ ਹੈ। 'ਸੈਂਟਰ ਫਾਰ ਸ਼ੋਸ਼ਲ ਰਿਸਰਚ' ਸੰਸਥਾ ਅਨੁਸਾਰ ਬੀਤੇ 20 ਸਾਲਾਂ ਵਿੱਚ ਭਾਰਤ ਵਿੱਚ ਕੰਨਿਆ ਭਰੂਣ ਹੱਤਿਆ ਦੇ ਕਾਰਨ ਇੱਕ ਕਰੋੜ ਤੋਂ ਵੱਧ ਬੱਚੀਆਂ ਜਨਮ ਹੀ ਨਹੀਂ ਲੈ ਸਕੀਆਂ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ ਪੂਰੀ ਦੁਨੀਆ ਵਿੱਚ ਲੱਗਭੱਗ 215 ਮਿਲੀਅਨ ਬੱਚੇ ਬਾਲ ਮਜ਼ਦੂਰੀ ਕਰਦੇ ਹਨ। ਭਾਰਤ ਵਿੱਚ ਲੱਗਭੱਗ 43.53 ਲੱਖ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ। ਇਸੇ ਤਰਾਂ ਲੜਕੀਆਂ ਦਾ ਯੌਨ ਸ਼ੋਸ਼ਣ ਕੀਤਾ ਜਾਂਦਾ ਹੈ। ਦਿੱਲੀ ਦੀ ਇੱਕ ਗੈਰ ਸਰਕਾਰੀ ਸੰਸਥਾ 'ਸ਼ਾਕਸ਼ੀ' ਨੇ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਸਰਕਾਰ ਵਲੋਂ ਬੱਚਿਆਂ ਨੂੰ ਯੌਨ ਸ਼ੋਸ਼ਣ ਤੋਂ ਬਚਾਉਣ ਲਈ ਲਾਗੂ ਕੀਤੇ ਗਏ ਵਿਸੇਸ ਕਨੂੰਨ ਪੋਸਕੋ ਐਕਟ 2012 ਅਧੀਨ 45498 ਕੇਸ ਰਜਿਸਟਰਡ ਕੀਤੇ ਗਏ ਹਨ, 40379 ਕੇਸਾਂ ਵਿੱਚ ਚਾਰਜ਼ਸ਼ੀਟ ਫਾਇਲ ਹੋਈ ਅਤੇ 4387 ਕੇਸ ਖਤਮ ਕੀਤੇ ਗਏ ਹਨ। ਸਿਰਫ 2888 ਮਾਮਲਿਆਂ ਵਿੱਚ ਦੋਸ਼ ਸਾਬਤ ਹੋਏ ਹਨ ਅਤੇ 1499 ਦੋਸ਼ੀਆਂ ਨੂੰ ਹੀ ਸਜ਼ਾ ਹੋਈ ਹੈ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਨੌਜਵਾਨ ਲੜਕੀਆਂ ਵਿਚੋਂ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਅੱਜ ਪੰਜਾਬ ਵਰਗੇ ਵਿਕਸਿਤ ਸੂਬੇ ਨੂੰ ਕੁੜੀਮਾਰ ਦਾ ਨਾਮ ਦਿਤਾ ਜਾਂਦਾ ਹੈ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੇ ਹਨ। ਹਾਲਾਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਕਨੂੰਨ ਦੇ ਰਾਖੇ ਵੀ ਇਨ੍ਹਾਂ ਅਪਰਾਧਾਂ ਵਿੱਚ ਦੋਸ਼ੀ ਹੁੰਦੇ ਹਨ। ਲੜਕੀਆਂ ਬੇਸ਼ੱਕ ਜੀਵਨ ਦੇ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਭਾਵੇਂ ਉਹ ਖੇਤਰ ਖੇਡਾਂ, ਰਾਜਨੀਤੀ, ਘਰ ਹੋਵੇ ਜਾਂ ਉਦਯੋਗ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ ਅਤੇ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਲ ਜਿਨ੍ਹਾ ਵਿੱਚ ਪੀਸੀਪੀਐਨਡੀਟੀ ਐਕਟ 1994, ਪੋਸਕੋ ਐਕਟ 2012, ਸਬਲਾ, ਸੁਕੰਨਿਆ ਸਮਰਿਧੀ ਯੋਜਨਾ, ਪ੍ਰਧਾਨ ਮੰਤਰੀ ਸੁਖਿੱਅਤ ਮਾਤਰਤਵ ਯੋਜਨਾ, ਜਨਨੀ ਸੁਰਖਿੱਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਬੇਟੀ ਬਚਾਓ ਬੇਟੀ ਯੋਜਨਾ ਆਦਿ ਹਨ ਪਰ ਇਸ ਸਭਦੇ ਬਾਬਜੂਦ ਲੜਕੀਆਂ ਦੀ ਹਾਲਤ ਵਿੱਚ ਖਾਸ ਸੁਧਾਰ ਨਹੀਂ ਹੋ ਰਹੇ ਹਨ।




ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਸਭ ਤੋਂ ਜ਼ਿਆਦਾ ਲੜਕੀਆਂ ਦੀ ਜਾਗਰੂਕਤਾ ਜਰੂਰੀ ਹੈ। ਸਿੱਖਿਆ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਕੁੜੀ-ਮੁੰਡੇ ਦੇ ਵਿੱਚ ਕਿਸੇ ਭੇਦਭਾਵ ਦਾ ਅਹਿਸਾਸ ਨਾ ਹੋਵੇ। ਉਹ ਇੱਕ ਦੂਜੇ ਨੂੰ ਬਰਾਬਰ ਸਮਝਣ। ਦੇਸ ਦੇ ਨੀਤੀ ਨਿਰਮਾਤਾਵਾਂ ਨੂੰ ਲੜਕੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

## 26 ਜਨਵਰੀ ਜਨਮ ਦਿਨ 'ਤੇ ਵਿਸ਼ੇਸ਼

# ਅਦੁੱਤੀ ਸਖਸੀਅਤ:- ਸ਼ਹੀਦ ਬਾਬਾ ਦੀਪ ਸਿੰਘ ਜੀ



ਨਵਜੋਤ ਬਜਾਜ (ਗੱਗੂ)
91-98721-02614



ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ: (14 ਮਾਘ 1739 ਬਿਕਰਮੀ) ਨੂੰ ਮਾਤਾ ਜਿਉਣੀ ਅਤੇ ਪਿਤਾ ਭਗਤਾ ਜੀ ਦੇ ਗ੍ਰਹਿ ਵਿਖੇ ਪਿੰਡ ਪਹੂਵਿੰਡ (ਜਿਲਾ ਤਰਨਤਾਰਨ) ਵਿਖੇ ਹੋਇਆ। ਛੋਟੀ ਉਮਰ ਵਿੱਚ ਆਪ ਜੀ ਦਾ ਨਾਮ ਦੀਪਾ ਸੀ। ਤਕਰੀਬਨ 18 ਸਾਲ ਦੀ ਉਮਰ ਵਿੱਚ ਆਪ ਮਾਤਾ ਪਿਤਾ ਦੇ ਨਾਲ ਆਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਵਿੱਚ ਹੋਲਾ-ਮੁਹੱਲਾ ਮਨਾਉਣ ਲਈ ਪਹੁੰਚੇ ।ਇਥੇ ਆਪਜੀ ਨੇ ਗੁਰੂ ਗੋਬਿੰਦ ਸਿੰਘ ਦੇ ਦਰਸਨ ਕੀਤੇ ਤਾਂ ਆਪਜੀ ਨੂੰ ਮਹਿਸੂਸ ਹੋਇਆ ਕਿ ਆਤਮਾ ਨੂੰ ਪ੍ਰਮਾਤਮਾ ਮਿਲ ਗਿਆ ਤੇ ਆਪਜੀ ਨੇ ਗੁਰੂ ਸਾਹਿਬ ਜੀ ਤੋ ਅੰਮ੍ਰਿਤ ਦੀ ਪਾਹੁਲ ਲੈ ਕੇ ਸਿੰਘ ਸਜ ਗਏ ਤੇ ਆਪ ਜੀ ਦਾ ਨਾ ਦੀਪ ਸਿੰਘ ਰੱਖ ਦਿੱਤਾ । ਆਪ ਜੀ ਸਦਾ ਲਈ ਗੁਰੂ ਜੀ ਕੋਲ ਆਨੰਦਪੁਰ ਸਾਹਿਬ ਹੀ ਰੁਕ ਗਏ ਤੇ ਆਪ ਜੀ ਦੇ ਮਾਤਾ ਪਿਤਾ ਘਰ ਵਾਪਸ ਆ ਗਏ। ਉਥੇ ਰਹਿ ਕੇ ਆਪ ਜੀ ਨੂੰ ਪਤਾ ਲੱਗਿਆ ਕਿ ਸਿੱਖ ਇਤਿਹਾਸ ਲਾਸਾਨੀ ਸਹਾਦਤਾ ਨਾਲ ਭਰਿਆ ਪਿਆ ਹੈ।ਜੁਲਮ ਦੇ ਵਿਰੁੱਧ ਲੜਦਿਆ ਅਤੇ ਕੋਮ ਦੀ ਖਾਤਰ ਸਾਡੇ ਗੁਰੂ ਸਹਿਬਾਨਾ ਨੇ ਅਨੇਕਾ ਕੁਰਬਾਨੀਆ ਕੀਤੀਆ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾ ਕੇ ਸੀਸ ਤੇ ਗਰਮ ਰੇਤ ਪਾਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਧਰਮ ਦੀ ਰੱਖਿਆ ਕੀਤੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣਾ ਸਰਬੰਸ ਵਾਰ ਦਿੱਤਾ। ਆਪ ਜੀ ਦਾ ਇਹ ਸਭ ਜਾਣ ਕੇ ਹਿਰਦਾ ਵਲੂਧਰਿਆ ਗਿਆ। ਆਪ ਜੀ ਨੇ ਧਰਮ ਤੇ ਦੇਸ ਖਾਤਰ ਕੁਝ ਕਰਨ ਦੀ ਆਪਣੇ ਮਨ ਵਿੱਚ ਧਾਰ ਲਈ । ਗੁਰੂ ਗੋਬਿੰਦ ਸਿੰਘ ਜੀ ਤੋ ਖੰਡੇ ਬਾਟੇ ਦੀ ਪਾਹੁਲ ਲੈ ਕੇ ਸਿੰਘ ਸੱਜੇ ਬਾਬਾ ਦੀਪ ਸਿੰਘ ਜੀ ਦੀ ਸਹੀਦੀ ਵੀ ਆਪਣੇ ਆਪ ਵਿੱਚ ਇੱਕ ਆਦੁਤੀ ਮਿਸਾਲ ਹੈ। ਬਾਬਾ ਦੀਪ ਸਿਘ ਜਿਥੇ ਇਕ ਨਿਧੜਕ ਯੋਧੇ ਸਨ ਉਥੇ ਉਹਨਾਂ ਨੇ ਬਾਣੀ ਦਾ ਵੀ ਡੂਘਾ ਅਧਿਐਨ ਕੀਤਾ ਹੋਇਆ ਸੀ। ਬਾਬਾ ਜੀ ਇੱਕ ਚੰਗੇ ਲਿਖਾਰੀ ਵੀ ਸਨ, ਉਨਾਂ ਨੇ ਆਪਣੀ ਕਲਮ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾ ਦੇ ਉਤਾਰੇ ਵੀ ਕੀਤੇ। ਸਿੱਖ ਇਤਿਹਾਸ ਵਿੱਚ ਭਾਈ ਮਨੀ ਸਿੰਘ ਤੋ ਬਾਅਦ ਬਾਬਾ ਦੀਪ ਸਿੰਘ ਜੀ ਦਾ ਨਾਂ ਆਉਂਦਾ ਹੈ। ਜਿਨਾਂ ਨੂੰ ਮਹਾਨ ਵਿਦਵਾਨ ਵੀ ਮੰਨਿਆ ਜਾਦਾ ਹੈ।ਆਪ ਜੀ ਨੇ ਭਾਈ ਮਨੀ ਸਿੰਘ ਜੀ ਦੀ ਰਹਿਨਮਾਈ ਹੇਠ ਗੁਰਬਾਣੀ ਦਾ ਅਧਿਐਨ ਕੀਤਾ ਤੇ ਸਾਸਤਰ ਵਿਦਿਆ ਵੀ ਗ੍ਰਹਿਣ ਕੀਤੀ। ਆਪ ਨੇ ਸੰਸਕ੍ਰਿਤੀ, ਬ੍ਰਿਜ, ਫਾਰਸ਼ੀ ਅਤੇ ਗੁਰਮੁਖੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰ ਜਿੱਥੇ ਧਰਮ ਗ੍ਰੰਥਾ ਦਾ ਡੂੰਘਾ ਅਧਿਐਨ ਕੀਤਾ ਉਥੇ ਬਾਣੀ ਦਾ ਪ੍ਰਚਾਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ।ਤਕਰੀਬਨ 2 ਸਾਲ ਦਾ ਸਮਾਂ ਗੁਰੂ ਘਰ ਵਿੱਚ ਬਿਤਾਉਣ ਤੋ ਬਾਅਦ ਆਪ ਵਾਪਸ ਆਪਣੇ ਪਿੰਡ ਪਹੂਵਿੰਡ ਆ ਗਏ ਅਤੇ ਇੱਥੋ ਦੇ ਲੋਕਾਂ ਵਿੱਚ ਬਾਣੀ ਦਾ ਪ੍ਰਚਾਰ ਕਰਨ ਲੱਗ ਪਏ। ਜਦੋ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਆ ਗਏ ਤਾਂ ਬਾਬਾ ਦੀਪ ਸਿੰਘ ਜੀ ਵੀ ।

1905 ਈ:ਵਿੱਚ ਗੁਰੂ ਗੋਬਿੰਦ ਸਿੰਘ ਜੀ ਕੋਲ ਪਹੁੰਚ ਗਏ।ਇੱਥੇ ਹੀ ਆਪ ਨੇ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਤਿਆਰ ਕੀਤੀਆਂ। ਬਾਬਾ ਦੀਪ ਸਿੰਘ ਜੀ ਦੇ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਕਾਲ ਤਖਤ (ਸ੍ਰੀ ਅੰਮ੍ਰਿਤਸਰ ਸਾਹਿਬ) ਸ੍ਰੀ ਕੇਸਗੜ੍ਹ (ਅਨੰਦਪੁਰ ਸਾਹਿਬ) ਪਟਨਾ ਸਾਹਿਬ (ਬਿਹਾਰ) ਅਤੇ ਸ੍ਰੀਹਜੂਰ ਸਾਹਿਬ (ਨਾਦੇੜ ਸਾਹਿਬ) ਵਿਖੇ ਸਸੋਭਿਤ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਵਾਸੀ ਹੋ ਜਾਣ ਤੋ ਬਾਅਦ ਆਪ ਨੇ ਬੰਦਾ ਬਹਾਦਰ ਦੀ ਵੱਖ-ਵੱਖ ਲੜਾਈਆਂ ਵਿੱਚ ਮਦਦ ਕੀਤੀ।ਸਿੰਘ ਜਥੇ ਬਣਾ ਕੇ ਜੁਲਮ ਦਾ ਟਾਕਰਾ ਬੜੀ ਦਲੇਰੀ ਨਾਲ ਕਰਦੇ ਰਹੇ।ਬੰਦਾ ਬਹਾਦਰ ਦੀ ਮੋਤ ਤੋ ਬਾਅਦ ਇਹਨਾਂ ਜਥਿਆ ਦਾ ਗਠਨ ਮਿਸਲਾਂ ਦੇ ਰੂਪ ਵਿੱਚ ਹੋਇਆ। ਬਾਬਾ ਦੀਪ ਸਿੰਘ ਜੀ ਨੇ ਸਹੀਦ ਮਿਸਲ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲਈ।

ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਦੇ ਕਹਿਣ ਤੇ ਜਮਾਲਖਾਂ ਨੇ ਸਿੱਖਾ ਦਾ ਕਤਲ ਕਰਨਾ ਸੂਰੂ ਕਰ ਦਿੱਤਾ ਅਤੇ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ ਗਿਆ।ਇਸ ਗੱਲ ਦਾ ਪਤਾ ਚੱਲਦਿਆ ਹੀ ਬਾਬਾ ਦੀਪ ਸਿੰਘ ਜੀ ਰੋਹ ਵਿਚ ਆ ਗਏ ਅਤੇ 5000 ਸਿੰਘਾ ਦਾ ਜਥਾ ਲੈ ਕੇ ਅੰਮ੍ਰਿਤਸਰ ਵੱਲ ਤੁਰ ਪਏ। ਤਰਨਤਾਰਨ ਸਾਹਿਬ ਪਹੁੰਚ ਕੇ ਬਾਬਾ ਜੀ ਨੇ ਅਰਦਾਸ ਕੀਤੀ ਅਤੇ ਤਰਨਤਾਰਨ ਸਹਿਰ ਤੋ ਬਾਹਰ ਇੱਕ ਲਕੀਰ ਖਿੱਚ ਦਿੱਤੀ ਤੇ ਕਿਹਾ ਕਿ ਜੋ ਸਹੀਦ ਹੋਣ ਲਈ ਤਿਆਰ ਹੋਣ ਕੇਵਲ ਉਹੀ ਲਕੀਰ ਟੱਪਣ ਬਾਕੀ ਵਾਪਸ ਚਲੇ ਜਾਣ।ਸਾਰੇ ਸਿੰਘ ਕਰੋ ਜਾਂ ਮਰੋ ਦੀ ਲੜਾਈ ਲੜਨ ਹਿੱਤ ਲਕੀਰ ਟੱਪ ਗਏ ਅੱਜ ਕਲ ਇੱਥੇ ਗੁਰਦੁਆਰਾ ਲਕੀਰ ਸਾਹਿਬ ਸੁਸੋ ਹੈ। ਤਰਨਤਾਰਨ ਤੋ 10 ਕਿਲੋਮੀਟਰ ਦੀ ਦੂਰੀ ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾ ਦੇ ਜਥੇ ਨਾਲ ਦੁਸ਼ਮਣ ਦੀ ਫੋਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗਾਂ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ੍ਹ ਵਿਖੇ ਬਾਬਾ ਜੀ ਦਾ ਸਾਹਮਣਾ ਜਮਾਲਖਾਨ ਨਾਲ ਹੋਇਆ ।ਫੋਜਾ ਲੜਦੀਆਂ ਹੋਈਆ ਅੰਮ੍ਰਿਤਸਰ ਵੱਲ ਵਧ ਰਹੀਆ ਸਨ। ਬਾਬਾ ਦੀਪ ਸਿੰਘ ਜੀ ਆਪਣੇ 18 ਸੇਰ ਦੇ ਦੋ ਧਾਰੀ ਖੰਡੇ ਨਾਲ ਜਾਲਮਾ ਦੇ ਆਹੂ ਲਾਉਦੇ ਮੈਦਾਨ ਫਤਿਹ ਕਰਦੇ ਹੋਏ ਅੱਗੇ ਵਧ ਰਹੇ ਸਨ।ਬਾਬਾ ਦੀਪ ਸਿੰਘ ਜੀ ਦੀ ਜਮਾਲਖਾਨ ਨਾਲ ਹੋਈ ਟੱਕਰ ਵਿੱਚ ਦੋਵਾਂ ਦੇ ਸਾਂਝੇ ਵਾਰ ਨਾਲ ਜਮਾਨ ਖਾਨ ਦਾ ਸੀਸ ਧੜ ਨਾਲ ਅੱਡ ਹੋ ਗਿਆ ਅਤੇ ਮੋਕੇ ਤੇ ਉਸ ਦੀ ਮੋਤ ਹੋ ਗਈ। ਬਾਬਾ ਜੀ ਦੀ ਧੋਣ ਉਪਰ ਵੀ ਜਮਾਲਖਾਨ ਦੀ ਤਲਵਾਰ ਦਾ ਘਾਤਕ ਵਾਰ ਲੱਗਾ। ਬਾਬਾ ਜੀ ਤਲੀ ਨਾਲ ਸੀਸ ਨੂੰ ਸੰਭਾਲਦੇ ਹੋਏ ਜਾਲਮਾਂ ਨਾਲ ਲੜਦੇ ਅੱਗੇ ਵਧਦੇ ਗਏ ਅਤੇ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਆਪਣਾ ਸੀਸ ਭੇਟ ਕੀਤਾ ।ਬਾਬਾ ਜੀ ਅਤੇ ਹੋਰ ਲੜਾਈ ਵਿੱਚ ਸਹੀਦ ਹੋਏ ਸਿੰਘਾਂ ਦਾ ਜਿੱਥੇ ਸਸਕਾਰ ਕੀਤਾ ਗਿਆ, ਉੱਥੇ ਅੱਜਕਲ ਗੁਰਦੁਆਰਾ ਸ਼ਹੀਦਾਂ ਸਾਹਿਬ ਬਣਿਆ ਹੋਇਆ ਹੈ।ਇਸ ਤਰਾਂ ਬਾਬਾ ਦੀਪ ਸਿੰਘ ਜੀ ਨੇ ਗੁਰੂ ਘਰ ਦੀ ਬੇਅਦਬੀ ਦਾ ਬਦਲਾ ਲੈਂਦਿਆ ਹੋਇਆ ਸਹੀਦੀ ਪ੍ਰਾਪਤ ਕੀਤੀ। ਅੱਜ 26 ਜਨਵਰੀ ਨੂੰ ਉਹਨਾਂ ਦੇ ਜਨਮ ਸਥਾਨ ਪਿੰਡ ਪਹੂਵਿੰਡ (ਜਿਲਾ ਤਰਨਤਾਰਨ) ਸਮੇਤ ਅਤੇ ਦੇਸ ਵਿਦੇਸ਼ ਵਿੱਚ ਅਨੇਕਾ ਧਾਰਮਿਕ ਅਸਥਾਨਾ ਤੇ ਉਹਨਾਂ ਦਾ ਜਨਮ ਦਿਹਾੜਾ ਸੰਗਤਾ ਵੱਲੋ ਧੂਮ ਧਾਮ ਨਾਲ ਮਨਾਇਆ ਜਾਦਾ ਹੈ ਤਾਂ ਜੋ ਉਹਨਾਂ ਦੇ ਜੀਵਨ ਤੋ ਪ੍ਰੇਰਨਾ ਲੈ ਕੇ ਗੁਰ ਸਿੱਖਾ ਦਾ ਆਪਨੇ ਗੁਰੂ ਪ੍ਰਤੀ ਵਿਸ਼ਵਾਸ਼ ਹੋਰ ਵੀ ਦ੍ਰਿੜ ਹੋ ਸਕੇ।

# ਲੋੜ ਹੈ ਭਾਰਤੀ ਸੰਵਿਧਾਨ ਨੂੰ ਸਹੀ ਅਰਥਾਂ ਵਿਚ ਲਾਗੂ ਕਰਨ ਦੀ



ਸੋਹਣ ਲਾਲ ਸਾਂਪਲਾ,
ਜਰਮਨੀ
0049-15218371169

ਭਾਰਤ ਵਿਚੋਂ ਅੰਧ ਵਿਸ਼ਵਾਸ, ਤਾਂਤਰਿਕ, ਭ੍ਰਿਸ਼ਟਾਚਾਰ, ਛੂਆਛਾਤ, ਗਰੀਬੀ ਹਟਣ ਦਾ ਨਾਂ ਹੀ ਲੈਣ ਦਿੰਦੀ। ਭਾਰਤ ਨੂੰ ਆਜ਼ਾਦ ਹੋਇਆਂ ਵੀ ਕਾਫੀ ਸਾਲ ਬੀਤ ਚੁੱਕੇ ਆਜ਼ਾਦੀ ਤੋਂ ਪਹਿਲਾਂ ਕਿਹਾ ਜਾਂਦਾ ਰਿਹਾ ਸੀ ਕਿ ਆਜ਼ਾਦੀ ਤੋਂ ਬਾਅਦ ਚੰਗੇ ਦਿਨ ਆਉਣ ਪਰ ਦੰਗਿਆਂ ਦੀ ਥਾਂ ਮਾੜੇ ਦਿਨ ਆ ਗਏ ਹਨ। ਗਰੀਬ ਹੋਰ ਗਰੀਬ ਹੋਇਆ ਅਤੇ ਅਮੀਰ ਹੋਇਆ, ਇੱਥੇ ਅਨਪੜ੍ਹਤਾ, ਜਹਾਲਤ, ਛੂਆ ਛਾਤ ਅਤੇ ਭੋਲੇ-ਭਾਲੇ ਲੋਕਾਂ ਦਾ ਵਾਸਾ ਹੈ ਅਤੇ 33 ਕਰੋੜ ਦੇਵਤੇ ਵੀ ਵੱਸਦੇ ਹਨ। ਲੋਕ ਇਹਨਾਂ ਵਿਚ ਅੰਨ੍ਹੀ ਸ਼ਰਧਾ ਰੱਖਦੇ ਹਨ। ਸਵਰਗ ਦੇ ਨਾਮ ਉਪਰ ਬਲੀ ਦਿੱਤੀ ਜਾਂਦੀ ਹੈ। ਮੰਦਰਾਂ ਵਿਚ ਭਗਵਾਨਾਂ ਦੇ ਵਿਆਹ ਦੇਵਦਾਸੀਆਂ ਨਾਲ ਹੋ ਰਹੇ ਹਨ ਅਤੇ ਮੌਜ ਪੁਰੋਹਿਤ ਵਰਗ ਦੀ ਹੋ ਜਾਂਦੀ ਹੈ। ਸਾਊਥ ਇੰਡੀਆ ਦੇ ਇਕ ਮੰਦਰ ਵਿਚ ਔਰਤਾਂ ਆਪਣੀ ਅੰਨ੍ਹੀ ਸ਼ਰਧਾ ਦਾ ਪ੍ਰਗਟਾਵਾ ਆਪਣੇ ਲੰਮੇ ਅਤੇ ਸੋਹਣੇ ਵਾਲ ਕਟਵਾ ਕੇ ਭਗਵਾਨ ਨੂੰ ਭੇਟ ਕਰੇ ਕਰਦੀਆਂ ਹਨ। ਇਹ ਭੇਡ ਚਾਲ ਸਵਰਗ ਦੇ ਲਾਲਚ ਹਰ ਸ਼ਨੀਵਾਰ ਨੂੰ ਟਿੰਡ ਕਰਵਾਉਂਦੀਆਂ ਹਨ। ਉਂਝ ਤਾਂ ਹਿੰਦੂ ਧਰਮ ਮੁਤਾਬਕ ਪਿਤਾ ਮਰਨ ਉਪਰੰਤ ਪੁੱਤਰ ਮੁੰਡਨ ਕਰਵਾਉਂਦਾ ਹੈ ਪਰ ਵਾਲਾਂ ਦਾ ਬਹੁਤ ਵੱਡਾ ਬਿਜ਼ਨਸ ਹੁੰਦਾ ਹੈ। ਪੁਜਾਰੀ ਲੋਕ ਮਣਾਂ ਮੂਹੀ ਵਾਲ ਠੇਕੇਦਾਰਾਂ ਨੂੰ ਵੇਚ ਕੇ ਮਾਲਾ ਮਾਲ ਹੋ ਜਾਂਦੇ ਹਨ, ਰੱਬ ਦੇ ਨਾਮ ਉਪਰ। ਟੀ. ਵੀ. ਉਪਰ ਜੋਤਸ਼ੀ ਲੋਕਾਂ ਦੀ ਰਾਸ਼ੀ ਦੱਸ ਕੇ ਉਸਨੂੰ ਉਪਾਏ ਦੱਸਦੇ ਹੀ ਰਹਿੰਦੇ ਹਨ। ਸਵੇਰੇ ਟੀ. ਵੀ. ਲਗਾਓ ਤਾਂ ਅੰਧ ਵਿਸ਼ਵਾਸ ਦਾ ਪ੍ਰੋਗਰਾਮ ਵੇਖਣ ਨੂੰ ਮਿਲੇਗਾ, ਜਿਵੇਂ ਕਿ ਆਪ ਦੇ ਰਾਹ ਵਿਚ ਰਾਹੂ-ਕੇਤੂ ਦਾ ਵਾਸ ਹੈ, ਸ਼ਨੀ ਦਾ ਛਾਇਆ ਹੈ ਆਦਿ ਅਤੇ ਉਸਦੇ ਬਚਾਓ ਵਿਚ ਆਹ ਲੌਕਟ ਖਰੀਦੋ ਤਾਂ ਤੁਹਾਡੇ ਕੰਮ ਠੀਕ ਹੋ ਜਾਣਗੇ। ਧਨ ਦੌਲਤ ਹੀ ਵਰਖਾ ਹੋ ਜਾਵੇਗੀ, ਪਰਿਵਾਰ ਨੂੰ ਤੱਤੀ ਵਾਹ ਨਹੀਂ ਲੱਗੇਗੀ ਆਦਿ। ਲੋਕਾਂ ਦਾ ਕੰਮ ਹੋਵੇ ਜਾਂ ਨਾ ਹੋਵੇ, ਇਹਨਾਂ ਦੀ ਚਾਂਦੀ ਹੀ ਚਾਂਦੀ। ਘਰ ਬੈਠੇ ਏ. ਸੀ. ਕਮਰਿਆਂ ਵਿਚ ਹਿੰਗ ਲੱਗੇ ਨਾ ਫਟਕਣੀ ਰੰਗ ਚੋਖਾ ਹੀ ਚੋਖਾ। ਇਸ ਕਰਕੇ ਅੰਧ ਵਿਸ਼ਵਾਸ ਤੋਂ ਛੁਟਕਾਰਾ ਪਾਉਣ ਲਈ ਨੇਪਾਲ ਵਿਚ ਭਾਰਤੀ ਚੈਨਲਾਂ ਉਪਰ ਰੋਕ ਲਗਾ ਰੱਖੀ ਹੈ। ਫਿਲਮਾਂ, ਡਰਾਮਿਆਂ ਵਿਚ ਨਵੇਂ-ਨਵੇਂ ਭਗਵਾਨਾਂ ਦਾ ਬੋਲਬਾਲਾ ਕਰਕੇ ਬਹੁਤ ਵਧੀਆ ਢੰਗ ਨਾਲ ਫਿਲਮਾਇਆ ਜਾਂਦਾ ਹੈ ਤਾਂ ਦੇਖੋ-ਦੇਖੀ ਲੋਕ ਵੀ ਉਹਨਾਂ ਵਿਚ ਅੰਨ੍ਹੀ ਸ਼ਰਧਾ ਵਿਚ ਭਿੱਜੇ ਜਾਂਦੇ ਹਨ। ਮਹਾਰਾਸ਼ਟਰ ਵਿਚ ਤਾਂ ਸਾਲ ਵਿਚ ਗਣੇਸ਼ ਪੂਜਾ ਰੱਜ ਕੇ ਕੀਤੀ ਜਾਂਦੀ ਹੈ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਰੰਗ-ਬਿਰੰਗੇ ਭਗਵਾਨ ਬਣਾ ਕੇ ਜਲਸੇ ਜਲੂਸ ਕੀਤੇ ਜਾਂਦੇ ਹਨ। ਮੂਰਤੀ ਉਪਰ ਅਲੱਗ-ਅਲੱਗ ਰੰਗ ਜਿਸ ਵਿਚ ਪਤਾ ਨਹੀਂ ਕਿੰਨੀ ਕਿਸਮ ਦੇ ਤੇਲ, ਤੇਜ਼ਾਬ, ਪੈਟਰੋਲ ਆਦਿ ਮਿਲੇ ਹੁੰਦੇ ਹਨ। ਫਿਰ ਇਹਨਾਂ ਮੂਰਤੀਆਂ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ। ਇਹਨਾਂ ਸ਼ਰਧਾਲੂਆਂ ਨੂੰ ਇਹ ਪਰਵਾਹ ਨਹੀਂ ਕਿ ਪਾਣੀ ਵਿਚ ਇਸ ਨਾਲ ਬਿਮਾਰੀਆਂ ਫੈਲ ਜਾਂਦੀਆਂ ਹਨ। ਪਾਣੀ ਗੰਦਾ ਹੋ ਜਾਂਦਾ ਹੈ। ਮੱਛੀਆਂ ਮਰ ਜਾਂਦੀਆਂ ਹਨ, ਜਿਸ ਨਾਲ ਪੀਣ ਦੇ ਕਾਬਲ ਨਹੀਂ ਰਹਿੰਦਾ, ਪਾਠ ਪੂਜਾ ਹੋਰ ਢੰਗ ਨਾਲ ਵੀ ਕੀਤੀ ਜਾ ਸਕਦੀ ਹੈ, ਜਿਸ ਨਾਲ ਕਿਸੇ ਨੂੰ ਨੁਕਸਾਨ ਨਾ ਪਹੁੰਚੇ।

ਜਿਸ ਤਰ੍ਹਾਂ ਇਕ ਝੂਠ ਨੂੰ ਛੁਪਾਉਣ ਲਈ ਵਾਰ-ਵਾਰ ਝੂਠ ਬੋਲਣਾ ਪੈਂਦਾ ਹੈ, ਉਵੇਂ ਹੀ ਹਿੰਦੂਤਵ ਨੂੰ ਬਚਾਉਣ ਲਈ ਕਾਲਪਨਿਕ ਆਤਮਾ-ਪ੍ਰਮਾਤਮਾ, ਨਰਕ-ਸਵਰਗ, ਪੁਨਰ ਜਨਮ, ਕਿਸਮਤ ਆਦਿ ਝੂਠ ਦਾ ਸਹਾਰਾ ਲੈਂਦੇ ਹਨ। ਇਹ ਅੰਧ-ਵਿਸ਼ਵਾਸੀ ਪਾਖੰਡੀ ਲੋਕੀ ਡਰ ਦੀ ਭਾਵਨਾ ਪੈਦਾ ਕਰਦੇ ਹਨ, ਜਿਸ ਨਾਲ ਆਮ ਆਦਮੀ ਇਹਨਾਂ ਦੇ ਜਾਲ ਵਿਚ ਫਸ ਜਾਂਦਾ ਹੈ। ਪੁਰੋਹਿਤ, ਭਾਈ, ਮੋਲਾਨਾ, ਸਾਧੂ, ਡੇਰੇ ਵਾਲੀਆਂ ਦੀ ਰੋਜ਼ੀ-ਰੋਟੀ ਹੀ ਇਹਨਾਂ ਪਾਸੋਂ ਹੀ ਚਲਦੀ ਹੈ। ਪ੍ਰਸ਼ਾਸਨ ਅਤੇ ਲੀਡਰ ਲੋਕ ਵੀ ਇਹਨਾਂ ਤੋਂ ਪੁੱਛੇ ਬਗੈਰ ਕੋਈ ਕੰਮ ਨਹੀਂ ਕਰਦੇ। ਫਰਾਂਸ ਤੋਂ ਜੰਗੀ ਜਹਾਜ਼ ਖਰੀਦ ਕੇ ਲਿਆਂਦੇ ਤਾਂ ਸਰਕਾਰ ਨੇ ਇਹਨਾਂ ਨੂੰ ਚਲਾਉਣ ਸਮੇਂ ਪੁਰੋਹਿਤ ਤੋਂ ਹਵਨ ਕਰਵਾਇਆ। ਇੰਡੀਆ ਪਾਕਿ ਫਾਈਨਲ ਹੋਣ ਸਮੇਂ ਭਾਰਤੀਆਂ ਨੇ ਕਈ ਥਾਂ ਹਵਨ ਯੱਗ ਕਰਵਾਇਆ, ਫਿਰ ਵੀ ਭਾਰਤ ਕ੍ਰਿਕਟ ਹਾਰ ਗਿਆ। ਬ੍ਰਾਹਮਣ ਜਨਤਾ ਪਾਰਟੀ ਦਾ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਬਹੁਤ ਬੜਾ ਪਾਖੰਡ ਕੀਤਾ, ਟੀ. ਵੀ. ਉਪਰ ਵੀ ਦਿਖਾਇਆ ਗਿਆ ਕਿ ਆਦਿ-ਵਾਸੀ ਬੱਚੀਆਂ ਨੂੰ ਇਸ਼ਨਾਨ ਕਰਵਾ ਕੇ ਫਿਰ ਨਵੇਂ ਕੱਪੜੇ ਪਹਿਨਾ ਕੇ ਉਹਨਾਂ ਦੇ ਪੈਰ ਪੁਆ ਕੇ ਮੰਤਰੀ ਨੇ ਪਾਣੀ ਦੇ ਹੱਥ ਨਾਲ ਸਿਰ ਉਪਰ ਲਗਾਇਆ। ਹਰ ਬੱਚੀ ਨੂੰ 21 ਸੌ ਰੁਪਏ ਦਿੱਤੇ ਤੇ ਬਾਅਦ ਵਿਚ ਘਰ ਭੇਜਣ ਸਮੇਂ ਕੱਪੜੇ ਉਤਰਵਾ ਲਏ ਤੇ ਦੋ ਹਜ਼ਾਰ ਰੁਪਏ ਵੀ ਵਾਪਸ ਲਏ ਅਤੇ ਉਸੇ ਹੀ ਗੰਦੀ ਬਸਤੀ ਵਿਚ ਛੱਡ ਆਏ। ਇਹ ਪਾਖੰਡ ਸ਼ਿਵ ਪੁਰੀਸਰੀਆ ਸੰਮੇਲਨ ਵਿਚ ਕੀਤਾ ਗਿਆ। ਇਹ ਇਕੱਲਾ ਹੀ ਨਹੀਂ ਹੋਰ ਵੀ ਲੀਡਰ ਇਹੋ ਜਿਹੇ ਜਿਹਨੀ ਮਰੀਜ਼ ਹਨ। ਸੱਤਾ ਇਹਨਾਂ ਦੇ ਦਿਮਾਗ ਉਪਰ ਭਾਰੀ ਹੋ ਗਈ ਹੈ, ਜਿਵੇਂ ਕਿ ਹੋਰਨਾਂ ਤੋਂ ਇਲਾਵਾ ਰਾਜ ਮੰਤਰੀ ਅਨੰਤ ਹੇਗੜੇ ਨੇ ਕਿਹਾ ਕਿ ਅਸੀਂ ਤਾਂ ਸੱਤਾ ਵਿਚ ਹੀ ਇਸ ਲਈ ਆਏ ਹਾਂ ਕਿ ਸੰਵਿਧਾਨ ਨੂੰ ਬਦਲਿਆ ਜਾਵੇ ਅਤੇ ਕਿਹਾ ਕਿ ਹਰ ਭਾਰਤ ਵਾਸੀ ਹਿੰਦੂ ਹੈ। ਇਸ ਵਿਰੋਧ ਵਿਚ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪਾਰਟੀਆਂ ਨੇ ਜਲਸੇ, ਜਲੂਸ ਕਰਕੇ ਮੋਦੀ ਸਾਹਿਬ ਜੀ ਅਤੇ ਇਸ ਭੱਦਰ ਪੁਰਸ਼ ਦੇ ਪੁਤਲੇ ਵੀ ਫੂਕੇ। ਇਸ ਭੱਦਰ ਪੁਰਸ਼ ਨੇ ਸ਼ਾਇਦ ਇਤਿਹਾਸ ਨਹੀਂ ਪੜ੍ਹਿਆ। ਹਿੰਦੂ ਫਾਰਸੀ ਦਾ ਲਫਜ਼ ਹੈ, ਜਿਸਦਾ ਮਤਲਬ ਗੁਲਾਮ, ਚੋਰ, ਕਾਲਾ, ਠੱਗ ਆਦਿ ਹੈ। ਹੁਣ ਇਹ ਦੱਸਣ ਕਿ ਤੁਸੀਂ ਕਿਹੜੇ ਹਿੰਦੂ ਹੋ? ਇਸੇ ਪਾਰਟੀ ਦੇ ਭੱਦਰ ਪੁਰਸ਼ ਸ਼ਰਮਾ ਜੀ ਕਹਿੰਦੇ ਹਨ ਕਿ ਸਾਨੂੰ ਤਾਂ ਦਲਿਤਾਂ ਦੀ ਪਰਛਾਈ ਤੋਂ ਵੀ ਬਦਬੂ ਆਉਂਦੀ ਹੈ। ਹੋਰ ਵੀ ਬਹੁਤ ਸਾਰੇ ਲੀਡਰ ਮਨੂੰ ਸਮ੍ਰਿਤੀ ਦੀ ਬੋਲੀ ਬੋਲਦੇ ਹਨ, ਇਸੇ ਕਰਕੇ ਹੀ ਬਾਬਾ ਸਾਹਿਬ ਜੀ ਨੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸ ਅਤੇ ਦਲਿਤ ਵਿਰੋਧੀ ਮਨੂੰ ਸਮ੍ਰਿਤੀ 25 ਦਸੰਬਰ ਨੂੰ ਜਲਾਈ ਸੀ। ਇਸੇ ਕਰਕੇ ਹਰ ਸਾਲ 25 ਦਸੰਬਰ ਨੂੰ ਮਨੂੰ ਸਮ੍ਰਿਤੀ ਜਲਾਈ ਜਾਂਦੀ ਹੈ। ਪਹਿਲੀ ਵਾਰ ਦਿੱਲੀ ਵਿਖੇ 25 ਦਸੰਬਰ 2017 ਨੂੰ ਮੋਦੀ ਜੀ ਅਮਿਤ ਸ਼ਾਹ ਦੇ ਪੁਤਲਿਆਂ ਨਾਲ ਮਨੂੰ ਸਮ੍ਰਿਤੀ ਵੀ ਜਲਾਈ ਗਈ।

ਹਜ਼ਾਰਾਂ ਸਾਲਾਂ ਦੀ ਗੁਲਾਮੀ ਦੀ ਜ਼ਿੰਦਗੀ ਜੀਣ ਤੋਂ ਬਾਅਦ ਗੋਰੇਗਾਉਂ ਭੀਮਾ ਨਦੀ ਮਹਾਰਾਸ਼ਟਰ ਪੂਨਾ ਵਿਖੇ ਪੇਸ਼ਵਾ ਰਾਜ ਵਿਰੁੱਧ 834 ਵਿਚੋਂ 500 ਬਹਾਦਰ ਮਹਾਰ ਜਵਾਨਾਂ ਨੇ 25 ਹਜ਼ਾਰ ਪੇਸ਼ਵਾ ਜਵਾਨਾਂ ਨੂੰ ਧੂੜ ਚਟਾ ਕੇ ਸ਼ਹੀਦ ਹੋਏ ਸਨ ਕਿਉਂਕਿ ਪੇਸ਼ਵਾ ਰਾਜ ਵਿਚ ਸ਼ੂਦਰਾਂ ਦੇ ਪਿੱਛੇ ਝਾੜੂ ਬੰਨ੍ਹਿਆ ਜਾਂਦਾ ਸੀ ਅਤੇ ਮੂੰਹ ਮੂਹਰੇ ਮਿੱਟੀ ਦਾ ਕੁੱਜਾ ਬੰਨ੍ਹਿਆ ਜਾਂਦਾ ਸੀ। ਝਾੜੂ ਇਸ ਲਈ ਕਿ ਸ਼ੂਦਰ ਆਪਣੀ ਪੈੜ ਆਪ ਹੀ ਮਿਟਾਉਂਦਾ ਜਾਵੇ ਅਤੇ ਕੁੱਜਾ ਇਸ ਲਈ ਕਿ ਥੁੱਕ ਥੱਲੇ ਨਾ ਡਿੱਗੇ ਤਾਂ ਕਿ ਬ੍ਰਾਹਮਣ ਇਨ੍ਹਾਂ ਨਾਲ ਭਿੱਟਿਆ ਨਾ ਜਾਵੇ। ਔਰਤਾਂ ਵੀ ਛਾਤੀਆਂ ਨੰਗੀਆਂ ਕਰਕੇ ਚੱਲਣ ਤੇ ਮਜਬੂਰ ਸਨ। ਇਹ ਲੋਕ ਜਾਨਵਰਾਂ ਤੋਂ ਵੀ ਭੈੜੀ ਜ਼ਿੰਦਗੀ ਜਿਉਂਦੇ ਸਨ। ਇਹੀ ਗੁਲਾਮੀ ਅਤੇ ਅੱਤਿਆਚਾਰਾਂ ਵਿਰੁੱਧ 1-1-1818 ਨੂੰ ਸ਼ਹੀਦੀਆਂ ਪਾਈਆਂ। 33 ਕਰੋੜ ਦੇਵਤਿਆਂ ਵਿਚੋਂ ਕਿਸੇ ਇਕ ਭਗਵਾਨ ਦੇਵਤੇ ਨੇ ਇਹਨਾਂ ਦੀ ਬਾਂਹ ਨਹੀਂ ਫੜੀ, ਸਗੋਂ ਆਪ ਹੀ ਰਤਨਾਗ, ਜਤਨਾਗ ਅਤੇ ਭਿਕਨਾਗ ਜੀ ਨੇ ਮਹਾਰ ਸੈਨਿਕਾਂ ਦੀ ਯੋਗ ਅਗਵਾਈ, ਮਿਹਨਤ, ਲਗਨ, ਇਹੋ ਜਿਹੀ ਗੁਲਾਮੀ ਨੂੰ ਦੂਰ ਕਰਨ ਦਾ ਹੌਸਲਾ, ਜਜ਼ਬਾ ਅਤੇ ਮਿਹਨਤ ਰੰਗ ਲਿਆਈ। ਉਥੇ ਇਕ ਬਹੁਤ ਵੱਡਾ ਸਮਾਰਕ ਬਣਿਆ ਹੋਇਆ ਹੈ ਅਤੇ ਉਸ ਉਪਰ ਸ਼ਹੀਦਾਂ ਦੇ ਨਾਂ ਵੀ ਲਿਖੇ ਹੋਏ ਹਨ। ਹਰ ਸਾਲ ਡਾ. ਅੰਬੇਡਕਰ ਜੀ ਪਹਿਲੀ ਤਾਰੀਖ਼ ਨੂੰ ਇਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਜ਼ਰੂਰ ਜਾਂਦੇ ਸਨ। ਇੱਥੇ ਹਰ ਸਾਲ ਲੱਗਦਾ ਹੈ ਅਤੇ ਲੱਖਾਂ ਲੋਕ ਦੇਸ਼-ਵਿਦੇਸ਼ ਤੋਂ ਆ ਕੇ ਆਪਣੇ ਇਹਨਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ।ਇਸ ਸਾਲ 7 ਜਨਵਰੀ 2018 ਨੂੰ ਪੂਰੇ ਦੋ ਸੌ ਸਾਲ ਹੋਣ ਉਪਰੰਤ ਦੇਸ਼-ਵਿਦੇਸ਼ ਤੋਂ ਤਿੰਨ ਲੱਖ ਤੋਂ ਵੀ ਵੱਧ ਸ਼ਰਧਾਲੂ ਜਿਹਨਾਂ ਵਿਚ ਜ਼ਿਆਦਾਤਰ ਨੌਜਵਾਨ ਮੁੰਡੇ, ਕੁੜੀਆਂ, ਬੱਚੇ, ਬੁੱਢੇ, ਔਰਤਾਂ ਹੱਥਾਂ ਵਿਚ ਬੈਨਰ ਅਤੇ ਝੰਡੇ ਫੜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਆਏ ਪਰ ਅਖਿਲ ਭਾਰਤੀ ਬ੍ਰਾਹਮਣ ਮਹਾਂ ਸੰਘ, ਆਰ. ਐਸ.ਐਸ. ਅਤੇ ਬ੍ਰਾਹਮਣ ਜਨਤਾ ਪਾਰਟੀ ਅਤੇ ਹੋਰ ਹਿੰਦੂ ਸੰਗਠਨਾਂ ਨੂੰ ਇਹ ਮਨਜ਼ੂਰ ਨਹੀਂ ਕਿ ਦਲਿਤ ਜਾਗਰੂਕ ਹੋਣ ਅਤੇ ਸਾਡੀ ਬਰਾਬਰੀ ਕਰਨ। ਇਸ ਲਈ ਇਹਨਾਂ ਉਥੇ ਸਾਰੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ ਤਾਂ ਕਿ ਇਹਨਾਂ ਨੂੰ ਖਾਣ-ਪੀਣ ਅਤੇ ਹੋਰ ਸਮਾਨ ਨਾ ਮਿਲੇ ਅਤੇ ਪ੍ਰੇਸ਼ਾਨ ਹੋਣ। ਫਿਰ ਉਥੇ ਹੱਲਾ-ਗੁੱਲਾ ਕਰਵਾ ਦਿੱਤਾ। ਉਥੇ ਹਾਹਾਕਾਰ ਮੱਚ ਗਈ। ਸਾੜ-ਫੂਕ ਹੋ ਗਈ ਅਤੇ ਆਲੇ-ਦੁਆਲੇ ਅੱਗਾਂ ਲਗਾਈਆਂ ਗਈਆਂ। ਕੁਝ ਲੋਕ ਜ਼ਖਮੀ ਵੀ ਹੋਏ ਅਤੇ ਬਹੁਤ ਸਾਰਿਆਂ ਦੇ ਸੱਟਾਂ ਵੱਜੀਆਂ। ਦੋ ਸ਼ਹੀਦ ਵੀ ਹੋਏ। ਪ੍ਰਸ਼ਾਸਨ ਤਮਾਸ਼ਬੀਨ ਬਣਿਆ ਰਿਹਾ। ਸਰਕਾਰ ਨੂੰ ਵੀ ਦੋ ਸੌ ਸਾਲ ਪੂਰੇ ਹੋਣ ਦਾ ਪਤਾ ਸੀ, ਫਿਰ ਵੀ ਪੁਖਤਾ ਇੰਤਜ਼ਾਮ ਨਹੀਂ ਸਨ। ਇਸੇ ਕਰਕੇ ਇਸਦੀ ਅੱਗ ਦੇਸ਼-ਵਿਦੇਸ਼ ਵਿਚ ਫੈਲ ਗਈ। ਲੋਕੀ ਵੀ ਆਪੇ ਤੋਂ ਬਾਹਰ ਹੋ ਗਏ ਅਤੇ ਥਾਂ-ਥਾਂ ਮੁਜ਼ਾਹਰੇ ਕੀਤੇ। ਰਾਜ ਸਭਾ ਅਤੇ ਲੋਕ ਸਭਾ ਵਿਚ ਵੀ ਹੰਗਾਮਾ ਹੋਇਆ। ਸਾਰੇ ਟੀ. ਵੀ. ਚੈਨਲਾਂ, ਯੂਨੀਵਰਸਿਟੀ ਵਿਦਿਆਰਥੀਆਂ, ਦਲਿਤ ਸੰਗਠਨਾਂ, ਪਾਰਟੀਆਂ ਅਤੇ ਕੁਝ ਲੀਡਰਾਂ ਨੇ ਵਿਰੋਧ ਕੀਤਾ।

ਸੰਸਾਰ ਵਿਚ ਜਿੰਨੇ ਵੀ ਕਾਰਜ ਭਗਵਾਨ ਭਰੋਸੇ ਹੁੰਦੇ ਹਨ, ਜ਼ਿਆਦਾਤਰ ਉਹਨਾਂ ਵਿਚ ਸੰਤੋਖ ਅਤੇ ਪੂਰਨਤਾ ਨਹੀਂ ਹੁੰਦੀ, ਜਿਵੇਂ ਕਿ ਕਾਨ੍ਹਪੁਰ ਵਿਚ ਗੰਗਾ ਦੀ ਸਫਾਈ ਦੇ ਨਾਂ 'ਤੇ ਗੰਗਾ ਵਿਚ ਗਿਆਰਾਂ ਸੌ ਲੀਟਰ ਦੁੱਧ ਵਹਾਇਆ ਗਿਆ। ਆਸਥਾ ਦੇ ਨਾਂ 'ਤੇ ਪਖੰਡ, ਲੋਕਾਂ ਨੂੰ ਸਾਫ ਪੀਣ ਲਈ ਪਾਣੀ ਨਹੀਂ ਮਿਲਦਾ ਪਰ ਜੇਕਰ ਸਰਕਾਰ ਸੱਚਮੁਚ ਹੀ ਵਰਣ ਵਿਵਸਥਾ, ਜਾਤੀ ਜੰਗ ਹਟਾਉਣ ਲਈ ਅਤੇ ਅੱਛੇ ਦਿਨ ਲਿਆਉਣ ਲਈ ਇਮਾਨਦਾਰੀ ਅਤੇ ਸੱਚੇ ਦਿਲੋਂ ਤਿਆਰ ਹੋਵੇ ਤਾਂ ਫਿਰ ਉਹ ਅਜਿਹੀਆਂ ਕਿਤਾਬਾਂ ਅਤੇ ਸਾਹਿਤ ਅਤੇ ਅੰਧ-ਵਿਸ਼ਵਾਸ, ਭਰਮ, ਵਹਿਮ ਫੈਲਾਉਣ ਵਾਲੇ ਟੀ. ਵੀ. ਉਪਰ ਸਖ਼ਤੀ ਨਾਲ ਪਾਬੰਦੀ ਲਗਾ ਦੇਵੇ, ਜਿਸ ਵਿਚ ਵਰਣ ਵਿਵਸਥਾ ਦੀ ਪ੍ਰਸੰਸਾ ਕੀਤੀ ਗਈ ਹੋਵੇ। ਉਹਨਾਂ ਸਾਰੀਆਂ ਕਿਤਾਬਾਂ ਨੂੰ ਜਲਾ ਦਿੱਤਾ ਜਾਵੇ ਜੋ ਤਾਂਤਰਿਕ, ਅੰਧ ਵਿਸ਼ਵਾਸ, ਜਾਤੀ-ਪਾਤੀ, ਛੂਆ-ਛਾਤ ਨੂੰ ਉਤਸ਼ਾਹਿਤ ਕਰਦੀਆਂ ਹੋਣ। ਵੱਧ ਰਿਹਾ ਡੇਰਾਵਾਦ, ਪ੍ਰਾਈਵੇਟ ਯੂਨੀਵਰਸਿਟੀਆਂ, ਸਕੂਲ, ਕਾਲਜ, ਹਸਪਤਾਲ ਆਦਿ ਬੰਦ ਕੀਤੇ ਜਾਣ ਜੋ ਲੋਕਾਂ ਦੀ ਨੇਕ-ਕਮਾਈ ਦੀ ਲੁੱਟ-ਖਸੁੱਟ ਕਰਦੇ ਹਨ। ਵੈਸ਼ਨੋ ਦੇਵੀ ਮੰਦਰ ਇਕ ਸਰਕਾਰੀ ਬੋਰਡ ਦੇ ਅਧੀਨ ਹੈ ਅਤੇ ਇਸ ਦੀ ਦੇਖਭਾਲ ਸਰਕਾਰ ਅਧੀਨ ਹੈ। ਇਸੇ ਤਰ੍ਹਾਂ ਹੀ ਸਾਰੇ ਧਾਰਮਿਕ ਅਦਾਰਿਆਂ ਦੀ ਦੇਖਭਾਲ ਸਰਕਾਰੀ ਬੋਰਡ ਬਣਾ ਕੇ ਕੀਤੀ ਜਾਵੇ ਅਤੇ ਸਾਰਾ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਆਵੇ, ਜਿਸਦਾ ਇਸਤੇਮਾਲ ਲੋਕਾਂ ਦੇ ਭਲੇ ਲਈ ਹੀ ਖ਼ਰਚਿਆ ਜਾਵੇ। ਇਸ ਲਈ ਸਮਾਂ ਮੰਗ ਕਰਦਾ ਹੈ ਕਿ ਤਥਾਗਤ ਗੌਤਮ ਬੁੱਧ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਸਹੀ ਅਰਥਾਂ ਵਿਚ ਪ੍ਰਚਾਰਿਆ ਜਾਵੇ ਤਾਂ ਜੋ ਭਾਰਤ ਵਾਸੀਆਂ ਵਿਚ ਬੇਚੈਨੀ ਪਾਈ ਜਾ ਰਹੀ, ਦੂਰ ਹੋ ਸਕੇ। ਪ੍ਰਸ਼ਾਸਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਦੁਨੀਆਂ ਵਿਚੋਂ ਸਭ ਤੋਂ ਵਧੀਆ ਧਰਮ ਗ੍ਰੰਥ ਜੋ ਸਾਡੇ ਪਾਸ ਹੈ, ਨੂੰ ਸਹੀ ਅਰਥਾਂ ਵਿਚ ਲਾਗੂ ਕੀਤਾ ਜਾਵੇ। ਜੋ ਡਾ. ਅੰਬੇਦਕਰ ਜੀ ਨੇ ਬਣਾਇਆ ਅਤੇ ਭਾਰਤ ਸਰਕਾਰ ਨੇ 26 ਜਨਵਰੀ 1950 ਨੂੰ ਲਾਗੂ ਕੀਤਾ ਸੀ। ਇਹ ਹਰ ਇਕ ਭਾਰਤ ਵਾਸੀ ਨੂੰ ਬਰਾਬਰਤਾ, ਭਾਈਚਾਰਾ, ਧਰਮ ਨਿਰਪੱਖ, ਖੁਸ਼ਹਾਲੀ ਦਾ ਪ੍ਰਤੀਕ ਹੈ, ਜਿਸ ਨਾਲ ਹਰ ਇਕ ਦਾ ਭਲਾ ਹੋ ਸਕੇਗਾ।

# ਦੱਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਤੋਂ ਬਾਅਦ ਕੀਤੇ ਜਾਣ ਵਾਲੇ ਕੋਰਸ

ਜਿਵੇਂ ਜਿਵੇਂ ਦਸਵੀਂ ਅਤੇ ਬਾਰ੍ਹਵੀਂ ਦੀਆਂ ਪ੍ਰੀਖਿਆਂ ਦਾ ਸਮਾਂ ਨੇੜੇ ਆ ਰਿਹਾ ਹੈ ਤਿਵੇਂ ਤਿਵੇਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਗੱਲ ਦਾ ਬੋਝ ਵੱਧ ਰਿਹਾ ਹੈ ਕਿ ਉਨ੍ਹਾਂ ਦਾ ਬੱਚਾ ਇਹ ਪ੍ਰੀਖਿਆਵਾਂ ਪਾਸ ਕਰਨ ਤੋਂ ਬਾਅਦ ਕਿਸ ਕੋਰਸ ਵਿੱਚ ਦਾਖਲਾ ਲਵੇ। ਇਸ ਸਮੱਸਿਆ ਦਾ ਹੱਲ ਕਰਨ ਲਈ ਕੁਝ ਅਗਵਾਈ ਲੀਹਾਂ ਦਾ ਜਿਕਰ ਮੈਂ ਇਸ ਲੇਖ ਵਿੱਚ ਕਰ ਰਿਹਾ ਹਾਂ। ਜੋ ਕਿ ਹਰੇਕ ਵਿਦਿਆਰਥੀ ਲਈ ਲਾਭਕਾਰੀ ਹੋਣਗੇ।

ਦੱਸਵੀਂ ਤੋਂ ਬਾਅਦ ਕੀ ਕੀਤਾ ਜਾਵੇ?

ਦਸਵੀਂ ਪਾਸ ਕਰਨ ਤੋਂ ਬਾਅਦ ਵਿਦਿਆਰਥੀ ਹੇਠ ਲਿਖਿਆਂ ਵਿੱਚੋਂ ਕੋਈ ਇੱਕ ਚੋਣ ਕਰ ਸਕਦਾ ਹੈ:

**ਆਈ.ਟੀ.ਆਈ. ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਕੋਰਸ:**

ਪੂਰੇ ਪੰਜਾਬ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਕਈ ਕਿਸਮ ਦੇ ਕੋਰਸ ਕਰਵਾਏ ਜਾਂਦੇ ਹਨ। ਇੰਨ੍ਹਾਂ ਸੰ-ਸਥਾਵਾਂ ਵਿੱਚ ਮੈਟ੍ਰਿਕ ਦੇ ਨੰਬਰਾਂ ਦੇ ਅਧਾਰ ਤੇ ਹਰ ਸਾਲ ਜੂਨ ਅਤੇ ਜੁਲਾਈ ਮਹੀਨੇ ਵਿੱਚ ਮਸ਼ਹੂਰ ਅਖਬਾਰਾਂ ਵਿੱਚ ਦਾਖਲੇ ਸਬੰਧੀ ਸੂਚਨਾ ਦਿੱਤੀ ਜਾਂਦੀ ਹੈ।

| ਕੋਰਸਾਂ ਦਾ ਵੇਰਵਾ : | | |
|---|---|---|
| ਕੋਰਸ ਦਾ ਨਾਂ | ਯੋਗਤਾ | ਸਮਾਂ |
| ਮੋਟਰ ਮਕੈਨਿਕ | ਦਸਵੀਂ | 2 ਸਾਲ |
| ਰੈਫਰੀਜਰੇਟਰ ਅਤੇ ਏਅਰ ਕੰਡੀਸ਼ਨਰ | ਦਸਵੀਂ | 2 ਸਾਲ |
| ਮਕੈਨਿਸਟ | ਦਸਵੀਂ | 2 ਸਾਲ |
| ਟਰਨਰ | ਦਸਵੀਂ | 2 ਸਾਲ |
| ਰੇਡਿਓ ਟੀ.ਵੀ. ਮਕੈਨਿਕ | ਦਸਵੀਂ | 2 ਸਾਲ |
| ਸਰਵੇਅਰ | ਦਸਵੀਂ | 2 ਸਾਲ |
| ਡਰਾਫਟਮੈਨ ਸਿਵਲ | ਦਸਵੀਂ | 2 ਸਾਲ |
| ਡਰਾਫਟ ਮਕੈਨੀਕਲ | ਦਸਵੀਂ | 2 ਸਾਲ |
| ਫਿਟਰ | ਦਸਵੀਂ | 2 ਸਾਲ |
| ਪਲੰਬਰ | ਦਸਵੀਂ | 2 ਸਾਲ |
| ਇਲੈਕਟ੍ਰੀਸ਼ਨ | ਦਸਵੀਂ | 2 ਸਾਲ |
| ਡੀਜਲ ਮਕੈਨਿਕ | ਦਸਵੀਂ | 2 ਸਾਲ |
| ਕਟਿੰਗ ਟੇਲਰਿੰਗ | ਦਸਵੀਂ | 1 ਸਾਲ |
| ਸਟੇਨੋ ਅੰਗਰੇਜੀ ਅਤੇ ਪੰਜਾਬੀ | ਦਸਵੀਂ | 1 ਸਾਲ |
| ਵੈਲਡਰ | ਦਸਵੀਂ | 1 ਸਾਲ |
| ਕੰਪਿਊਟਰ ਹਾਰਡਵੇਅਰ | ਦਸਵੀਂ | 1 ਸਾਲ |
| ਕਾਰਪੇਂਟਰ | ਦਸਵੀਂ | 1 ਸਾਲ |
| ਟਰੈਕਟਰ ਮਕੈਨਿਕ | ਦਸਵੀਂ | 1 ਸਾਲ |

**ਬਹੁ ਤਕਨੀਕੀ ਸੰਸਥਾ ਵਿੱਚ ਦਾਖਲਾ: ਦਾਖਲਾ ਲੈਣ ਦਾ ਤਰੀਕਾ**

ਹਰ ਸਾਲ ਜੇ. ਈ. ਟੀ.ਦਾ ਇਮਤਿਹਾਨ ਪੰਜਾਬ ਸਟੇਟ ਐਂਡ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਅਤੇ ਇੰਡਸਟਰੀਅਲ ਟ੍ਰੇਨਿੰਗ ਵੱਲੋ. ਅਪ੍ਰੈਲ/ ਮਈ/ ਜੂਨ ਮਹੀਨੇ ਵਿੱਚ ਲਿਆ ਜਾਂਦਾ ਹੈ। 10+2 ਵੋਕੇਸ਼ਨ ਪਾਸ ਜਾਂ ਆਈ. ਟੀ. ਆਈ. ਪਾਸ ਲੇਟਰਲ ਐਂਟਰੀ ਰਾਹੀਂ ਡਿਗਰੀ ਕੋਰਸ ਦੇ ਦੂਜੇ ਸਾਲ ਵਿੱਚ ਦਾਖਲਾ ਲੈ ਸਕਦੇ ਹਨ।

ਪੰਜਾਬ ਵਿੱਚ 153 ਪੋਲੀਟੈਕਨਿਕਲ ਕਾਲਜ 31 ਡਿਪਲੋਮਾ ਕੋਰਸ ਜਿੰਨ੍ਹਾਂ ਵਿੱਚ 60000 ਹਜਾਰ ਸੀਟਾਂ ਉਪਲੱਬਧ ਹਨ। ਇਸ ਤੋਂ ਇਲਾਵਾ ਮੇਟਰਿਕ ਤੋਂ ਬਾਅਦ 6 ਸਾਲਾ ਬੀ.ਐਸ.ਸੀ. ਖੇਤੀਬਾੜੀ ਕੋਰਸ, 6 ਸਾਲਾ ਬੀ.ਐਸ.ਸੀ. ਹੋਮ ਸਾਇੰਸ ਕੋਰਸ ਵਿੱਚ ਵਿਦਿਆਰਥੀ ਦਾਖਲਾ ਲੈ ਸਕਦੇ ਹਨ।

| ਬਹੁ ਤਕਨੀਕੀ ਕੋਰਸ | | |
|---|---|---|
| ਕੋਰਸ ਦਾ ਨਾਂ | ਯੋਗਤਾ | ਸਮਾਂ |
| ਇਲੈਕਟ੍ਰੀਕਲ ਇੰਜੀਨੀਅਰਿੰਗ/ | ਦਸਵੀਂ | 3 ਸਾਲ |
| ਸਿਵਲ ਇੰਜੀਨੀਅਰਿੰਗ | ਦਸਵੀਂ | 3 ਸਾਲ |
| ਮਕੈਨਿਕਲ ਇੰਜੀ./ਪ੍ਰੋਡਕਸ਼ਨ ਇੰਜੀ./ | ਦਸਵੀਂ | 3 ਸਾਲ |
| ਮਕੈ: ਇੰਜੀ. ਟੂਲ ਅਤੇ ਡਾਈ ਟੈਕਨਾਲੋਜੀ | ਦਸਵੀਂ | 4 ਸਾਲ |
| ਕੰਪਿਊਟਰ ਇੰਜੀ./ਇਨਫਾਰਮੇਸ਼ਨ ਟੈਕਨੋਲੋਜੀ | ਦਸਵੀਂ | 3 ਸਾਲ |
| ਇਲੈਕਟਰੋਨਿਕ ਕੋਮਿਊਨੀਕੇਸ਼ਨ/ ਇਲੈਕਟ੍ਰੋਨਿਕ ਕੋਮਿਊਨੀਕੇਸ਼ਨ/ ਫੈਸ਼ਨ ਡੀਜਾਇਨ/ਗਾਰਮੈਂਟਸ/ਨਿਟਿੰਗ/ ਲੈਦਰ ਟੈਕਨਾਲੋਜੀ | ਦਸਵੀਂ | 3 ਸਾਲ |
| ਮਾਡਰਨ ਆਫਿਸ ਪ੍ਰੈਕਟਿਸ | ਦਸਵੀਂ | 3 ਸਾਲ |
| ਲਾਈਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ | ਦਸਵੀਂ | 3 ਸਾਲ |
| ਮੈਡੀਕਲ ਲੈਬ ਟੈਕਨੋਲੋਜੀ | ਦਸਵੀਂ | 3 ਸਾਲ |
| ਟੈਕਸਟਾਇਲ ਡਿਜਾਇਨ/ ਟੈਕਸਟਾਇਲ ਟੈਕਨੋਲੋਜੀ | ਦਸਵੀਂ | 3 ਸਾਲ |
| ਕੈਮੀਕਲ ਇੰਜੀ./ਪਲਾਸਟਿਕ ਟੈਕਨੋਲੋਜੀ | ਦਸਵੀਂ | 3 ਸਾਲ |
| ਆਟੋਮੋਬਾਇਲ ਇੰਜੀ. | ਦਸਵੀਂ | 3 ਸਾਲ |

**+2 ਮੈਡੀਕਲ ਤੋਂ ਬਾਅਦ**

ਆਰਮਡ ਫੋਰਸ ਮੈਡੀਕਲ ਕਾਲਜ ਪੂਨਾ (ਮਹਾਰਾਸ਼ਟਰ) ਵਿੱਚ ਵਿਦਿਆਰਥੀ ਹੇਠ ਲਿਖੇ ਕੋਰਸ ਕਰ ਸਕਦੇ ਹਨ:

ਐਮ. ਬੀ. ਬੀ. ਐਸ., ਬੀ. ਐਸ. ਸੀ. ਨਰਸਿੰਗ, ਪੋਸਟ ਗਰੈਜੂਏਟ ਕੋਰਸ, ਪੀ. ਜੀ. ਡਿਪਲੋਮਾ, ਸੂਪਰ ਸਪੈਸ਼ਇਲੀਟੀ ਕੋਰਸ, ਪੈਰਾ ਮੈਡੀਕਲ ਕੋਰਸ,

ਐਮ.ਬੀ.ਬੀ.ਐਸ. ਵਿੱਚ ਦਾਖਲਾ ਏ. ਆਈ. ਪੀ. ਐਮ. ਈ.ਟੀ. (ਆਲ ਇੰਡੀਆ ਪ੍ਰੀ ਮੈਡੀਕਲ ਐਂਟਰੈਂਸ ਟੈਸਟ ਤੇ ਆਧਾਰ ਤੇ ਹੁੰਦਾ ਹੈ।

ਸਹੂਲਤਾਂ: ਐਮ.ਬੀ.ਬੀ.ਐਸ. ਵਿਚ ਦਾਖਲਾ ਮਿਲਣ ਤੇ ਕੋਰਸ ਦੀ ਸਾਰੀ ਫੀਸ ਮੁਆਫ, ਹੋਸਟਲ ਖਰਚਾ ਮੁਆਫ, ਮੁਫਤ ਖਾਣਾ, ਛੁਟੀਆਂ ਦੌਰਾਨ ਘਰ ਆਉਣ ਲਈ ਰੇਲ ਸਫਰ ਮੁਫਤ, ਕੋਰਸ ਦੌਰਾਨ 12000 ਰੁ: ਦੀਆਂ ਕਿਤਾਬਾਂ ਤੇ ਸਰਸਿਡੀ, ਪਹਿਲੇ ਸਾਲ ਵਰਦੀ ਲਈ 6000 ਰੁ: ਅਤੇ ਬਾਕੀ ਸਾਲਾਂ ਲਈ 1250 ਰੂ: ਮਿਲਦੇ ਹਨ।.

**+2 ਮੈਡੀਕਲ ਤੋਂ ਬਾਅਦ ਹੋਰ ਕੋਰਸ**

ਐਮ.ਬੀ.ਬੀ.ਐਸ. ਐਮ.ਡੀ./ ਐਮ.ਐਸ./ ਐਮ.ਸੀ.ਐਚ./ ਡੀ.ਐਮ., ਬੀ.ਡੀ ਐਸ - ਐਮ. ਡੀ.ਐਸ., ਬੀ.ਵੀ. ਐਸ.ਸੀ. - ਐਮ. ਵੀ. ਐਸ.ਸੀ., ਬੀ.ਏ.ਐਮ. ਐਸ. - ਐਮ.ਏ. ਐਮ. ਐਸ., ਬੀ.ਟੈਕ (ਖੇਤੀਬਾੜੀ) - ਐਮ.ਟੈਕ ਖੇਤੀਬਾੜੀ), ਬੀ. ਫਾਰਮੇਸੀ- ਐਮ. ਫਾਰਮੇਸੀ, ਡੀ. ਐਮ. ਐਲ. ਟੀ. - ਬੀ. ਐਮ.ਐਲ.ਟੀ., ਡਿਪਲੋਮਾ ਇਨ ਟਰੈਵਲ ਅਤੇ ਟੂਰੀਜਮ, ਬੀ.ਐਸ.ਸੀ. - ਮੈਡੀਕਲ, ਡੇਅਰੀ ਟੈਕ. ਹੋਮ ਸਾਇੰਸ ਬਾਇਓ ਟੈਕ. ਖੇਤੀਬਾੜੀ, ਮਾਈਕਰੋ ਬਾਇਓਲੋਜੀ, ਐਨਥਰੋਪੋਲੋਜੀ, ਓਪਥੈਲਮਿਕ ਟੈਕਨੀਸ਼ਨ, ਮੈਡੀਕਲ ਲੈਬ ਟੈਕਨੀਸ਼ਨ, ਫਿਜੀਓਥੈਰੇਪੀ, ਐਕੂਪੇਸ਼ਨਲ, ਥੈਰੇਪੀ, ਏਡੀਓਲੋਜੀ ਅਤੇ ਸਪੀਚ ਥੈਰੇਪੀ, ਫਿਜੀਕਲ ਥੈਰੇਪੀ, ਕਾਰਡੀਏਕ ਪਰਫਯੂਜਨ ਟੈਕਨੀਸ਼ਨ, ਮੈਡੀਕਲ ਇਮੇਜਿੰਗ ਟੈਕਨੀਸ਼ਨ, ਨਰਸਿੰਗ, ਐਮ. ਐਸ. ਸੀ.- ਅਪਲਾਈਡ ਸਾਇੰਸ, ਕਿਸਟਰੀ, ਬਾਟਨੀ, ਜੂਲੋਜੀ, ਕਲੀਨਿਕਲ ਰਿਸਰਚ, ਐਨਥਰੋਪੋਲੋਜੀ, ਫਿਜੀਓਥੈਰੇਪੀ, ਨਰਸਿੰਗ, ਮੈਡੀਕਲ ਲੈਬ ਟੈਕਨੀਸ਼ਨ, ਫੋਰੈਨਸਿਕ ਸਾਇੰਸ।

+2 ਮੈਡੀਕਲ ਤੋਂ ਬਾਅਦ ਪੈਰਾ ਮੈਡੀਕਲ ਕੋਰਸ

ਡਿਪਲੋਮਾ: ਏ.ਐਨ.ਐਮ., ਕਲੀ-ਨਿਕਲ, ਰਿਸਰਚ, ਡਰਗ ਰੈਗੂਲੇਟਰੀ ਅਫੇਅਰ, ਨਿਊਟਰੀਸ਼ਨ ਕੋਰਸ, ਸਪੋਰਟਸ ਅਤੇ ਫਿਟਨਸ ਨਿਊਟਰੀਸ਼ਨ, ਫਾਰਮੇਸੀ, ਫਿਜੀਓਥੈਰੇਪੀ, ਅਪਟੀਸ਼ੀਅਨ ਵੈਕਸੀਨੇਟਰ, ਡਾਰਕ ਰੂਪ, ਐਸਿਸਟੈਂਟ, ਰੇਡੀਓਗਰਾਫਰ, ਲੈਬ ਟੈਕਨੀਸ਼ੀਅਨ, ਸੈਨੀਟਰੀ ਇਨ-ਸਪੈਕਸ਼ਨ ਕੋਰਸ



MOHINDER PAL
SS MASTER
GOVT SCHOOL DHAPI, DISTT FARIDKOT
91-95010-17797

**+2 ਨਾਨ ਮੈਡੀਕਲ ਤੋਂ ਬਾਅਦ**

ਜੇ.ਈ.ਈ. ਪ੍ਰੀਖਿਆ ਤੋਂ ਬਾਅਦ: ਬੀ.ਈ./ਬੀ.ਟੈਕ. ਮਕੈਨੀਕਲ, ਇਲੈਕ-ਟਰੀਕਲ, ਸਿਵਲ, ਪੈਟਰੋਲੀਅਮ, ਏਰੋਨੋਟਿਕਲ, ਪ੍ਰੋਡਕਸ਼ਨ, ਆਈ.ਟੀ., ਟੈਕਸਟਾਈਲ, ਮੈਰਾਇਨ, ਬਾਇਓ-ਟੈਕ, ਬਾਇਓ- ਮੈਡੀਕਲ, ਕੈਮੀਕਲ, ਮੈਟਲਰ-ਜੀਕਲ, ਬਾਇਓ-ਇਨਫਰਮੇਟਿਕਸ, ਡੇਅਰੀ ਟੈਕਨੋਲੋਜੀ, ਇਲੈਕਟਰੋਨਿਕਸ ਅਤੇ ਟੈਲੀਕਮਿਊਨੀਕੇਸ਼ਨ, ਇਨਸਟਰੂਮੈਨਟੈਸ਼ਨ, ਵਾਤਾਵਰਨ, ਮਾਈਨਿੰਗ, ਪੇਂਟ ਟੈਕਨਾਲੋਜੀ, ਇਨਡਸਟਰੀਅਲ ਇੰਜੀਨੀਅਰਿੰਗ, ਮਿਨਰਲ, ਪੇਪਰ ਟੈਕਨੋਲੋਜੀ, ਨੈਨੋ ਟੈਕਨਾਲੋਜੀ।

ਇਸ ਤੋਂ ਇਲਾਵਾ ਬੀ.ਐਸ.ਸੀ.: ਨਾਨ ਮੈਡੀਕਲ, ਫਿਜੀਓਥੈਰੇਪੀ, ਅਰਬਨ ਪਲਾਨਿੰਗ, ਮਲਟੀਮੀਡੀਆ (ਐਨੀਮੇਸ਼ਨ) ਡਿਜਾਇਨ (ਮਲਟੀਮੀਡੀਆ) ਇੰਟੀਰੀਅਰ ਡਿਜਾਇਨ, ਫੈਸ਼ਨ ਟੈਕਨਾਲੋਜੀ, ਏਅਰਲਾਇਨ, ਟੂਰੀਜਮ ਅਤੇ ਹੋਸਪੀਟੈਲੇਟੀ, ਫੂਡ ਟੈਕ, ਮੈਰਾਇਨ, ਨੋਟੀਕਲ ਸਾਇੰਸ, ਆਈ.ਟੀ. ਕਰੀਮੀਨੋਲੋਜੀ।

+2 ਤੋਂ ਬਾਅਦ ਐਨ.ਡੀ.ਏ. ਵਿੱਚ ਦਾਖਲਾ ਲੈਣ ਲਈ ਸਾਲ ਵਿੱਚ2 ਵਾਰ ਮਈ ਅਤੇ ਦਸੰਬਰ ਵਿੱਚ ਮਸ਼ਹੂਰ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਜਾਂਦਾ ਹੈ। ਜਿਸ ਨਾਲ ਭਾਰਤੀ ਸੈਨਾ ਦੇ ਆਰਮੀ, ਏਅਰ ਫੋਰਸ ਅਤੇ ਨੈਵੀ ਵਿੰਗਾਂ ਵਿੱਚ ਅਫਸਰ ਭਰਤੀ ਕੀਤੇ ਜਾਂਦੇ ਹਨ ।

**+2 ਕਾਮਰਸ ਤੋਂ ਬਾਅਦ :** ਬੀ.ਕਾਮ, ਆਫ ਅਕਾਊਂਟਸ ਅਤੇ ਫਾਈਨੈਂਸ, ਬੀ.ਆਫ. ਬਿਜਨਸ ਮੈਨੇਜਮੈਂਟ, ਬੀ.ਆਫ.ਬਿਜਨਸ ਐਡਮਿਨਸਟਰੇਸ਼ਨ, ਬੀ.ਆਫ ਬੇਂਕਿੰਗ ਅਤੇ ਇਸਿਊਰੈਂਸ, ਬੀ.ਆਫ. ਮਾਸ ਮੀਡੀਆ, ਬੀ ਆਫ ਫਾਈਨੈਂਸ ਅਤੇ ਇੰਟਰਨਲ ਆਡਿਟ, ਬੀ.ਆਫ ਫੋਰਨ ਟਰੇਡ, ਬੀ.ਆਫ ਮੈਨੇਜਮੈਂਟ ਸਾਇੰਸ, ਬੀ.ਆਫ ਬਿਜਨਸ ਇਕਨਾਮਿਕਸ, ਬੀ.ਐਸ.ਸੀ.ਸਟੈਟ, ਬੀ.ਐਸ.ਸੀ.ਬਿਜਨੈਸ ਇਕਨਾਮਿਕਸ, ਬੀ.ਐਸ.ਸੀ.ਸਟੈਟ, ਬੀ.ਐਸ.ਸੀ. ਹੋਮ ਸਾਇੰਸ, ਬੀ.ਸੀ.ਏ., ਬੀ.. ਇਨ ਜਰਨੇਲਿਜਮ ਅਤੇ ਮਾਸ ਕਮਿਊਨੀਕੇਸ਼ਨ, ਸੀ.ਏ., ਸੀ.ਐਸ.ਸੀ.ਡਬਲਊ.ਏ.।

ਰੋਜਗਾਰ ਕੋਰਸਾਂ ਲਈ ਅਖਬਾਰਾਂ : ਰੋਜਗਾਰ ਅਖਬਾਰ-ਸ਼ਨੀਵਾਰ, ਹਿੰਦੂਸਤਾਨ ਟਾਇਮਜ - ਮੰਗਲਵਾਰ, ਦਾ ਟ੍ਰਿਬੀਊਨ - ਬੁੱਧਵਾਰ, ਰੋਜਾਨਾ ਅਜੀਤ - ਸ਼ਨੀਵਾਰ ਅਤੇ ਐਤਵਾਰ, ਜਗਬਾਣੀ - ਮੰਗਲਵਾਰ, ਪੰਜਾਬੀ ਜਾਗਰਣ - ਬੁੱਧਵਾਰ ਵੇਖੇ ਜਾ ਸਕਦੇ ਹਨ।

ਇਸ ਤੋਂ ਇਲਾਵਾ ਦਸਵੀਂ ਤੋਂ ਬਾਅਦ ਫੋਜ ਵਿੱਚ ਭਰਤੀ ਅਤੇ +2 ਤੋਂ ਬਾਅਦ ਪੰਜਾਬ ਪੁਲਿਸ ਦੀ ਭਰਤੀ ਵੀ ਵੇਖੀ ਜਾ ਸਕਦੀ ਹੈ। ਅਧਿਆਪਕ ਲੱਗਣ ਵਾਸਤੇ ਬੀ.ਏ.ਬੀ.ਐਡ., ਸਕੂਲ ਲੈਕਚਰਾਰ ਲੱਗਣ ਵਾਸਤੇ ਐਮ.ਏ.ਬੀ.ਐਡ, ਐਲੀਮੈਂਟਰੀ ਟੀਚਰ ਲੱਗਣ ਵਾਸਤੇ +2 ਈ.ਟੀ.ਟੀ. ਪਾਸ ਹੋਣਾ ਜਰੂਰੀ ਹੈ।

ਉਮੀਦ ਹੈ ਕਿ ਇਹ ਲੇਖ ਦਸਵੀਂ ਅਤੇ +2 ਦੇ ਵਿਦਿਆਰਥੀਆਂ ਕਾਫੀ ਲਾਹੇਵੰਦ ਹੋਵੇਗਾ।

**ਨੋਟ : ਐਸ.ਸੀ. ਵਿਦਿਆਰਥੀਆਂ ਲਈ ਸਰਕਾਰ ਵੱਲੋਂ ਫੀਸਾਂ ਵਿੱਚ ਭਾਰੀ ਛੋਟ ਦਿੱਤੀ ਜਾਂਦੀ ਹੈ।**

# ਕੈਕਟਸ ਤੇ ਖਿੜਿਆ ਫੁੱਲ : ਡਾ.ਅਮਰਜੀਤ ਕੌਂਕੇ



ਪ੍ਰੀਤਮ ਲੁਧਿਆਣਵੀ
+91-9876428641

ਕੁਦਰਤ ਨੇ ਕਲਮ ਸੂਖਮ ਅਹਿਸਾਸਾਂ ਵਾਲੇ ਲੋਕਾਂ ਦੇ ਹੱਥ ਸੌਂਪੀ ਹੈ । ਲਿਖਣਾ ਹਰ ਇੱਕ ਦੇ ਹਿੱਸੇ ਨਹੀਂ ਆਉਂਦਾ। ਬਹੁਤ ਘੱਟ ਲੋਕ ਹੁੰਦੇ ਹਨ ਜਿਹੜੇ ਆਪਣੇ ਮਨ ਦੇ ਅਹਿਸਾਸਾਂ ਤੇ ਭਾਵਨਾਵਾਂ ਨੂੰ ਸ਼ਬਦਾਂ ਵਿਚ ਪਰੋ ਕੇ ਉਨਾਂ ਨੂੰ ਕਵਿਤਾ ਵਿਚ ਢਾਲ ਦਿੰਦੇ ਹਨ। ਅਮਰਜੀਤ ਕੌਂਕੇ ਪੰਜਾਬੀ ਸ਼ਾਇਰੀ ਦਾ ਅਜਿਹਾ ਹੀ ਮਾਣਮੱਤਾ ਹਸਤਾਖ਼ਰ ਹੈ ਜਿਸਨੇ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਅਤੇ ਆਪਣੀ ਨਿਵੇਕਲੀ ਪ੍ਰਤਿਭਾ ਸਦਕਾ ਸਾਹਿਤ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਮੈਂ ਅਮਰਜੀਤ ਕੌਂਕੇ ਨੂੰ ਅੱਜ ਤੋਂ ਤੀਹ ਸਾਲ ਪਹਿਲਾਂ ਅੰਮ੍ਰਿਤਾ ਪ੍ਰੀਤਮ ਦੀ ਸੰਪਾਦਕੀ ਵਿਚ ਨਿਕਲਦੇ ਮੈਗਜ਼ੀਨ, 'ਨਾਗਮਣੀ' ਵਿਚ ਪੜਿਆ ਸੀ। ਉਸਦੀਆਂ ਕਵਿਤਾਵਾਂ ਅੰਮ੍ਰਿਤਾ 'ਨਾਗਮਣੀ' ਦੇ ਟਾਈਟਲ ਪੇਜ਼ ਤੇ ਛਾਪਦੀ ਸੀ। ਉਦੋਂ ਤੋਂ ਹੀ ਮੇਰੇ ਮਨ ਵਿਚ ਅਮਰਜੀਤ ਕੌਂਕੇ ਦੀ ਸ਼ਾਇਰੀ ਪ੍ਰਤੀ ਜਿਗਿਆਸਾ ਤੇ ਉਤਸੁਕਤਾ ਪੈਦਾ ਹੋਈ ਜੋ ਅੱਜ ਵੀ ਕਾਇਮ ਹੈ।

ਅਮਰਜੀਤ ਕੌਂਕੇ ਨੇ ਆਪਣੇ ਜੀਵਨ ਵਿਚ ਬਹੁਤ ਉਤਰਾ- ਚੜਾਅ ਵੇਖੇ ਹਨ। ਉਸਦਾ ਜਨਮ ਸਤਾਈ ਅਗਸਤ ਉਨੀ ਸੌ ਚੌਂਹਟ ਵਿਚ ਪਿਤਾ ਸਰਦਾਰ ਪ੍ਰੀਤਮ ਸਿੰਘ ਤੇ ਮਾਤਾ ਸ਼੍ਰੀਮਤੀ ਸਤਵੰਤ ਕੌਰ ਦੇ ਘਰ ਵਿਚ ਹੋਇਆ। ਉਸਦੇ ਪਿਤਾ ਲੁਧਿਆਣਾ ਵਿਚ ਇਕ ਪ੍ਰਾਈਵੇਟ ਫੈਕਟਰੀ ਵਿਚ ਮਾਮੂਲੀ ਕਲਰਕ ਸਨ। ਇਕ ਗਰੀਬ ਪਰਿਵਾਰ ਵਿਚ ਜਨਮੇ ਹੋਣ ਕਾਰਨ ਉਸ ਦਾ ਵਾਹ ਬਚਪਨ ਤੋਂ ਹੀ ਤੰਗੀਆਂ-ਤੁਰਸ਼ੀਆਂ ਨਾਲ ਪੈ ਗਿਆ। ਇਹਨਾਂ ਦੇ ਚਲਦੇ ਉਹ ਆਪਣੀ ਪੜਾਈ ਗਿਆਰਵੀਂ ਤੱਕ ਹੀ ਸਕੂਲ ਵਿਚ ਰੈਗੂਲਰ ਕਰ ਸਕਿਆ। ਭਾਵੇਂ ਉਸ ਤੋਂ ਬਾਅਦ ਉਸਨੇ ਪ੍ਰਾਈਵੇਟ ਤੌਰ ਤੇ ਗਿਆਨੀ, ਬੀ. ਏ., ਐਮ.ਏ.,ਬੀ., ਐਡ ਅਤੇ ਪੀ. ਐਚ ਡੀ ਦੀਆਂ ਡਿਗਰੀਆਂ ਹਾਸਿਲ ਕੀਤੀਆਂ। ਬਚਪਨ ਦੇ ਇਸ ਦਰਦ ਦਾ ਵਰਨਣ ਉਸਦੀਆਂ ਕਵਿਤਾਵਾਂ ਵਿਚ ਥਾਂ -ਥਾਂ ਤੇ ਮਿਲਦਾ ਹੈ। ਇਸੇ ਦਰਦ ਦੇ ਚਲਦਿਆਂ ਉਸ ਦਾ ਵਾਹ ਕਵਿਤਾ ਨਾਲ ਪੈ ਗਿਆ। ਉਸਨੇ ਆਪਣੀ ਉਦਾਸੀ ਨੂੰ ਸ਼ਬਦਾਂ ਤੇ ਕਵਿਤਾ ਨਾਲ ਸਾਂਝਾ



ਡਾ. ਅਮਰਜੀਤ ਕੌਂਕੇ ਨੂੰ ਸਰਬੋਤਮ ਅਨੁਵਾਦ ਪੁਰਸਕਾਰ ਨਾਲ ਸਨਮਾਨਿਤ ਕਰਦੇ ਵਿਸ਼ਵਨਾਥ ਪ੍ਰਸਾਦ ਤਿਵਾੜੀ।

ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਸਿਰਜਣਾ ਸਰੋਤ ਬਾਰੇ ਅਮਰਜੀਤ ਆਪਣੀ ਇਕ ਮੁਲਾਕਾਤ ਵਿਚ ਦੱਸਦਾ ਹੈ, 'ਮੇਰਾ ਬਚਪਨ ਇੱਕ ਕੈਕਟਸ ਵਾਂਗ ਸੀ ਜਿਸ ਦੀਆਂ ਜੜਾਂ ਨੂੰ ਪਾਣੀ ਨਸੀਬ ਨਹੀਂ ਹੁੰਦਾ, ਰੁੱਖੀ ਹਵਾ, ਬਲਦੀ ਦੁਪਹਿਰ, ਅਣਸੁਖਾਵਾਂ ਮੌਸਮ ਪਰ ਫੇਰ ਵੀ ਉਸ ਕੈਕਟਸ ਤੇ ਇੱਕ ਨਿੱਕਾ ਜਿਹਾ ਫੁੱਲ ਖਿੜ ਪੈਂਦਾ ਹੈ...ਕਵਿਤਾ ਦਾ ਫੁੱਲ।'

ਅਮਰਜੀਤ ਕੌਂਕੇ ਦੀਆਂ ਪਹਿਲੇ ਦੌਰ ਦੀਆਂ ਕਵਿਤਾਵਾਂ ਗਹਿਰੀ ਉਦਾਸੀ ਦੀ ਬਾਤ ਪਾਉਂਦੀਆਂ ਹਨ। ਇਹਨਾਂ ਕਵਿਤਾਵਾਂ ਵਿੱਚ ਉਹ ਜਿੰਦਗੀ 'ਚ ਕਾਮਯਾਬ ਹੋਣ ਲਈ ਸ਼ੰਘਰਸ ਦੀ ਬਾਤ ਪਾਉਂਦਾ ਪ੍ਰਤੀਤ ਹੁੰਦਾ ਹੈ। ਉਸਦੇ ਮਾਂ-ਬਾਪ



ਨੂੰ ਉਸਤੋਂ ਬਹੁਤ ਸਾਰੀਆਂ ਆਸਾਂ ਹਨ। ਪਰ ਨੌਜਵਾਨ ਸ਼ਾਇਰ ਦੇ ਆਪਣੇ ਸੁਪਨੇ ਹਨ। ਉਸਦੀ ਲੜਾਈ ਸਿਰਫ ਰੋਟੀ ਦੀ ਲੜਾਈ ਨਹੀਂ ਸੀ। ਉਹ ਤਾਂ ਆਪਣੀ ਜਿੰਦਗੀ ਨੂੰ ਸਵੈ-ਮਾਣ ਅਤੇ ਭਰਪੂਰਤਾ ਨਾਲ ਜਿਉਣਾ ਚਾਹੁੰਦਾ ਹੈ। ਉਹ ਹਨੇਰੇ ਵਰਤਮਾਨ 'ਚੋਂ ਬਾਹਰ ਨਿਕਲਣਾ ਚਾਹੁੰਦਾ ਹੈ। ਤੰਗੀਆਂ-ਤੁਰਸ਼ੀਆਂ, ਬੇ-ਰੋਜ਼ਗਾਰੀ, ਰਿਸ਼ਤਿਆਂ ਦੀ ਕੜਵਾਹਟ ਅਤੇ ਹੋਰ ਅਨੇਕਾਂ ਸਮਸਿਆਵਾਂ ਦਾ ਦੁੱਖ ਉਹ ਆਪਣੀਆਂ ਨਜ਼ਮਾਂ ਦੁਆਰਾ ਸੁਣਾਉਂਦਾ ਹੈ। ਨਜ਼ਮ ਕਵੀ ਨੂੰ ਕਦੇ ਮਾਂ, ਕਦੇ ਭੈਣ, ਕਦੇ ਮਹਿਬੂਬਾ ਲੱਗਦੀ ਹੈ। ਅਮਰਜੀਤ ਕੌਂਕੇ ਆਪਣੇ ਦੁੱਖ-ਸੁੱਖ ਨਜ਼ਮਾਂ ਨੂੰ ਸੁਣਾ ਕੇ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰਦਾ ਹੈ।

ਉਂਜ ਤਾਂ ਕੁਝ ਵੀ ਨਹੀਂ ਹੈ ਨਜ਼ਮ
ਫਿਰ ਵੀ ਜਦੋਂ ਉਦਾਸ ਹੁੰਦਾ ਹਾਂ
ਨਜ਼ਮ ਦਾ ਬੂਹਾ ਖੜਕਾਉਂਦਾ ਹਾਂ
ਅਲਖ ਜਗਾਉਂਦਾ ਹਾਂ......

ਕਵੀ ਨੂੰ ਕਵਿਤਾ ਦੀ ਸਿਰਜਣਾ ਲਈ ਇੱਕ ਉਦਾਸੀ, ਇੱਕ ਭਾਵਨਾ ਤੇ ਇੱਕ ਅੱਗ ਲੋੜੀਂਦੀ ਹੁੰਦੀ ਹੈ। ਅਮਰਜੀਤ ਦੀਆਂ ਕਵਿਤਾਵਾਂ ਦੇ ਵਿਚ ਇਹ ਅੱਗ, ਵੇਦਨਾ ਤੇ ਬੇਚੈਨੀ, ਬਹੁਤ ਹੀ ਪ੍ਰਬਲ ਰੂਪ ਵਿਚ ਪ੍ਰਗਟ ਹੁੰਦੀ ਹੈ....

ਖੋਹ ਲਵੋ ਮੈਥੋਂ
ਮੇਰੀਆਂ ਸਾਰੀਆਂ ਕਵਿਤਾਵਾਂ
ਤੇ ਮੈਨੂੰ ਉਹ ਬੇਚੈਨ ਅੱਗ ਦੇ ਦੇਵੋ
ਜੋ ਕਵਿਤਾ ਲਿਖਣ ਤੋਂ ਪਹਿਲਾਂ
ਮੇਰੇ ਅੰਦਰ ਸੁਲਘਦੀ ਹੈ....

ਅਮਰਜੀਤ ਨੂੰ ਜਦੋਂ ਵੀ ਉਦਾਸੀ ਘੇਰਦੀ ਹੈ ਤਾਂ ਉਹ ਸ਼ਬਦਾਂ ਦੀ ਗੋਦ ਵਿਚ ਪਨਾਹ ਭਾਲਦਾ ਹੈ ਅਤੇ ਕਵਿਤਾ ਵਿੱਚ ਆਪਣੇ ਦਰਦ ਨੂੰ ਬਿਆਨ ਕਰਦਾ ਹੈ। ਕਵਿਤਾ ਉਸਦੀ ਰਾਹ-ਦਸੇਰੀ ਬਣ ਤੁਰਦੀ ਹੈ। ਉਹ ਬਿਗਾਨੇ ਸ਼ਹਿਰ ਬਿਗਾਨਿਆਂ ਸੜਕਾਂ ਤੇ ਭਟਕਦਾ ਹੈ। ਪਰਾਏ ਸ਼ਹਿਰ ਵਿੱਚ ਉਹ ਆਪਣੀ ਮਾਂ ਨੂੰ ਬੜੀ ਸ਼ਿਦਤ ਨਾਲ ਯਾਦ ਕਰਦਾ ਹੈ। ਉਸਨੂੰ ਮਾਂ ਦੀ ਹਿੱਕ ਯਾਦ ਆਉਂਦੀ ਹੈ ਜਿਸ ਨਾਲ ਲੱਗ ਕੇ ਉਹ ਬਚਪਨ ਦੀ ਤਰਾਂ ਸਾਰੇ ਦੁੱਖ ਦਰਦ ਭੁੱਲ ਜਾਣਾ ਚਾਹੁੰਦਾ ਹੈ।

ਅਮਰਜੀਤ ਕੌਂਕੇ ਨੇ ਆਪਣੀ ਕਲਮ ਦੁਆਰਾ ਜਿੰਦਗੀ ਦਾ ਹਰ ਪਹਿਲੂ ਛੋਹਿਆ ਹੈ। ਉਸਨੇ ਹਰ ਰੰਗ ਦੀ ਪੂਣੀ

**(ਬਾਕੀ ਅਗਲੇ ਸਫੇ 'ਤੇ)**

# ਜਾਤੀ ਅਭਿਮਾਨ ਦੀ ਸ਼ਿਕਾਰ ਵੀਰਪਾਲ ਕੌਰ



ਬਖ਼ਸ਼ੀ ਰਾਮ, ਲੁਧਿਆਣਾ
+91 94 632 68101

ਕਈ ਦਿਨਾਂ ਤੋਂ ਪਰੈੱਸ ਤੇ ਸੋਸ਼ਲ ਮੀਡੀਆ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟੌਹੜਾ (ਜ਼ਿਲਾ ਪਟਿਆਲਾ) ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਦੇ ਜਾਤ ਅਭਿਮਾਨੀ ਲੋਕਾਂ ਦੁਆਰਾ ਸਮਾਜਿਕ ਸੋਸ਼ਣ ਦੀਆਂ ਖਬਰਾਂ ਆ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਵੀਰਪਾਲ ਕੌਰ ਆਪਣੀ ਸ਼ਰੇਣੀ ਦੀ ਬਹੁਤ ਹੀ ਲਾਇਕ ਵਿਦਿਆਰਥਣ ਹੈ। ਬਦਕਿਸਮਤੀ ਨਾਲ ਉਹ ਇਕ ਦਲਿਤ ਸਮਾਜ ਦੇ ਪਰਿਵਾਰ ਨਾਲ ਸਬੰਧਤ ਬੱਚੀ ਦੱਸੀ ਜਾਂਦੀ ਹੈ। ਉਸ ਦੇ ਗ਼ਰੀਬ ਮਾਪੇ ਪਟਿਆਲਾ ਜ਼ਿਲੇ ਦੇ ਪਿੰਡ ਟੌਹੜਾ ਦੇ ਨਜ਼ਦੀਕ ਪਿੰਡ ਰਾਮ ਪੁਰ ਸਾਹੀਵਾਲ ਦੇ ਵਸਨੀਕ ਹਨ ਤੇ ਜਾਤ ਪੱਖੋਂ ਮਜ਼੍ਹਬੀ ਸਿਖ ਪਰਿਵਾਰ ਨਾਲ ਸਬੰਧਤ ਹਨ। ਸਕੂਲ ਪ੍ਰੀਖਿਆ ਵਿਚ ਆਪਣੇ ਪਿੱਛੇ ਬੈਠੇ ਸਕੂਲ ਦੇ ਕਲਰਕ ਦੇ ਕਮਜ਼ੋਰ ਬੱਚੇ ਨੂੰ ਪਰਚਾ ਨਕਲ ਨਾ ਕਰਵਾਉਣ ਦਾ ਇਲਜ਼ਾਮ ਵੀਰਪਾਲ ਕੌਰ ਤੇ ਲੱਗਾ ਸੀ। ਇਸ ਗੱਲ ਪਿੱਛੇ ਨਾ ਸਿਰਫ ਸਕੂਲ ਉਸਤਾਨੀਆਂ ਬਲਕਿ ਪ੍ਰਿੰਸੀਪਲ ਵਲੋਂ ਵੀ ਉਸ ਨੂੰ ਤਾੜਿਆ, ਝਿੜਕਿਆ ਗਿਆ ਦੱਸਿਆ ਜਾਂਦਾ ਹੈ। ਬਲਕਿ ਉਸ ਨੂੰ ਤਰਾਂ ਤਰਾਂ ਦੇ ਜਾਤੀ ਸੂਚਕ ਘਟੀਆ ਤੋਂ ਘਟੀਆ ਸ਼ਬਦਾਵਲੀ ਬੋਲ ਕੇ ਵੀ ਉਸ ਦਾ ਹੌਸਲਾ ਤੋੜਿਆ ਜਾਂਦਾ ਹੈ। ਇਨਾਂ ਹੀ ਨਹੀਂ। ਇਹ ਘਟਨਾ ਸਕੂਲ ਤੱਕ ਹੀ ਸੀਮਿਤ ਨਹੀਂ ਰਹੀ ਬਲਕਿ ਵੀਰਪਾਲ ਕੌਰ ਦੇ ਗ਼ਰੀਬ ਮਾਪਿਆਂ ਨੂੰ ਵੀ ਪਿੰਡ ਦੀ ਚੌਧਰੀ ਜੱਟ ਬਰਾਦਰੀ ਵਲੋਂ ਵੀ ਤਾੜਨਾ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਾਨ੍ਹੇ ਮਿਹਣੇ ਤੇ ਸਮਾਜਿਕ ਨਾ ਮਿਲਵਰਤਣ ਦੀਆਂ ਧਮਕੀਆਂ ਵੀ ਮਿਲ ਰਹੀਆਂ ਹਨ। ਗੱਲ ਕੀ ਪੂਰੇ ਦਾ ਪੂਰਾ ਸਮਾਜ ਹੀ ਉਸ ਪਿੰਡ ਦਾ ਵੀਰਪਾਲ ਕੌਰ ਤੇ ਉਸ ਦੇ ਪਰਿਵਾਰ ਦੇ ਗ.ਲ ਪਿਆ ਹੋਇਆ ਹੈ। ਨਿੱਤ ਤਰਾਂ ਤਰਾਂ ਦੀਆਂ ਧਮਕੀਆਂ ਦਿੰਦਾ ਰਹਿੰਦਾ ਹੈ। ਸੋਸ਼ਲ ਮੀਡੀਆ ਤੇ ਵੀਰਪਾਲ ਕੌਰ ਤੇ ਉਸ ਦੇ ਮਾਪਿਆਂ ਦੀ ਚੀਕ ਪੁਕਾਰ ਸੁਣ ਕੇ ਕੁਝ ਨਿਰਪੱਖ ਸਿਆਣੇ ਲੋਕ ਅੱਗੇ ਆਏ ਹਨ ਤੇ ਵਿਦਿਆ ਵਿਭਾਗ ਦੇ ਉਚ ਅਹਿਲਕਾਰਾਂ ਨੇ ਵੀ ਉਸ ਦਾ ਨੋਟਿਸ ਲੈ ਕੇ ਪੁੱਛ ਪੜਤਾਲ ਦਾ ਬੀੜਾ ਚੁਕਿਆ ਹੈ। ਪਤਾ ਲੱਗਾ ਹੈ ਕਿ ਪੁੱਛ ਪੜਤਾਲ ਵਿਚ ਸਕੂਲ ਪ੍ਰਿੰਸੀਪਲ ਤੇ ਸਟਾਫ ਵਲੋਂ ਅਜਿਹੀ ਕੋਈ ਘਟਨਾ ਦੇ ਨਾ ਹੋਣ ਬਾਰੇ ਸਫਾਈ ਦੇ ਕੇ ਘਟਨਾ ਦੇ ਹੋਣ ਤੋਂ ਸਾਫ ਹੀ ਪੱਲਾ ਝਾੜ ਦਿੱਤਾ ਹੈ। ਦੂਜੇ ਪਾਸੇ ਲੜਕੀ ਨੂੰ ਪੜ੍ਹਾਈ ਵਿਚੇ ਹੀ ਛੱਡ ਕੇ ਸਕੂਲ ਛੱਡ ਜਾਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਪੁੱਛ ਪੜਤਾਲ ਰਪੋਟ ਦਾ ਕੀ ਨਤੀਜਾ ਰਿਹਾ, ਇਹ ਹਾਲੇ ਬਾਹਰ ਨਹੀ ਆ ਸਕਿਆ। ਉਂਜ ਟੌਹੜਾ ਸਕੂਲ ਦਾ ਸਾਰਾ ਸਟਾਫ ਹੀ ਬਦਲ ਦਿੱਤਾ ਗਿਆ ਦਸਿਆ ਗਿਆ ਹੈ। ਅਸੀਂ ਸਮਝਦੇ ਹਨ ਸਟਾਫ ਨੂੰ ਬਦਲਿਆ ਜਾਣਾ ਤਾਂ ਕੋਈ ਸਜ਼ਾ ਨਾ ਹੋਈ। ਸਜ਼ਾ ਤਾਂ ਤਦ ਹੁੰਦੀ ਜੇਕਰ ਉਨ੍ਹਾਂ ਵਿਰੁਧ ਅਨੁਸੂਚਿਤ ਜਾਤੀਆਂ ਜਨ ਜਾਤੀਆਂ ਲਈ Protection act ਅਧੀਨ ਕੇਸ ਦਰਜ ਕਰ ਕੇ ਉਸ ਦੀਆਂ ਵੱਖ ਵੱਖ ਸਬੰਧਤ ਧਾਰਾਵਾਂ ਅਨੁਸਾਰ ਕਾਰਵਾਈ ਹੁੰਦੀ।

ਉਪਰੰਤ ਕਈ ਰਾਜਨੀਤਕ ਜਥੇਬੰਦੀਆਂ ਤੇ ਸੁਹਿਰਦ ਰਾਜਨੀਤਕ ਲੋਕਾਂ ਨੇ ਬੱਚੀ ਵੀਰਪਾਲ ਕੌਰ ਤੇ ਉਸ ਦੇ ਮਾਪਿਆਂ ਦਾ ਦਰਦ ਦੁੱਖ ਸੁਨਣ ਦਾ ਯਤਨ ਕੀਤਾ।ਉਨ੍ਹਾਂ ਵਿਚੋਂ ਸ. ਬਲਵੰਤ ਸਿੰਘ ਰਾਮੂਵਾਲੀਆ ਜੋ ਉੱਤਰ ਪ੍ਰਦੇਸ਼ ਸਰਕਾਰ ਵਿਚ ਮੰਤਰੀ ਰਹਿ ਚੁੱਕੇ ਹਨ ਪ੍ਰਮੁੱਖ ਹਨ। ਉਨ੍ਹਾਂ ਨੇ ਬੱਚੀ ਦੇ ਮਾਪਿਆਂ ਪਾਸ ਉਨ੍ਹਾਂ ਦੇ ਘਰ ਵਿਚ ਜਾ ਕੇ ਉਨ੍ਹਾਂ ਦਾ ਤੇ ਬੇਟੀ ਦਾ ਦੁੱਖ ਦਰਦ ਸੁਣਿਆਂ। ਬਹੁਤ ਉਤਸ਼ਾਹ ਵਧਾਊ ਸਨ ਉਨ੍ਹਾਂ ਦੇ ਫੈਸਲੇ। ਬੱਚੀ ਨੂੰ ਮੁਫਤ ਵਿਦਿਆ ਤੇ ਵਿਦਿਆ ਪੂਰੀ ਕਰਨ ਉਪਰੰਤ ਨੌਕਰੀ ਦੇਣ ਤੱਕ ਦੀ ਪੇਸ਼ਕਸ਼ ਕਰ ਦਿੱਤੀ ਰਾਮੂਵਾਲੀਆ ਸਹਿਬ ਨੇ। ਇਸੇ ਤਰਾਂ ਹੀ ਆਮ ਆਦਮੀ ਪਾਰਟੀ ਦੇ ਕਾਰਕੁੰਨ ਵੀ ਸਾਹਮਣੇ ਲੜਕੀ ਦੇ ਪੱਖ ਵਿਚ ਉਸ ਪਿੰਡ ਵਿਚ ਤੇ ਸਕੂਲ ਵਿਚ ਵੀ ਗਏ। ਪੁੱਛ-ਗਿੱਛ ਤੇ ਕਿਹਾ ਸੁਣੀ ਬਾਅਦ ਉਨ੍ਹਾਂ ਦੇ ਵਾਪਿਸ ਆਉਣ ਸਮੇਂ ਸਕੂਲ ਬੱਚਿਆਂ ਵਲੋਂ ਉਨ੍ਹਾਂ ਦੀਆਂ ਗੱਡੀਆਂ ਰੋਕ ਲਈਆਂ ਗਈਆਂ ਦੱਸੀਆਂ ਗਈਆਂ ਹਨ। ਜ਼ਾਹਿਰ ਹੈ ਕਿ ਕਿਸੇ ਉਨ੍ਹਾਂ ਬਚਿਆਂ ਦੇ ਪਿੱਛੇ ਤਾਕਤ ਖੜੀ ਹੋਣ ਤੋਂ ਇਲਾਵਾ ਜੋ ਬੱਚਿਆਂ ਨੂੰ ਅਜਿਹਾ ਕਰਨ ਲਈ ਉਕਸਾ ਰਹੀ ਸੀ ਬੱਚਿਆਂ ਦਾ ਅਜਿਹੀ ਹਰਕਤ ਕਰਨ ਦਾ ਹੌਸਲਾ ਨਹੀਂ ਹੋ ਸਕਦਾ। ਅਜਿਹੇ ਹੱਥ ਕੰਡੇ ਅਪਨਾਏ ਗਏ ਉਸ ਲੜਕੀ ਨੂੰ ਜ਼ਲੀਲ ਕਰਨ ਲਈ ਸਕੂਲ ਪ੍ਰਬੰਧਕਾਂ ਵਲੋਂ ਜਿਸ ਨੇ ਆਪਣੇ ਸਾਥੀ ਬੱਚੇ ਨੂੰ ਆਪਣੇ ਪਰਚੇ ਤੋਂ ਨਕਲ ਨਹੀਂ ਕਰਨ ਦਿੱਤੀ। ਬਜਾਏ ਇਸ ਦੇ ਕਿ ਇਸ ਬੱਚੀ ਦੀ ਹੌਸਲਾ ਅਫਜ਼ਾਈ ਕੀਤੀ ਜਾਂਦੀ ਪ੍ਰੀਖਿਆ ਪਾਸ ਕਰਨ ਲਈ ਕਿਸੇ ਵਲੋਂ ਗ਼ਲਤ ਹੱਥ ਕੰਡੇ ਅਪਨਾਉਣ ਤੋਂ ਰੋਕਣ ਲਈ, ਉਲਟਾ ਉਸ ਬੱਚੀ ਨੂੰ ਹੀ ਪਰਿਵਾਰ ਸਮੇਤ ਸਜ਼ਾ ਚਾੜ੍ਹ ਦਿਤੀ ਜਿਵੇਂ ਕਿ ਉਸ ਨੇ ਕੋਈ ਬਹੁਤ ਹੀ ਘਿਨਾਉਣਾ ਜੁਰਮ ਕਰ ਦਿਤਾ ਹੋਵੇ।

ਹੈਰਾਨੀ ਦੀ ਗੱਲ ਇਹ ਹੈ ਕਿ ਸਕੂਲ ਦੇ ਅਧਿਆਪਕ ਅਮਲੇ ਵਲੋਂ ਵੀਰਪਾਲ ਕੌਰ ਨੂੰ ਤਰਾਂ ਤਰਾਂ ਦੇ ਮਿਹਣੇ ਤਾਨ੍ਹੇ ਦਿੱਤੇ ਗਏ, ਗਾ.ਲੀ ਗ.ਲੋਚ ਕੀਤਾ ਗਿਆ, ਗੱਲ ਕੀ ਹਰ ਤਰਾਂ ਨਾਲ ਉਸ ਨੂੰ ਸਕੂਲ ਛੱਡ ਜਾਣ ਲਈ ਮਜਬੂਰ ਕੀਤਾ ਗਿਆ। ਹੋਰ ਦੱਸਿਆ ਗਿਆ ਹੈ ਕਿ ਹਰ ਸਾਲ ਮੈਰਿਟ ਵਿਚ ਆਉਣ ਵਾਲੇ ਬੱਚਿਆਂ ਦਾ ਨਾਮ ਮੈਰਿਟ ਬੋਰਡ ਉਪਰ ਦਰਜ ਕੀਤਾ ਜਾਂਦਾ ਰਿਹਾ ਹੈ। ਪਰ ਵੀਰਪਾਲ ਕੌਰ ਕਿਉਂਕਿ ਇਕ ਦਲਿਤ ਪੱਛੜੇ ਪਰਿਵਾਰ ਦੀ ਕੁੜੀ ਸੀ ਇਸ ਲਈ ਇਸ ਦਾ ਨਾਮ ਮੈਰਿਟ ਬੋਰਡ ਉਤੇ ਨਹੀਂ ਚਾੜ੍ਹਿਆ ਗਿਆ। ਇਸ ਹੱਦ ਤੱਕ ਉਸ ਨਾਲ ਵਿਤਕਰਾ ਕੀਤਾ ਗਿਆ ਹੈ।ਹੋਰ ਹੈਰਾਨੀ ਇਸ ਗੱਲ ਦੀ ਹੈ ਕਿ ਦਲਿਤ ਪਛੜੇ ਫਿਰਕਿਆਂ ਨਾਲ ਸਬੰਧਤ ਸਕੂਲ ਦੇ ਅਧਿਆਪਕ ਵਰਗ ਨੇ ਵੀ ਵੀਰਪਾਲ ਕੌਰ ਤੇ ਉਸ ਦੇ ਪਰਿਵਾਰ ਨਾਲ ਖੜ੍ਹਨ ਦੀ ਜ਼ਹਿਮਤ ਨਹੀਂ ਉਠਾਈ।

ਇਸ ਇਕ ਛੋਟੀ ਜਿਹੀ ਘਟਨਾ ਨੂੰ ਲੈ ਕੇ ਜੱਟ ਤੇ ਸੀਰੀਆਂ ਕੰਮੀਆਂ ਦੀ ਸਦੀਆਂ ਦੀ ਆਪਸੀ ਸਾਂਝ ਕਿਸ ਤਰ੍ਹਾਂ ਤਾਰ ਤਾਰ ਹੋਈ। ਇਹ ਹੈਰਾਨੀ ਦੀ ਗੱਲ ਹੈ। ਇਕ ਸਮਾਂ ਸੀ ਕਿ ਜੱਟ ਜ਼ਿਮੀਦਾਰ ਆਪਣੇ ਕਾਮਿਆਂ ਸੀਰੀਆਂ ਦੇ ਬੱਚਿਆਂ ਦੇ ਵਿਆਹਾਂ ਸ਼ਾਦੀਆਂ ਵਿਚ ਆਪ ਜਾ ਕੇ ਚੰਗੀ ਸੁਹਣੀ ਵਰਣਨ ਯੋਗ ਸਹਾਇਤਾ ਕਰ ਜਾਇਆ ਕਰਦੇ ਸਨ ਤੇ ਕੰਮੀਂ ਸੀਰੀ ਨੂੰ ਵਿਆਹ ਕਰਨਾ ਭਾਰਾ ਨਹੀਂ ਜਾਪਦਾ ਹੁੰਦਾ ਸੀ। ਇਸੇ ਤਰ੍ਹਾਂ ਜਦ ਕੰਮੀਆਂ ਦੇ ਘਰਾਂ ਵਿਚ ਕੋਈ ਮਰਗ ਹੋ ਜਾਣੀ ਤਾਂ ਅਫਸੋਸ ਪ੍ਰਗਟ ਕਰਨ ਆਏ ਜੱਟ ਮਿੱਤਰਾਂ ਨੇ ਬਾਲਣ ਵਿਚ ਆਪ ਚੰਗਾ ਚੋਖਾ ਹਿੱਸਾ ਪਾ ਕੇ ਮ੍ਰਿਤਕ ਦੇ ਸਸਕਾਰ ਦਾ ਪ੍ਰਬੰਧ ਕਰਵਾ ਦੇਣਾ। ਅੱਜ ਦੀ ਘਟਨਾ ਤੋਂ ਪਤਾ ਲੱਗਦਾ ਹੈ ਕਿ ਇਹ ਸਮਾਜਿਕ ਸਾਂਝ ਦੀਆਂ ਤਾਰਾਂ ਸਮੇਂ ਦੀ ਮਾਰ ਨਾਲ ਢਿੱਲੀਆਂ ਪੈਂਦੀਆਂ ਜਾ ਰਹੀਆਂ ਹਨ ਅਤੇ ਸਮਾਜ ਉਤੇ ਜਾਤੀ ਵਾਦ ਆਪਣੇ ਭਿਆਨਕ ਰੂਪ ਵਿਚ ਉੱਭਰ ਰਿਹਾ ਹੈ।ਇਥੇ ਇਹ ਵੀ ਯਾਦ ਦਿਵਾ ਦੇਣਾ ਢੁਕਵਾਂ ਹੀ ਹੋਵੇਗਾ ਕਿ ਜੱਟ ਭਾਈਚਾਰਾ ਬੇਸ਼ੱਕ ਅੱਜ ਆਪਣੇ ਆਪ ਨੂੰ ਬ੍ਰਾਹਮਣਾਂ, ਠਾਕੁਰਾਂ, ਖੱਤਰੀਆਂ ਬਾਣੀਆਂ ਦੇ ਨਜ਼ਦੀਕ ਦੇਖ਼ਦਾ ਹੈ ਪਰ ਉਹ ਇਸ ਨੂੰ ਸ਼ੂਦਰ ਤੋਂ ਵੱਧ ਨਹੀਂ ਗਿਣਦੇ। ਮਨੂੰ ਸਿਮਰਤੀ ਤੇ ਹੋਰ ਹਿੰਦੂ ਗ੍ਰੰਥਾਂ ਵਿਚ ਥਾਂ ਪਰ ਥਾਂ ਪੰਜਾਬ ਦੇ ਜੱਟ ਨੂੰ ਸ਼ੂਦਰ ਦੱਸਿਆ ਹੋਇਆ ਦੱਸਿਆ ਜਾਂਦਾ ਹੈ। ਪਰ ਇਹ ਜਾਤੀ ਅੱਜ ਜ਼ਮੀਨ ਦੀ ਓਟ ਵਿਚ ਜਾਤ ਅਭਿਮਾਨ ਵਿਚ ਆਪਣੇ ਆਪ ਨੂੰ ਸਭ ਤੋਂ ਉੱਤੇ ਗਰਦਾਨ ਰਹੀ ਹੈ ਤੇ ਦਲਿਤ ਜਾਤੀਆਂ ਤੇ ਜ਼ੁਲਮ ਕਰਨ ਤੋਂ ਟ.ਲਦੀ ਨਹੀਂ ਹੈ।

ਇਕ ਸਮਾਂ ਸੀ।ਕਹਿ ਲਵੋ ਅੱਜ ਤੋਂ ਸੱਤਰ-ਪਝੱਤਰ ਸਾਲ ਪਹਿਲਾਂ ਦੀ ਗੱਲ ਹੈ। ਜਦ ਹਾਲੇ ਭਾਰਤ ਆਜ਼ਾਦ ਵੀ ਨਹੀਂ ਹੋਇਆ ਸੀ। ਮੈਂ ਆਪਣੇ ਸਮੇਂ ਦੀ ਗੱਲ ਕਰਦਾ ਹਾਂ ਜਦ ਮੈਂ ਸਕੂਲ ਜਾਣ ਲੱਗਾ ਸੀ ਓਦੋਂ ਵੀ ਛੂਆ ਛਾਤ ਸੀ ਪਰ ਉਸ ਦਾ ਭਿਆਨਕ ਰੂਪ ਅਸੀਂ ਬੱਚਿਆਂ ਨੇ ਨਾ ਦੇਖਿਆ ਨਾ ਸੁਣਿਆਂ ਸੀ। ਗੱਲ ਅਣਵੰਡੇ ਭਾਰਤ ਦੇ 1947 ਤੋਂ ਪਹਿਲਾਂ ਦੇ ਸਾਂਦਲ ਬਾਰ ਦੇ ਹਰੇ ਭਰੇ ਇਲਾਕੇ ਦੇ ਲਾਇਲ ਪੁਰ ਜ਼ਿਲੇ ਦੀ ਜੜ੍ਹਾਂਵਾਲਾ ਤਸੀਲ ਦੇ ਇਕ ਪਿੰਡ ਦੀ ਹੈ, ਜਿੱਥੇ ਮੈਂ ਜੰਮਿਆਂ ਪਲ਼ਿਆ ਤੇ ਕਿਸ਼ੋਰ ਅਵਸਥਾ ਅੱਧ-ਪਚੱਧੀ ਉਥੇ ਹੀ ਹੰਢਾਈ। ਪਹਿਲੀ ਜਮਾਤ ਵਿਚ ਪੜ੍ਹਨ ਲੱਗਾ ਸੀ ਮੈਂ। ਹਿੰਦੂ ਮਾਸਟਰ ਝਾਂਜੀ ਰਾਮ ਜੀ ਪਹਿਲੀ ਕਲਾਸ ਨੂੰ ਪੜ੍ਹਾਉਂਦੇ ਹੁੰਦੇ ਸਨ। 1946 ਦੀ ਗੱਲ ਹੈ। ਮੈਂ ਪੰਜਾਂ ਸਾਲਾਂ ਦਾ ਹੀ ਸਕੂਲ ਪੜ੍ਹਨ ਜਾਣ ਲੱਗ ਗਿਆ ਸੀ। ਮਾਸਟਰ ਜੀ ਮੈਨੂੰ ਪਹਿਲੀ ਕਤਾਰ ਵਿਚ ਸਭ ਤੋਂ ਅੱਗੇ ਬਿਠਾਇਆ ਕਰਦੇ ਸਨ। ਕੋਈ ਭਿੰਨ ਭੇਖ ਜਾਤੀ ਵਾਦ ਦਾ ਸੁਨਣ ਨੂੰ ਨਹੀਂ ਮਿਲਿਆ ਸੀ। ਹਿੰਦੁਸਤਾਨ ਵੰਡਿਆ ਗਿਆ। ਇਕ ਹਿੱਸਾ ਭਾਰਤ ਤੇ ਦੂਜਾ ਪਾਕਿਸਤਾਨ ਕਹਾਇਆ। ਮੈਂ ਭਾਰਤ ਆ ਕੇ ਆਪਣੇ ਪਿੰਡ ਦੇ ਨਾਲ ਦੇ ਸਕੂਲ ਦਾਖਲ ਹੋ ਗਿਆ। ਛੂਆ ਛਾਤ ਸੀ ਪਰ ਭਿਆਨਕਤਾ ਦੀ ਹੱਦ ਤੱਕ ਨਹੀਂ ਸੀ। 1949 ਵਿਚ ਹਾਲਾਤ ਦੇ ਮਾਰੇ ਮੇਰੇ ਮਾਂ ਬਾਪ ਨੂੰ ਅੱਜ ਦੇ ਮੋਗਾ ਜ਼ਿਲੇ ਦੇ ਪਿੰਡ ਦੌਧਰ ਸ਼ਿਫਟ ਕਰਨਾ ਪਿਆ। ਦੂਜੀ ਸ਼ਰੇਣੀ ਤੋਂ ਦਸਵੀਂ ਤੱਕ ਦੌਧਰ ਦੇ ਸਰਕਾਰੀ ਸਕੂਲ ਵਿਚ ਹੀ ਪੜ੍ਹਿਆ।ਸਕੂਲ ਵਿਚ ਮੂੰ ਦਾਖ਼ਲਾ ਬਿਨਾਂ ਸਰਟੀਫੀਕੇਟ ਤੋਂ ਦੂਜੀ ਸ਼ਰੇਣੀ ਵਿਚ ਦੌਧਰ ਪਿੰਡ ਦੇ ਬਾਪੂ ਜੀ ਦੇ ਹਿਤੈਸ਼ੀ ਦੋ ਸਿਰਕੱਢ ਜੱਟ ਸਰਦਾਰਾਂ ਨੇ ਮੇਰੇ ਤੇ ਬਾਪੂ ਜੀ ਦੇ ਨਾਲ ਜਾ ਕੇ ਹੀ ਦਿਵਾਇਆ ਸੀ। ਸਕਲ ਦਾ ਸਿਰਕੱਢ ਵਿਦਿਆਰਥੀ ਸੀ ਮੈਂ। ਚੌਥੀ ਜਮਾਤ ਵਿਚੋਂ ਤਸੀਲ ਪੱਧਰ ਦਾ ਪ੍ਰਾਇਮਰੀ ਦਾ ਵਜ਼ੀਫੇ ਦਾ ਇਮਤਿਹਾਨ ਪਾਸ ਕਰ ਕੇ ਵਜ਼ੀਫਾ ਵੀ ਲਿਆ ਸੀ ਜੋ ਚਾਰ ਸਾਲਾਂ ਲਈ ਪੰਜਵੀਂ ਤੋਂ ਅੱਠਵੀਂ ਤੱਕ 4 ਰੁਪਏ ਮਹੀਨੇ ਦੇ ਹਿਸਾਬ ਨਾਲ ਮਿਲਦਾ ਰਿਹਾ ਸੀ। ਦੂਜੀ ਤੋਂ ਚੌਥੀ ਤੱਕ ਮੈਨੂੰ ਪੜ੍ਹਾਉਣ ਵਾਲੇ ਮੇਰੇ ਮਾਸਟਰ ਜੀ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਇਕ ਅੰਮ੍ਰਿਤਧਾਰੀ ਸਿੱਖ ਸਨ ਜੋ ਮੇਰਾ ਬਹੁਤ ਹੀ ਖਿਆਲ ਰੱਖਦੇ ਹੁੰਦੇ ਸਨ। ਵਜ਼ੀਫੇ ਦੀ ਤਿਆਰੀ ਨਾਲ ਸਬੰਧਤ ਉਹ ਮੈਨੂੰ ਹਿਸਾਬ ਦੀਆਂ ਵਿਸ਼ੇਸ਼ ਕਿਤਾਬਾਂ ਵੀ ਲਿਆ ਕੇ ਦਿੰਦੇ ਰਹੇ ਸਨ। ਮਾਰਚ,1958 ਵਿਚ ਵਧੀਆ ਨੰਬਰਾਂ ਤੇ ਦਸਵੀਂ ਜਮਾਤ ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤੀ। ਇਸ ਸਾਰੇ ਅਰਸੇ ਦੌਰਾਨ ਚੰਗੇ ਚੰਗੇ ਖਾਂਦੇ ਪੀਂਦੇ ਜੱਟ ਪਰਿਵਾਰਾਂ ਦੇ ਜੱਟ ਅਧਿਆਪਕਾਂ ਨੇ ਮੈਨੂੰ ਪੜ੍ਹਾਇਆ। ਕਦੇ ਇਕ ਵਾਰੀ ਵੀ ਕਿਸੇ ਅਧਿਆਪਕ ਦੇ ਦਿਲ ਦਿਮਾਗ਼ ਵਿਚ ਇਹ ਨਹੀਂ ਆਇਆ ਸੀ ਕਿ ਮੈਂ ਇਕ ਦਲਿਤ ਸ਼ਰੇਣੀ ਨਾਲ ਸਬੰਧਤ ਵਿਦਿਆਰਥੀ ਹਾਂ। ਕੇਵਲ ਤਿੰਨ ਹਿੰਦੂ ਅਧਿਆਪਕ ਮੇਰੇ ਸਮੇਂ ਵਿਚ ਮੈਨੂੰ ਪੜ੍ਹਾਉਂਦੇ ਰਹੇ। ਉਨ੍ਹਾਂ ਦੇ ਵੀ ਕਦੇ ਦਿਲ ਵਿਚ ਮੇਰੇ ਦਲਿਤ ਹੋਣ ਦਾ ਸਵਾਲ ਨਾ ਪੈਦਾ ਹੋਇਆ।

ਮੈਂ ਦੇਖਦਾ ਹਾਂ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਵੀ ਮੈਂ ਪੜ੍ਹਦਾ ਸੀ ਤੇ ਉਸ ਤੋਂ ਮਗਰੋਂ ਸੰਵਿਧਾਨ ਲਾਗੂ ਹੋਣ ਤੇ ਵੀ ਉਸੇ ਰੌਂ ਰਵਾਇਤ ਵਿਚ ਪੜ੍ਹਦਾ ਰਿਹਾ ਪਰ ਜਾਤੀ ਵਾਦ ਕਦੇ ਮੇਰੇ ਰਸਤੇ ਵਿਚ ਨਾ ਆਇਆ। ਇਥੇ ਮੈਂ ਇਹ ਗੱਲ ਹੋਰ ਸਪਸ਼ਟ ਕਰਨੀ ਚਾਹੁੰਦਾ ਹਾਂ ਕਿ ਮੈਂ ਪੂਰੀ ਦੀ ਪੂਰੀ 46 ਬੱਚਿਆਂ ਦੀ ਕਲਾਸ ਵਿਚ ਇਕੱਲਾ ਦਲਿਤ ਸ਼ੂਦਰ ਵਿਦਿਆਰਥੀ ਸੀ ।ਦੋ ਤਿੰਨ ਮੁੰਡੇ ਤਰਖਾਣਾ ਦੇ ਤੇ ਇਕ ਮਰਾਸੀ ਮੁਸਲਮਾਨਾਂ ਦਾ ਮੁੰਡਾ ਤਾਂ ਸਨ ਪਰ ਦਲਿਤਾਂ ਵਿਚੋ ਮੈਂ ਇਕੱਲਾ ਹੀ ਸੀ। ਫਿਰ ਵੀ ਕਦੇ ਨਾ ਕਿਸੇ ਮੁੰਡੇ ਦੇ ਤੇ ਨਾ ਕਿਸੇ ਮਾਸਟਰ ਜੀ ਦੇ ਦਿਲ ਦਿਮਾਗ਼ ਵਿਚ ਮੇਰੇ ਨਾਲ ਵਿਤਕਰਾ ਕਰਨ ਦਾ ਸਵਾਲ ਪੈਦਾ ਹੋਇਆ। ਅਸੀਂ ਗੁਰਦਵਾਰੇ ਵੀ ਜਾਂਦੇ ਹੁੰਦੇ ਸਾਂ ਤੇ ਗੁਰੂ ਸਾਹਿਬਾਨ ਦੇ ਜਨਮ ਦਿਹਾੜਿਆਂ ਤੇ ਸਜਾਏ ਗਏ ਨਗਰ ਕੀਰਤਨਾਂ ਵਿਚ ਵੀ ਹਿੱਸਾ ਲੈਂਦੇ ਰਹੇ ਸਾਂ ਪਰ ਕਦੇ ਕਿਸੇ ਨੇ ਅੱਜ ਵਰਗਾ ਵਿਤਕਰਾ ਵਰਤਾਵਾ ਨਾ ਦਿਖਾਇਆ। ਹਾਂ, ਮੇਰੇ ਬਾਪੂ ਜੀ ਤੋਂ ਪਹਿਲੀ ਪੀੜ੍ਹੀ ਦੇ ਲੋਕ ਜੋ ਹਾਲੇ ਤੱਕ ਜੀਵਿਤ ਬੈਠੇ ਸਨ ਕੁਝ ਨਾ ਕੁਝ ਭਿੰਨ ਭੇਖ਼ ਜ਼ਰੂਰ ਰੱਖਦੇ ਸਨ ਪਰ ਉਹ ਵੀ ਬਹੁਤਾ ਪੀੜਾਦਾਇਕ ਨਹੀਂ ਹੁੰਦਾ ਸੀ।

ਇਥੇ ਮੈਂ ਇਕ ਹੋਰ ਸਪਸ਼ਟੀਕਰਨ ਦੇਣਾ ਚਾਹੁੰਦਾ ਹਾਂ ਕਿ ਮੇਰੇ ਮਾਂ ਬਾਪ ਕਦੇ ਵੀ ਦਲਿਤਾਂ ਦੀ ਚਮਾਰਲੀ ਵਿਚ ਨਾ ਰਹੇ। ਉਨ੍ਹਾਂ ਦਾ ਵਸੇਬਾ ਸਦਾ ਹੀ ਜੱਟ ਸਿੱਖਾਂ ਆਦਿ ਵਿਚ ਹੀ ਰਿਹਾ। ਪਰ ਕਦੇ ਵੀ ਕਿਸੇ ਨੇ ਸਾਨੂੰ ਜਾਤੀ ਪੀੜਾ ਦਾ ਸ਼ਿਕਾਰ ਨਾ ਬਣਾਇਆ। ਉਹ ਸਾਨੂੰ ਆਪਣੇ ਵਿਆਹਾਂ ਸ਼ਾਦੀਆਂ ਵਿਚ ਬਰਾਬਰ ਸ਼ਾਮਲ ਹੋਣ ਦੇ ਮੌਕੇ ਵਾਹ ਲੱਗਦੀ ਦਿੰਦੇ ਸਨ। ਅੱਜ ਬੇਟੀ ਵੀਰਪਾਲ ਕੌਰ ਦੀ ਘਟਨਾ ਰਹਿ ਰਹਿ ਕੇ ਦਿਲੋ ਦਿਮਾਗ਼ ਤੇ ਛਾ ਰਹੀ ਹੈ। ਮੇਰੇ ਜੱਟ ਵੀਰ ਸ਼ਾਇਦ ਇਤਿਹਾਸ ਨੂੰ ਭੱਲ ਗਏ ਹਨ ਕਿ ਸਿੱਖ ਲਹਿਰ ਦੀ ਸ਼ੁਰੂਆਤ ਇਨ੍ਹਾਂ ਦਲਿਤ ਸ਼ੂਦਰ ਸਮਾਜ ਨਾਲ ਸਬੰਧਤ ਲੋਕਾਂ ਸੰਤ ਸਤਿਗੁਰਾਂ ਤੋਂ ਹੀ ਸ਼ੁਰੂ ਹੁੰਦੀ ਹੈ। ਸੰਤ ਸਤਿਗੁਰੂ ਨਾਮਦੇਵ, ਸੰਤ ਕਬੀਰ, ਰਵਿਦਾਸ, ਸੈਣ ਇਨ੍ਹਾਂ ਫਿਰਕਿਆਂ ਨਾਲ ਹੀ ਸਬੰਧਤ ਸਨ। ਇਸੇ ਹੀ ਲਹਿਰ ਨੂੰ ਮਗਰੋਂ ਜਾ ਕੇ ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਦੇਵ ਖੱਤਰੀ ਨੇ ਫੜਿਆ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਸੋਢੀ ਖੱਤਰੀ ਨੇ 1 ਅਪ੍ਰੈਲ 1699 ਦੇ ਵਿਸਾਖੀ ਵਾਲੇ ਦਿਨ ਇਨ੍ਹਾਂ ਫਿਰਕਿਆਂ ਦੇ ਪੰਜ ਦਲਿਤ ਸੂਰਬੀਰ ਸੂਰਮਿਆਂ ਦੀਆਂ ਬਲੀਆਂ ਮੰਗ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਭੇਡਾਂ ਤੋਂ ਸ਼ੇਰ ਬਣਾ ਕੇ ਸਿਰੇ ਚਾੜ੍ਹਿਆ। ਉਪਰੰਤ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬੀਰ ਸਿੰਘ ਮਜ਼੍ਹਬੀ ਸਿੱਖ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਜੱਸਾ ਸਿੰਘ ਆਹਲੂਵਾਲੀਆ ਬਾਣਬੱਟ ਕਲਾਲ, ਮਹਾਰਾਜਾ ਰਣਜੀਤ ਸਿੰਘ ਜੀ ਸਾਂਸੀ ਨੇ ਇਤਿਹਾਸ ਸਿਰਜ ਕੇ ਸਿੱਖ ਧਰਮ ਨੂੰ ਚਾਰ ਚੰਨ ਲਾਏ।ਇਨ੍ਹਾਂ ਵਿਚ ਜੱਟ ਕੌਣ ਸੀ?

ਪੂਰੇ ਦਾ ਪੂਰਾ ਸਿੱਖ ਇਤਿਹਾਸ ਚੂੜ੍ਹੇ ਚਮਾਰ ਮਜ਼੍ਹਬੀ ਸਿਖ ਰਮਦਾਸੀਆ ਆਦਿ ਧਰਮੀ ਆਦਿ ਜਾਤੀਆਂ ਦੀਆਂ ਬਹਾਦਰੀਆਂ ਨਾ ਭਰਿਆ ਪਿਆ ਹੈ। ਜੇਕਰ ਅੱਜ ਦਲਿਤ ਲੋਕ ਸਿੱਖਾਂ ਵਿਚੋਂ ਹਾਸ਼ੀਏ ਤੇ ਧੱਕੇ ਗਏ ਹਨ ਤਾਂ ਇਸ ਸਾਰੇ ਲਈ ਜੇਕਰ ਕੋਈ ਜ਼ਿੰਮੇਵਾਰ ਹੈ ਤਾਂ ਉਹ ਪੰਜਾਬ ਦੇ ਪੇਂਡੂ ਜੱਟ ਲੋਕ ਜਾਂ ਸ਼ਹਿਰਾਂ ਦੇ ਅਰੋੜੇ ਖੱਤਰੀ ਲੋਕ ਹਨ ਜਿਨ੍ਹਾਂ ਦੀ ਦਲਿਤਾਂ ਨਾਲ ਭਿਆ.ਲੀ ਬਣਦੀ ਨਹੀਂ ਹੈ। ਹਾਂ, ਹਨ ਕਈ ਸੁਹਿਰਦ ਜੱਟ ਟਾਂਵੇਂ ਟਾਂਵੇਂ ਜਿਨ੍ਹਾਂ ਨੇ ਸਾਡੇ ਦਲਿਤ ਲੋਕਾਂ ਨਾਲ ਇਸ ਘਟਨਾ ਤੇ ਵੀ ਹਾਅ ਦਾ ਨਾਰਾ ਮਾਰਿਆ ਹੈ ਤੇ ਅੱਗੇ ਵੀ ਮਾਰਦੇ ਰਹੇ ਹਨ। ਪਰ ਹਨ ਇਹ ਬਹੁਤ ਥੋੜ੍ਹੇ।

ਅੱਜ ਭਾਰਤ ਵਿਚ ਇਕ ਧਰਮ ਨਿਰਪੱਖ ਸੰਵਿਧਾਨ ਲਾਗੂ ਹੈ।ਮੈਂ ਮਹਿਸੂਸ ਕਰਦਾ ਹਾਂ ਕਿ ਧਰਮ ਨਿਰਪੱਖ ਸੰਵਿਧਾਨ ਲਾਗੂ ਹੋਣ ਤੋਂ ਅਸੀਂ ਪਹਿਲਾਂ ਬਹੁਤ ਚੰਗੇ ਸੀ ਜਦ ਹਾਲੇ ਦੇਸ਼ ਵੰਡ ਹੋਈ ਨਹੀਂ ਸੀ ਤੇ ਅਸੀਂ ਅਜ਼ਾਦ ਵੀ ਨਹੀਂ ਸੀ ਘਟੋ ਘੱਟ ਹੁਣ ਸਾਨੂੰ ਉਹ ਗ਼ੁਲਾਮੀ ਵਾਲੇ ਦਿਨ ਤਾਂ ਯਾਦ ਨਾ ਕਰਵਾਏ ਜਾਣ। ਇਸ ਲਈ ਭਾਰਤੀ ਸੰਵਿਧਾਨ ਦੀ ਕਦਰ ਕਰੋ ਇਹ ਇਕ ਬਹੁਤ ਹੀ ਕੀਮਤੀ ਦਸਤਾਵੇਜ਼ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਦੀ ਨਿਰਪੱਖਤਾ ਤੇ ਆਂਚ ਨਾ ਆਉਣ ਦਿਓ ਮੇਰੇ ਜੱਟ ਵੀਰੋ ਮਿੱਤਰੋ। ਇਹ ਸਮਾਜ ਦੀਆਂ ਤਿੜਕਦੀਆਂ ਤੰਦਾਂ ਨੂੰ ਜੇਕਰ ਤਿੜਕਣ ਤੋਂ ਇਥੇ ਹੀ ਨਾ ਰੋਕਿਆ ਗਿਆ ਤਾਂ ਇਸ ਦੇ ਬੜੇ ਗੰਭੀਰ ਸਿੱਟੇ ਨਿਕਲ ਸਕਦੇ ਹਨ ਜੋ ਸਾਨੂੰ ਪੂਰੇ ਦੇ ਪੂਰੇ ਸਿੱਖ ਸਮਾਜ ਨੂੰ ਪਤਾ ਨਹੀਂ ਕਿਥੇ ਜਾ ਸੁੱਟਣਗੇ। ਇਸ ਲਈ ਬਹੁਤ ਛੋਟੀਆਂ ਗੱਲਾਂ ਨੂੰ ਛੋਟੀਆਂ ਹੀ ਰਹਿਣ ਦਿਆ ਕਰੋ। ਨਕਲ ਕੀ ਹੁੰਦੀ ਹੈ। ਇਹ ਸਾਡੇ ਸਕੂਲਾਂ ਵਿਚ ਇਕ ਸਮਾਜਿਕ ਕੋਹੜ ਪੈਦਾ ਹੋ ਗਿਆ ਹੈ ਜੋ ਬੱਚਿਆਂ ਦੀ ਅਸਲ ਲਿਆਕਤ ਨੂੰ ਸਾਹਮਣੇ ਆਉਣ ਤੋਂ ਰੋਕ ਰਿਹਾ ਹੈ ਤੇ ਸਰਕਾਰ ਦੇ ਲੱਖ ਯਤਨ ਕਰਨ ਦੇ ਬਾਵਜੂਦ ਵੀ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਆਓ! ਇਸ ਨੂੰ ਰੋਕਣ ਵਿਚ ਯੋਗਦਾਨ ਪਾਈਏ ਤੇ ਵੀਰਪਾਲ ਕੌਰ ਤੇ ਇਹੋ ਜਿਹਿਆਂ ਹੀ ਹੋਰ ਕਾਬਲ ਲਾਇਕ ਬੱਚਿਆਂ ਦੀ ਨਿਰਵਿਘਨ ਨਕਲ ਰਹਿਤ ਪੜ੍ਹਾਈ ਪੂਰੀ ਕਰਨ ਵਿਚ ਜਾਤਾਂ ਬਰਾਦਰੀਆਂ ਦੀਆਂ ਵਲਗਣਾਂ ਤੋਂ ਉਪਰ ਉੱਠ ਕੇ ਭਰਪੂਰ ਯੋਗਦਾਨ ਪਾਈਏ। ਆਓ! ਪੰਜਾਬ ਦਾ ਨਵਾਂ ਵਿਤਕਰੇ ਰਹਿਤ ਇਤਿਹਾਸ ਸਿਰਜੀਏ।

# ਕੈਕਟਸ ਤੇ ਖਿੜਿਆ ਫੁੱਲ : ਡਾ. ਅਮਰਜੀਤ ਕੌਂਕੇ

**(ਸਫਾ 19 ਦੀ ਬਾਕੀ)**

ਕੱਤੀ ਹੈ ਉਸਦੀ ਕੱਤਣੀ 'ਚ ਹਰ ਰੰਗ ਦੀ ਪੂਣੀ ਮੌਜੂਦ ਰਹੀ ਹੈ। ਹੜ ਆਉਣ ਤੇ ਉਹ ਮਹਿਸੂਸ ਕਰਦਾ ਹੈ ਕਾਸ਼ ! ਉਸਦੀਆਂ ਸਾਰੀਆਂ ਕਵਿਤਾਵਾਂ ਜੋੜ ਕੇ ਇੱਕ ਪੁਲ ਬਣ ਜਾਦਾ ਜੋ ਦਰਿਆ ਨੂੰ ਟੁੱਟਣ ਤੋਂ ਰੋਕ ਸਕਦਾ। ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਵਿਚ ਦੂਰ ਰਹਿ ਗਏ ਪਿੰਡ ਦੇ ਅਨੇਕ ਵੇਰਵੇ ਦੇਖਣ ਨੂੰ ਮਿਲਦੇ ਹਨ। ਉਹ ਆਪਣੀਆਂ ਜੜਾਂ ਨਾਲ ਜੁੜਿਆ ਹੋਇਆ ਕਵੀ ਹੈ। ਉਹ ਆਪਣੇ ਪਿੰਡ ਨੂੰ ਪਿੰਡ ਦੇ ਲੋਕਾਂ ਨੂੰ, ਰਿਸ਼ਤਿਆਂ ਨੂੰ, ਦੂਰ ਰਹਿ ਗਏ ਘਰ ਨੂੰ, ਭੁਰਦੀਆਂ ਕੰਧਾਂ ਨੂੰ ਸ਼ਿਦਤ ਨਾਲ ਯਾਦ ਕਰਦਾ ਹੈ। ਜਦੋਂ ਰੋਟੀ ਰੋਜ਼ੀ ਦੀ ਲਈ ਉਨਾਂ ਨੂੰ ਪਿੰਡ ਛੱਡਣਾ ਪਿਆ ਤੇ ਪਿੰਡ ਦਾ ਘਰ ਤੇ ਸਮਾਨ ਵੇਚਣਾ ਪੈਂਦਾ ਹੈ ਤਾਂ ਉਹ ਇਹ ਦਰਦ ਬੜੀ ਸ਼ਿਦਤ ਨਾਲ ਆਪਣੀਆਂ ਕਵਿਤਾਵਾਂ ਦੁਆਰਾ ਪਾਠਕਾਂ ਨਾਲ ਵੀ ਸਾਂਝਾ ਕਰਦਾ ਹੈ।

ਪਿੰਡ ਨਹੀਂ ਵਿਕ ਰਿਹਾ
ਪਿੰਡ ਦੇ ਬਹਾਨੇ ਮੇਰੇ ਪੁਰਖੇ ਵਿਕ ਰਹੇ ਨੇ
ਪੁਰਖਿਆਂ ਬਹਾਨੇ ਮੇਰੇ ਸੰਸਕਾਰ ਵਿਕ ਰਹੇ ਨੇ
ਇਸ ਧਰਤੀ ਤੋਂ ਤੁਰ ਗਏ
ਮੇਰੇ ਪਿਤਰਾਂ ਦੇ ਪਰਿਵਾਰ ਵਿਕ ਰਹੇ ਨੇ

ਉਸਦੀ ਨਵੀਂ ਛਪੀ ਕਿਤਾਬ, 'ਪਿਆਸ' ਵਿਚ ਅਨੇਕ ਵਿਸ਼ਿਆਂ ਨਾਲ ਸੰਬੰਧਿਤ ਕਵਿਤਾਵਾਂ ਹਨ। ਇਸ ਪੁਸਤਕ ਨੂੰ ਸਾਲ ਦੀ ਸਭ ਤੋਂ ਸਰਵੋਤਮ ਪੁਸਤਕ ਵਜੋਂ ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੁਰਸਕਾਰ' ਨਾਲ ਵੀ ਸਨਮਾਨਿਤ ਕੀਤਾ ਗਿਆ ਹੈ। ਇਸ ਕਿਤਾਬ ਵਿਚ ਮਾਂ ਬਾਰੇ ਸੱਤ ਕਵਿਤਾਵਾਂ ਹਰ ਪਾਠਕ ਦੀ ਅੱਖ ਨਮ ਕਰਦੀਆਂ ਹਨ। ਮਾਂ ਦੇ ਮਰਨ ਤੋਂ ਬਾਅਦ ਉਸਨੂੰ ਲਗਦਾ ਹੈ ਕਿ ਉਸਦੇ ਸਿਰੋਂ ਛਾਂ ਮੁੱਕ ਗਈ ਹੈ, ਹੁਣ ਉਸਦੀ ਉਡੀਕ ਕਰਨ ਵਾਲਾ ਕੋਈ ਨਹੀਂ। ਉਸਦਾ ਦੁੱਖ ਸੁਣਨ ਵਾਲਾ ਕੋਈ ਨਹੀਂ ਰਿਹਾ। ਮੇਰੀ ਆਪਣੀ ਮਾਂ ਨਾ ਹੋਣ ਕਾਰਨ ਅਤੇ ਇਹ ਮੇਰਾ ਨਿਜੀ ਅਨੁਭਵ ਹੋਣ ਕਰਕੇ ਮੈਨੂੰ ਇਹ ਕਵਿਤਾਵਾਂ ਆਪਣੇ ਬਹੁਤ ਨੇੜੇ ਮਹਿਸੂਸ ਹੁੰਦੀਆਂ ਹਨ.ਅਮਰਜੀਤ ਕੌਂਕੇ ਨੇ ਆਪਣੀਆਂ ਕਵਿਤਾਵਾਂ ਵਿਚ ਨਾਰੀ-ਵੇਦਨਾ, ਸਮਾਜਿਕ ਕੁਰੀਤੀਆਂ, ਵਿਸ਼ਵੀਕਰਨ ਕਾਰਨ ਖੰਡਿਤ ਹੋ ਰਹੇ ਮਨੁੱਖ, ਮੁਹੱਬਤ ਦੇ ਸੰਜੋਗ ਵਿਯੋਗ ਅਤੇ ਮਿਹਨਤਕਸ਼ ਲੋਕਾਂ ਦੇ ਸੰਘਰਸ਼ ਦੀ ਗਲ ਕੀਤੀ ਹੈ।

ਅਮਰਜੀਤ ਕੌਂਕੇ ਨੇ ਹੁਣ ਤੱਕ 7 ਪੰਜਾਬੀ ਕਾਵਿ- ਸੰਗ੍ਰਹਿ ਦਾਇਰਿਆਂ ਦੀ ਕਬਰ 'ਚੋਂ, ਨਿਰਵਾਣ ਦੀ ਤਲਾਸ਼ 'ਚ, ਦਵੰਦ ਕਥਾ, ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਨ, ਅਤੇ ਪਿਆਸ, ਤਿੰਨ ਹਿੰਦੀ ਕਾਵਿ ਸੰਗ੍ਰਹਿ ਵਿਚ ਤੇ ਪੰਜ ਪੁਸਤਕਾਂ ਬੱਚਿਆਂ ਲਈ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ ਜਿਹਨਾਂ ਵਿਚ 'ਕੁੱਕੜੂੰ ਘੜੂੰ', 'ਕੁੜੀਆਂ ਚਿੜੀਆਂ', 'ਵਾਤਾਵਰਣ ਬਚਾਅ', 'ਲੱਕੜ ਦੀ ਕੁੜੀ','ਮਖਮਲ ਦੇ ਪੱਤੇ' ਸ਼ਾਮਿਲ ਹਨ। 'ਵਾਤਾਵਰਣ ਬਚਾਅ' ਪੁਸਤਕ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਵੀਹ ਹਜ਼ਾਰ ਤੋਂ ਵੱਧ ਕਾਪੀਆਂ ਛਾਪ ਕੇ ਪੰਜਾਬ ਦੇ ਸਕੂਲਾਂ ਵਿਚ ਮੁਫ਼ਤ ਭੇਜਿਆ ਗਿਆ ਹੈ ਤਾਕਿ ਬੱਚਿਆਂ ਦੇ ਵਿਚ ਵਾਤਾਵਰਣ ਸੰਬੰਧੀ ਚੇਤਨਤਾ ਦਾ ਪ੍ਰਸਾਰ ਕੀਤਾ ਜਾ ਸਕੇ। ਅਮਰਜੀਤ ਕੌਂਕੇ ਨੇ ਹਿੰਦੀ ਤੋਂ ਪੰਜਾਬੀ ਵਿੱਚ ਅਤੇ ਪੰਜਾਬੀ ਤੋਂ ਹਿੰਦੀ ਵਿਚ ਪੱਚੀ ਦੇ ਕਰੀਬ ਪੁਸਤਕਾਂ ਦਾ ਅਨੁਵਾਦ ਅਤੇ ਕਈ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਹੈ।

ਆਲੋਚਨਾ ਵਿਚ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਥੀਮਿਕ ਅਧਿਐਨ ਅਤੇ 1960 ਤੋਂ ਬਾਅਦ ਦੀ ਹਿੰਦੀ ਪੰਜਾਬੀ ਕਵਿਤਾ ਦਾ ਤੁਲਨਾਤਮਕ ਅਧਿਐਨ ਤੇ ਥੀਸਸ ਲਿਖੇ ਹਨ। ਅਮਰਜੀਤ ਕੌਂਕੇ ਦੀਆਂ ਕਵਿਤਾ ਪੁਸਤਕਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਮੋਹਨ ਸਿੰਘ ਮਾਹਿਰ ਪੁਰਸਕਾਰ, ਭਾਸ਼ਾ ਵਿਭਾਗ ਵੱਲੋਂ ਗਿਆਨੀ ਸੰਤ ਸਿੰਘ ਪੁਰਸਕਾਰ, ਗੁਰਮੁੱਖ ਸਿੰਘ ਮੁਸਾਫਿਰ ਪੁਰਸਕਾਰ, ਇਆਪਾ ਕੈਨੇਡਾ ਪੁਰਸਕਾਰ, 1998 ਸਾਹਿਤ ਦੇ ਖੇਤਰ ਵਿਚ ਸਮੁੱਚੀ ਦੇਣ ਲਈ, ਲਾਭ ਸਿੰਘ ਚਾਤ੍ਰਿਕ ਪੁਰਸਕਾਰ, ਕਪੂਰ ਸਿੰਘ ਆਈ.ਸੀ.ਐਸ. ਪੁਰਸਕਾਰ, ਨਿਰੰਜਨ ਸਿੰਘ ਨੂਰ ਪੁਰਸਕਾਰ, ਭਾਰਤ ਸਰਕਾਰ ਵੱਲੋਂ ਰਿਸਰਚ ਫੈਲੋਸ਼ਿਪ ਅਤੇ ਹੋਰ ਅਨੇਕ ਇਨਾਮ ਸਨਮਾਨਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਦਸ ਤੋਂ ਵੱਧ ਵਿਦਿਆਰਥੀਆਂ ਨੇ ਅਮਰਜੀਤ ਦੀ ਕਵਿਤਾ ਉਪਰ ਐਮ.ਫਿਲ. ਅਤੇ ਪੀ. ਐਚ ਡੀ. ਲਈ ਖੋਜ ਕਾਰਜ ਵੀ ਕੀਤਾ ਅਤੇ ਹੁਣ ਵੀ ਕਰ ਰਹੇ ਹਨ। ਉਸ ਦੀ ਕਵਿਤਾ ਸੰਬੰਧੀ ਆਲੋਚਨਾ ਦੀਆਂ ਛੇ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ਜਿਹਨਾਂ ਵਿਚ ਡਾ.ਆਤਮ ਰੰਧਾਵਾ ਵੱਲੋਂ ਸੰਪਾਦਿਤ 'ਅਮਰਜੀਤ ਕੌਂਕੇ ਕਾਵਿ: ਸਿਰਜਣਾ ਤੇ ਸੰਵਾਦ', ਡਾ. ਲਖਵਿੰਦਰ ਜੀਤ ਕੌਰ ਦੁਆਰਾ ਸੰਪਾਦਿਤ 'ਅਮਰਜੀਤ ਕੌਂਕੇ ਦਾ ਕਾਵਿ ਪੈਰਾਡਾਈਮ', ਹਰਵਿੰਦਰ ਢਿਲੋਂ ਦੀ 'ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ', ਡਾ. ਬਲਜੀਤ ਸਿੰਘ ਅਤੇ ਡਾ. ਮੁਖਤਿਆਰ ਸਿੰਘ ਦੁਆਰਾ ਸੰਪਾਦਿਤ 'ਅਮਰਜੀਤ ਕੌਂਕੇ ਕਾਵਿ : ਚਿੰਤਨ ਤੇ ਸਮੀਖਿਆ' ਡਾ. ਭੁਪਿੰਦਰ ਕੌਰ ਅਤੇ ਸੋਨੀਆ ਵੱਲੋਂ ਸੰਪਾਦਿਤ 'ਅਮਰਜੀਤ ਕੌਂਕੇ ਕਾਵਿ : ਪੰਧ ਤੇ ਪ੍ਰਬੰਧ', ਅਤੇ ਡਾ. ਸੰਦੀਪ ਕੌਰ ਅਤੇ ਰਮਨਦੀਪ ਕੌਰ ਦੁਆਰਾ ਸੰਪਾਦਿਤ 'ਅਮਰਜੀਤ ਕੌਂਕੇ ਦੀ ਕਵਿਤਾ : ਸਵੈ ਚੇਤਨਾ ਤੋਂ ਯੁੱਗ ਚੇਤਨਾ ਤੱਕ' ਸ਼ਾਮਿਲ ਹਨ ।

ਇਹਨਾਂ ਪੁਸਤਕਾਂ ਵਿਚ ਦਰਜਨਾਂ ਵਿਦਵਾਨਾਂ ਦੇ ਲੇਖ ਅਮਰਜੀਤ ਕੌਂਕੇ ਦੀ ਕਵਿਤਾ ਵਿਚਲੀਆਂ ਵਿਭਿੰਨ ਪ੍ਰਵਿਰਤੀਆਂ ਸੰਬੰਧੀ ਸੰਵਾਦ ਸਿਰਜਦੇ ਹਨ।

ਅੱਜ ਕੱਲ ਅਮਰਜੀਤ ਕੌਂਕੇ ਆਪਣੀਆਂ ਸਮਾਜਿਕ, ਪਰਵਾਰਿਕ ਜਿੰਮੇਵਾਰੀਆਂ ਨਿਭਾਉਂਦਾ ਜਿਥੇ ਅਧਿਆਪਨ ਕਾਰਜ ਨਾਲ ਜੁੜ ਕੇ ਵਿਦਿਆਰਥੀਆਂ ਵਿਚ ਵਿਦਿਆ ਦਾ ਪਾਸਾਰ ਕਰ ਰਿਹਾ ਹੈ ਉਥੇ ਪਿਛਲੇ ਤੇਰਾਂ ਸਾਲ ਤੋਂ ਉਹ ਤ੍ਰੈਮਾਸਿਕ ਮੈਗਜ਼ੀਨ 'ਪ੍ਰਤਿਮਾਨ' ਦਾ ਨਿਰੰਤਰ ਪ੍ਰਕਾਸ਼ਨ ਕਰ ਰਿਹਾ ਹੈ ਜਿਸ ਵਿਚ ਹਰ ਵਾਰ ਨਵੇਂ ਪੁਰਾਣੇ ਲੇਖਕਾਂ ਅਤੇ ਆਲੋਚਕਾਂ, ਖੋਜਾਰਥੀਆਂ ਦੀਆਂ ਰਚਨਾਵਾਂ ਵੇਖਣ ਨੂੰ ਮਿਲਦੀਆਂ ਹਨ। ਇਹ ਮੈਗਜ਼ੀਨ ਬਹੁਤ ਸਾਰੇ ਨਵੇਂ ਲੇਖਕਾਂ, ਆਲੋਚਕਾਂ ਨੂੰ ਉਹਨਾਂ ਦੀ ਸਥਾਪਤੀ ਲਈ ਮੰਚ ਮੁਹਈਆ ਕਰਦਾ ਹੈ।

ਸਮੁੱਚੇ ਤੌਰ ਤੇ ਕਹੀਏ ਤਾਂ ਕਹਿ ਸਕਦੇ ਹਾਂ ਕਿ ਅਮਰਜੀਤ ਕੌਂਕੇ ਆਪਣੇ ਆਪ ਵਿਚ ਇਕ ਵਿਅਕਤੀ ਨਹੀਂ ਸਗੋਂ ਇੱਕ ਮੁਕੰਮਲ ਸੰਸਥਾ ਹੈ ਜੋ ਬਿਨਾਂ ਕਿਸੇ ਲਾਲਚ ਜਾਂ ਲਾਲਸਾ ਆਪਣੀ ਲਗਨ ਵਿਚ ਰੁਝਿਆ ਇਕੋ ਵੇਲੇ ਕਵਿਤਾ, ਅਨੁਵਾਦ, ਸੰਪਾਦਨ, ਬਾਲ ਸਾਹਿਤ, ਅਧਿਆਪਨ ਦੇ ਖੇਤਰ ਵਿਚ ਸਰਗਰਮ ਹੈ। ਪਰਮਾਤਮਾ ਉਸਨੂੰ ਲੰਬੀ ਉਮਰ ਤੇ ਚੰਗੀ ਸਿਹਤ ਦੀ ਬਖਸ਼ਿਸ਼ ਕਰੇ! ਆਮੀਨ!

### 26 ਜਨਵਰੀ 2018 ਲਈ ਗਣਤੰਤਰ ਦਿਵਸ ਸਬੰਧੀ ਵਿਸ਼ੇਸ਼

# 68 ਸਾਲਾਂ ਦੇ ਲੰਬੇ ਸਫਰ ਬਾਦ ਵੀ ਸੰਵਿਧਾਨ ਪੂਰੀ ਤਰਾਂ ਲਾਗੂ ਨਹੀਂ ਹੋ ਸਕਿਆ



ਕੁਲਦੀਪ ਚੰਦ
91-9417563054

26 ਜਨਵਰੀ ਦਾ ਸਾਡੇ ਦੇਸ਼ ਵਿੱਚ ਬਹੁਤ ਹੀ ਮਹੱਤਵ ਹੈ ਅਤੇ ਹਰ ਸਾਲ 26 ਜਨਵਰੀ ਨੂੰ ਸਾਡਾ ਦੇਸ਼ ਨਿਆਂ ਅਤੇ ਬਰਾਬਰਤਾ ਦੇ ਸਿਧਾਂਤ ਅਤੇ ਵਿਚਾਰਧਾਰਾ ਤੇ ਆਧਾਰਿਤ ਆਜ਼ਾਦ ਭਾਰਤ ਗਣਰਾਜ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। 15 ਅਗਸਤ 1947 ਨੂੰ ਦੇਸ਼ ਨੂੰ ਅਜ਼ਾਦੀ ਮਿਲੀ ਅਤੇ ਸੰਵਿਧਾਨ ਸਭਾ ਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿੱਚ ਤਿਆਰ ਕੀਤਾ ਗਿਆ ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਸੰਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਉਸਤੋਂ ਬਾਦ ਹਰ ਸਾਲ 26 ਜਨਵਰੀ ਦੇ ਦਿਹਾੜੇ ਨੂੰ ਅਸੀਂ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਾਂ। ਜੇਕਰ 26 ਜਨਵਰੀ ਦਾ ਇਤਿਹਾਸ ਵੇਖੀਏ ਤਾਂ 26 ਜਨਵਰੀ ਦਾ ਹੀ ਦਿਨ ਸੀ ਜਦੋਂ 1930 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਸੰਪੂਰਨ ਸਵੈਰਾਜ ਅਤੇ ਅਜ਼ਾਦੀ ਦੀ ਘੋਸ਼ਣਾ ਕੀਤੀ ਸੀ। ਵਿਦੇਸ਼ੀ ਹਕੂਮਤ ਦੀ ਗੁਲਾਮੀ ਖਤਮ ਕਰਨ ਮਗਰੋਂ ਜਦੋਂ ਆਜ਼ਾਦ ਭਾਰਤ ਨੇ 26 ਜਨਵਰੀ 1950 ਨੂੰ "ਪ੍ਰਭੂਸੱਤਾ ਸੰਪੰਨ, ਜਮਹੂਹੀ ਗਣਰਾਜ" ਦਾ ਨਾਮ ਗ੍ਰਹਿਣ ਕੀਤਾ ਸੀ। ਇਸ ਸਬੰਧੀ ਵਾਇਸਰਾਏ ਦੇ ਨਾਮ ਤੇ ਬਣੇ ਇੱਕ ਸਟੇਡੀਅਮ ਵਿੱਚ ਜਸ਼ਨ ਹੋਏ ਸਨ ਤੇ ਉਦੋਂ ਦੇਸ਼ ਦਾ ਪਹਿਲਾ ਰਾਸ਼ਟਰਪਤੀ ਬਣਿਆ ਸੀ। ਭਾਰਤ ਦੀ ਆਜ਼ਾਦੀ ਦੀ ਲਹਿਰ ਮਗਰੋਂ ਆਜ਼ਾਦ ਮੁਲਕ ਵਜੋਂ ਸਥਾਪਤ ਹੋਣ ਬਾਰੇ ਘਟਨਾਵਾਂ ਦੀ ਲੜੀ ਵੀ ਕਾਫੀ ਦਿਲਚਸਪ ਹੈ। ਗਵਰਨਮੈਂਟ ਹਾਊਸ ਦੇ ਰੌਸ਼ਨੀ ਨਾਲ ਚਮਚਮਾਉਂਦੇ ਗੁੰਬਦਾਂ ਵਾਲੇ ਦਰਬਾਰ ਹਾਲ ਵਿੱਚ 10 ਵੱਜ ਕੇ 18 ਮਿੰਟ ਤੇ ਭਾਰਤ ਨੂੰ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਐਲਾਨਿਆ ਗਿਆ। ਲੱਗਭੱਗ ਛੇ ਮਿੰਟ ਮਗਰੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਮੌਕੇ ਤੇ ਲੱਗਭੱਗ 10.30 ਵਜੇ 31 ਤੋਪਾਂ ਦੀ ਸਲਾਮੀ ਨਾਲ ਗਣਤੰਤਰ ਦਿਵਸ ਦਾ ਐਲਾਨ ਕੀਤਾ ਗਿਆ। ਸਹੁੰ ਚੁੱਕ ਰਸਮ ਮੌਕੇ ਸੇਵਾਮੁਕਤ ਹੋ ਰਹੇ ਗਵਰਨਰ ਜਨਰਲ ਸੀ ਰਾਜਾਗੋਪਾਲ ਨੇ ਰਿਪਬਲਿਕ ਆਫ ਇੰਡੀਆ ਭਾਰਤ ਦਾ ਐਲਾਨਨਾਮਾ ਪੜ੍ਹਿਆ। ਫਿਰ ਰਾਸ਼ਟਰਪਤੀ ਨੇ ਆਪਣਾ ਸੰਖੇਪ ਜਿਹਾ ਭਾਸ਼ਣ ਪਹਿਲਾਂ ਹਿੰਦੀ ਵਿੱਚ ਅਤੇ ਫਿਰ ਅੰਗਰੇਜ਼ੀ ਵਿੱਚ ਦਿੱਤਾ। ਦੇਸ਼ ਦੇ ਉਤਰਾਅ-ਚੜ੍ਹਾਅ ਵਾਲੇ ਇਤਿਹਾਸ ਵਿੱਚ ਪਹਿਲੀ ਵਾਰ ਦੇਸ਼ ਦੀ ਧਰਤੀ ਉੱਤਰ ਵਿੱਚ ਕਸ਼ਮੀਰ ਤੋਂ ਦੱਖਣ ਵਿੱਚ ਕੇਪ ਕੋਮੋਰਿਨ ਤੱਕ ਪੱਛਮ ਵਿੱਚ ਕਠੀਆਵਾੜ ਕੱਛ ਤੋਂ ਪੂਰਬ ਦੇ ਕੋਕੋਨਾਡਾ ਤੇ ਕਾਮਰੂਪ ਤੱਕ ਸਮੁੱਚੇ ਵਿੱਚ ਇੱਕ ਨਜ਼ਰ ਆਈ ਹੈ ਅਤੇ ਇਹ ਇੱਕ ਸੰਵਿਧਾਨ ਅਤੇ ਇੱਕ ਯੂਨੀਅਨ ਅਧੀਨ ਹੋ ਗਈ ਹੈ ਜਿਸਨੇ ਉਸ ਵੇਲੇ ਦੇਸ਼ ਦੀ ਸਾਰੀ ਅਬਾਦੀ ਲੱਗਭੱਗ 32 ਕਰੋੜ ਲੋਕਾਂ ਦੀ ਭਲਾਈ ਦੀ ਜ਼ਿੰਮੇਵਾਰੀ ਲਈ। ਇਸਤੋਂ ਬਾਦ ਲੱਗਭੱਗ 2.30 ਵਜੇ ਬਾਅਦ ਦੁਪਹਿਰ ਰਾਸ਼ਟਰਪਤੀ, ਗਵਰਨਮੈਂਟ ਹਾਊਸ (ਹੁਣ ਰਾਸ਼ਟਰਪਤੀ ਭਵਨ) ਵਿੱਚ ਇੱਕ 35 ਸਾਲ ਪੁਰਾਣੀ ਸ਼ਿੰਗਾਰੀ ਹੋਈ ਵਿਸ਼ੇਸ਼ ਬੱਘੀ ਵਿੱਚ ਬਾਹਰ ਆਏ। ਇਸ ਬੱਘੀ ਨੂੰ ਛੇ ਆਸਟ੍ਰੇਲੀਆਈ ਘੋੜੇ ਖਿੱਚ ਰਹੇ ਸਨ ਅਤੇ ਰਾਸ਼ਟਰਪਤੀ ਦੇ ਸੁਰੱਖਿਆ ਗਾਰਡ ਇਸ ਨੂੰ ਐਸਕਾਰਟ ਕਰ ਰਹੇ ਸਨ। ਇਸ ਮੌਕੇ ਇਰਵਿਨ ਸਟੇਡੀਅਮ (ਹੁਣ ਨੈਸ਼ਨਲ ਸਟੇਡੀਅਮ) ਜੈ-ਜੈਕਾਰ ਦੇ ਨਾਅਰਿਆਂ ਨਾਲ ਗੂੰਜ ਉੱਠਿਆ ਅਤੇ ਲੋਕ ਖੁਸ਼ੀ ਵਿੱਚ ਜੈ-ਜੈਕਾਰ ਕਰ ਰਹੇ ਸਨ ਅਤੇ ਰਾਸ਼ਟਰਪਤੀ ਡਾਕਟਰ ਰਜਿੰਦਰ ਪ੍ਰਸਾਦ ਹੱਥ ਜੋੜ ਕੇ ਲੋਕਾਂ ਦੇ ਜੈ ਕਾਰਿਆਂ ਦਾ ਜਬਾਵ ਦੇ ਰਹੇ ਸਨ। 3.45 ਵਜੇ ਇਹ ਬੱਘੀ ਇਰਵਿਨ ਸਟੇਡੀਅਮ ਵਿੱਚ ਪੁੱਜੀ ਜਿੱਥੇ 3000 ਅਫਸਰ ਤੇ ਤਿੰਨੇ ਭਾਰਤੀ ਸੈਨਾਵਾਂ ਦੇ ਦੋ ਜਰਨੈਲ ਤੇ ਪੁਲੀਸ ਰਸਮੀ ਪਰੇਡ ਲਈ ਤਿਆਰ ਸਨ। ਸੱਤ ਮਾਸ ਬੈਂਡ ਵਾਲੇ ਪੁਲੀਸ ਤੇ ਫੌਜ਼ੀ ਬਲਾਂ ਨੇ ਉਸ ਸਮੇਂ ਕਮਾਲ ਦਾ ਦ੍ਰਿਸ਼ ਪੇਸ਼ ਕੀਤਾ ਸੀ। ਅਸੀਂ ਹਰ ਸਾਲ 26 ਜਨਵਰੀ ਨੂੰ ਦੇਸ਼ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਂਉਦੇ ਹਾਂ। ਭਾਰਤ ਦੀ ਰਾਜਧਾਨੀ ਦਿੱਲੀ ਸਮੇਤ ਹਰੇਕ ਰਾਜ ਅਤੇ ਵਿਦੇਸ਼ਾਂ ਵਿੱਚ ਭਾਰਤੀ ਰਾਜਦੂਤਵਾਸਾਂ ਵਿੱਚ ਵੀ ਇਹ ਤਿਉਹਾਰ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਜਾਂਦਾ ਹੈ। 26 ਜਨਵਰੀ ਦਾ ਮੁੱਖ ਸਮਾਰੋਹ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮਨਾਇਆ ਜਾਂਦਾ ਹੈ ਜਿਸ ਵਿੱਚ ਵੱਖ ਵੱਖ ਸੂਬਿਆਂ ਭਾਗ ਲੈਂਦੇ ਹਨ ਅਤੇ ਵੇਖਣ ਲਈ ਆਉਂਦੇ ਹਨ। ਪਰੇਡ ਵਿਜੇ ਚੌਂਕ ਤੋਂ ਸ਼ੁਰੂ ਹੋ ਕੇ ਰਾਜਪੱਥ ਅਤੇ ਦਿੱਲੀ ਦੇ ਅਨੇਕ ਖੇਤਰਾਂ ਤੋਂ ਗੁਜ਼ਰਦੀ ਹੋਈ ਲਾਲ ਕਿਲੇ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ। ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨਮੰਤਰੀ 'ਅਮਰ ਜਵਾਨ ਜੋਤੀ' ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ। ਰਾਸ਼ਟਰਪਤੀ ਆਪਣੇ ਅੰਗਰੱਖਿਅਕਾਂ ਦੇ ਨਾਲ 14 ਘੋੜਿਆਂ ਦੀ ਬੱਘੀ ਵਿੱਚ ਬੈਠ ਕੇ ਇੰਡੀਆ ਗੇਟ ਤੇ ਆਉਂਦੇ ਹਨ, ਜਿੱਥੇ ਪ੍ਰਧਾਨ ਮੰਤਰੀ ਉਹਨਾਂ ਦਾ ਸਵਾਗਤ ਕਰਦੇ ਹਨ। ਰਾਸ਼ਟਰੀ ਧੁੰਨ ਦੇ ਨਾਲ ਤਿਰੰਗਾ ਲਹਿਰਾਂਦੇ ਹਨ, ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ, ਹਵਾਈ ਜਹਾਜ਼ਾਂ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਆਕਾਸ਼ ਵਿੱਚ ਤਿਰੰਗੇ ਗੁਬਾਰੇ ਅਤੇ ਚਿੱਟੇ ਕਬੂਤਰ ਛੱਡੇ ਜਾਂਦੇ ਹਨ। ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ, ਬੈਂਡਾਂ ਦੀ ਧੁੰਨਾਂ ਤੇ ਮਾਰਚ ਕਰਦੀਆਂ ਹਨ। ਪੁਲਿਸ ਦੇ ਜਵਾਨ ਅਪਣੇ ਹਥਿਆਰਾਂ, ਮਿਜ਼ਾਈਲਾਂ, ਟੈਂਕਾਂ, ਹਵਾਈ ਜਹਾਜ਼ਾਂ ਆਦਿ ਦਾ ਪ੍ਰਦਰਸ਼ਨ ਕਰਦੇ ਹੋਏ ਦੇਸ਼ ਦੇ ਰਾਸ਼ਟਰਪਤੀ ਨੂੰ ਸਲਾਮੀ ਦਿੰਦੇ ਹਨ। ਇਸ ਆਲੀਸ਼ਾਨ ਦ੍ਰਿਸ਼ ਨੂੰ ਵੇਖਕੇ ਹਰ ਦੇਸ਼ਵਾਸੀ ਦੇ ਮਨ ਵਿੱਚ ਦੇਸ਼ਭਗਤੀ ਅਤੇ ਦਿਲ ਵਿੱਚ ਉਤਸ਼ਾਹ ਵਧਦਾ ਹੈ। ਵਿਦਿਆਰਥੀ ਐਨ.ਸੀ.ਸੀ. ਦੀ ਵਰਦੀ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਇਹ ਵਿਸ਼ਵਾਸ਼ ਦਿਵਾਂਉਦੇ ਹਨ ਕਿ ਸਾਡੀ ਦੂਸਰੀ ਸੁਰੱਖਿਆ ਪੰਕਤੀ ਆਪਣੇ ਕਰਤੱਵ ਤੋਂ ਭਲੀਭਾਂਤ ਜਾਣੂ ਹੈ। ਮਿਲਟਰੀ ਅਤੇ ਸਕੂਲਾਂ ਦੇ ਬੈਂਡ ਦੇਸ਼ਭਗਤੀ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਨਾਲ ਗੂੰਜਦੇ ਹਨ। ਵੱਖ ਵੱਖ ਰਾਜਾਂ ਦੀਆਂ ਝਾਂਕੀਆ ਉਥੋਂ ਦੇ ਸੰਸਕ੍ਰਿਤਕ ਜੀਵਨ, ਖਾਣ-ਪਾਣ, ਰੀਤੀ ਰਿਵਾਜਾਂ, ਉਦਯੋਗਿਕ ਅਤੇ ਸਮਾਜਿਕ ਖੇਤਰਾਂ ਵਿੱਚ ਆਏ ਪਰਿਵਰਤਨਾਂ ਦਾ ਚਿੱਤਰ ਪੇਸ਼ ਕਰਦੀਆਂ ਹਨ। ਰਾਸ਼ਟਰਪਤੀ ਭਵਨ, ਸੰਸਦ ਭਵਨ ਅਤੇ ਹੋਰ ਸਰਕਾਰੀ ਦਫਤਰਾਂ ਤੇ ਰੌਸ਼ਨੀ ਕੀਤੀ ਜਾਂਦੀ ਹੈ। ਗਣਤੰਤਰ ਦਿਵਸ ਦੇ ਸਮਾਰੋਹ ਵਿੱਚ ਹਰ ਸਾਲ ਵੱਖ ਵੱਖ ਦੇਸ਼ਾਂ ਦੇ ਆਗੂ ਵਿਸ਼ੇਸ਼ ਤੌਰ ਤੇ ਪਹੁੰਚਦੇ ਹਨ ਜਿਨ੍ਹਾਂ ਵਿੱਚ 1950 ਵਿੱਚ ਇੰਡੋਨੇਸ਼ੀਆਂ ਦੇ ਰਾਸ਼ਟਰਪਤੀ ਸੁਕਾਰਨੋ, 1955 ਵਿੱਚ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ, 1962 ਵਿੱਚ ਇੰਗਲੈਂਡ ਦੀ ਮਹਾਰਾਣੀ ਐਲੀਜ਼ਾਬੇਥ, 1965 ਵਿੱਚ ਪਾਕਿਸਤਾਨ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਰਾਣਾ ਅਬਦੁਲ ਹਮੀਦ, 1995 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ, 2015 ਵਿੱਚ ਯੂਐਸਏ ਦੇ ਰਾਸ਼ਟਰਪਤੀ ਬਰਾਕ ਅਬਾਮਾ, 2017 ਵਿੱਚ ਆਬੂਧਾਬੀ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਿਆਦ ਅਲ ਨਿਹਾਨ ਗਣਤੰਤਰ ਦਿਵਸ ਦੇ ਮੁੱਖ ਮਹਿਮਾਨ ਸਨ। ਇਸ ਵਾਰ ਵਿਸ਼ਵ ਦੇ 10 ਏਸ਼ੀਅਨ ਮੁਲਕਾਂ ਦੇ ਆਗੂ ਜਿਨ੍ਹਾਂ ਵਿੱਚ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨਸੈਨ, ਮੀਆਂਮਾਰ ਦੇ ਰਾਸ਼ਟਰਪਤੀ ਹਤੀਨ ਕਿਆ, ਸਿੰਘਾਪੁਰ ਦੇ ਰਾਸ਼ਟਰਪਤੀ ਹਲਿਮਾ ਜੈਕਬ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨਜ਼ੀਬ ਰਜ਼ਾਕ ਆਦਿ ਸ਼ਾਮਲ ਹਨ ਵਿਸ਼ੇਸ ਤੌਰ ਤੇ ਪਹੁੰਚ ਰਹੇ ਹਨ। ਸਾਨੂੰ ਵਿਸ਼ਵ ਦੇ ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਹੋਣ ਦਾ ਮਾਣ ਹੈ। ਭਾਵੇਂ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਪਰ ਸਾਡੇ ਦੇਸ਼ ਦੇ ਕਈ ਭ੍ਰਿਸ਼ਟ ਰਾਜਨੀਤਿਕਾਂ ਅਤੇ ਨੌਕਰਸ਼ਾਹਾਂ ਨੇ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਘੋਟਾਲਿਆਂ ਦੇ ਅਜਿਹੇ ਦਾਗ ਲਗਾ ਦਿੱਤੇ ਹਨ ਜਿਹਨਾਂ ਕਰਕੇ ਸਾਡਾ ਦੇਸ਼ ਬਦਨਾਮ ਹੋ ਚੁੱਕਿਆ ਹੈ।

ਸੰਵਿਧਾਨ ਲਾਗੂ ਹੋਣ ਤੋਂ ਬਾਅਦ ਦੇਸ਼ ਵਿੱਚੋਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ, ਜਾਤ-ਪਾਤ, ਮਹਿੰਗਾਈ ਵਰਗੀਆਂ ਸਮੱਸਿਆਵਾਂ ਖਤਮ ਹੋ ਜਾਣੀਆਂ ਚਾਹੀਦੀਆਂ ਸੀ ਪਰ ਇਹ ਸਮੱਸਿਆਵਾਂ ਕਈ ਗੁਣਾਂ ਵੱਧ ਕੇ ਦੇਸ਼ ਸਾਹਮਣੇ ਚੁਣੌਤੀ ਬਣ ਕੇ ਖੜੀਆਂ ਹਨ। ਸਾਡਾ ਸਮਾਜ ਬਦਲ ਰਿਹਾ ਹੈ। ਮੀਡੀਆ ਜਾਗਰਿਤ ਹੋ ਰਿਹਾ ਹੈ, ਲੋਕ ਜਾਗਰੂਕ ਹੋ ਰਹੇ ਹਨ, ਯੁਵਾ ਸੋਚ ਦਾ ਵਿਕਾਸ ਹੋ ਰਿਹਾ ਹੈ, ਸਿੱਖਿਆ ਦਾ ਪੱਧਰ ਵੱਧ ਰਿਹਾ ਹੈ। ਇਸ ਸਭ ਦੇ ਚੱਲਦੇ ਹੁਣ ਦੇਸ਼ ਦਾ ਰਾਜਨੀਤਿਕ ਵਿਕਾਸ ਵੀ ਹੋ ਰਿਹਾ ਹੈ। ਹੁਣ ਜ਼ਿਆਦਾ ਸਮੇਂ ਤੱਕ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਭ੍ਰਿਸ਼ਟਾਚਾਰ, ਅਪਰਾਧ ਅਤੇ ਅਯੋਗਤਾ ਨਹੀਂ ਚੱਲ ਸਕੇਗੀ।

26 ਜਨਵਰੀ ਨੂੰ ਸਿਰਫ ਬੈਂਡ ਵਾਜੇ ਵਜਾਉਣ ਨਾਲ ਅਤੇ ਪਰੇਡ ਕਰਨ ਨਾਲ ਦੇਸ਼ ਦੇ ਲੋਕ ਸੁਖੀ ਨਹੀਂ ਹੋ ਸਕਦੇ ਹਨ। ਦੇਸ਼ ਇੱਕ ਚੰਗਾ ਲੋਕਤੰਤਰ ਤਾਂ ਹੀ ਬਣ ਸਕੇਗਾ ਜੇਕਰ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਜਾਤ-ਪਾਤ ਅਤੇ ਹੋਰ ਕਈ ਸਮਾਜਿਕ ਬੁਰਾਈਆਂ ਦਾ ਖਾਤਮਾ ਕੀਤਾ ਜਾਵੇ ਤਾਂ ਜੋ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਹਾਲ ਹੋ ਸਕੇ ਅਤੇ ਸਾਡਾ ਗਣਤੰਤਰ ਦਿਵਸ ਗੁਣਤੰਤਰ ਵਾਲਾ ਬਣ ਅਤੇ ਦੇਸ਼ ਸਹੀ ਅਰਥਾਂ ਵਿੱਚ ਵਿਕਸਿਤ ਰਾਸ਼ਟਰਾਂ ਦੀ ਗਿਣਤੀ ਵਿੱਚ ਸ਼ਾਮਿਲ ਹੋ ਸਕੇ।




# ਸ਼ਾਇਰ ਕਮਲ ਬੰਗਾ ਦੀ ਗਿਆਰਵੀਂ ਕਿਤਾਬ (ਕਾਵਿ-ਕਾਸਦ) ਬਾਰੇ ਕੁਝ ਸ਼ਬਦ



(ਦਲਵੀਰ) ਦਿੱਲ ਨਿੱਜਰ
916-628-2210

ਕਮਲ ਬੰਗਾ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਅਮਰੀਕਾ ਤੇ ਕੈਨੇਡਾ ਦੀਆਂ ਪੰਜਾਬੀ ਅਖ਼ਬਾਰਾਂ 'ਚ 20-21 ਸਾਲਾਂ ਤੋਂ ਲਗਾਤਾਰ ਛਪ ਰਿਹਾ ਹੈ। ਉਹ ਯਾਰਾਂ ਦਾ ਯਾਰ ਹੈ ਅਤੇ ਪਿਆਰਾਂ ਦਾ ਪਿਆਰ ਹੈ। ਕਹਿਣੀ ਤੇ ਕਰਨੀ ਨੂੰ ਇਕੋ ਹੀ ਰੂਪ ਦੇਣ ਲਈ ਤੱਤਪਰ ਰਹਿੰਦਾ ਹੈ। ਚਾਹੇ ਨਫ਼ਾ ਹੋਵੇ ਨੁਕਸਾਨ ਹੋਵੇ, ਨਿਧੜਕ ਹੋ ਕੇ ਮੂੰਹ ਤੇ ਗੱਲ ਕਹਿਣ ਦਾ ਆਦੀ ਹੈ। ਇਸ ਉਪਰੰਤ ਸਮੇਂ ਦੀ ਵੀ ਪੂਰੀ ਕਦਰ ਕਰਨ ਵਾਲਾ ਇਨਸਾਨ ਹੈ। ਦਸ ਕੁ ਸਾਲ ਪਹਿਲਾਂ ਸਾਡੀ ਇਕ-ਦੂਜੇ ਨਾਲ ਮੁਲਾਕਾਤ ਹੋਈ ਸੀ ਤੇ ਇਹ ਮੁਲਾਕਾਤ ਦੋਸਤੀ ਹੀ ਬਣ ਗਈ। ਅਕਸਰ ਸਾਹਿਤ ਦੀਆਂ, ਗੀਤ ਸੰਗੀਤ ਦੀਆਂ, ਕਵਿਤਾ-ਗਜ਼ਲ ਦੀਆਂ ਗੱਲਾਂ ਬਾਤਾਂ ਚਲਦੀਆਂ ਰਹਿੰਦੀਆਂ ਹਨ। ਮੈਨੂੰ ਉਸ ਦੀਆਂ ਸਾਰੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਕਦੇ-ਕਦੇ ਮੈਂ ਹੈਰਾਨ ਵੀ ਖੁਸ਼ ਵੀ ਹੁੰਦਾ ਹਾਂ ਕਿ ਆਮ ਲੇਖਕ 2-5 ਕਿਤਾਬਾਂ ਰਚ ਕੇ ਠੁੱਸ ਹੋ ਜਾਂਦੇ ਹਨ ਪਰ ਕਮਲ ਬੰਗਾ ਨੇ10 ਸਾਲਾਂ 'ਚ ਗਿਆਰਾਂ ਕਿਤਾਬਾਂ ਲਿਖ ਕੇ-ਛਪਵਾ ਕੇ ਪਾਠਕਾਂ ਤੱਕ ਪਹੁੰਚਾ ਦਿੱਤੀਆਂ ਹਨ ਅਤੇ ਆਪਣੀ ਪਹਿਚਾਣ ਦੇ ਨਾਲ ਨਾਲ ਰੈਕਰਡ ਜਿਹਾ ਹੀ ਬਣਾ ਲਿਆ। ਇਸ ਵਿਚ ਮੇਰੇ ਇਕੱਲੇ ਦੀ ਹੀ ਰਾਏ ਨਹੀਂ ਬਲਕਿ ਸਾਰੇ ਹੀ ਜਾਣਦੇ ਹਨ।ਇਸ ਤੋਂ ਉਪਰ ਦੀ ਗੱਲ ਇਹ ਵੀ ਹੈ ਕਿ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪ੍ਰੋਫੈਸਰਾਂ ਨੇ ਉਸ ਦੀਆਂ ਕਿਤਾਬਾਂ ਦੀ ਸਮੀਖਿਆ ਕਰਦਿਆਂ ਅੰਤਰ ਰਾਸ਼ਟਰੀ ਪੱਧਰ ਦੇ ਪੰਜਾਬੀ ਅਤੇ ਨਾਨ ਪੰਜਾਬੀ ਕਵੀਆਂ ਦੇ ਕੀਤੇ ਹਨ ਅਤੇ ਨਾਲ-ਨਾਲ ਇਸ਼ਾਰਾ ਵੀ ਕੀਤਾ ਹੈ ਕਿ ਕਮਲ ਬੰਗਾ ਦੀਆਂ ਕਵਿਤਾਵਾਂ ਵਿਚ ਕਿਤੇ ਕਿਤੇ ਬਹੁਤ ਅਹਿਮ ਕਵੀਆਂ ਦੀ ਸੋਚ ਨਾਲ ਝਲਕ ਪੈਂਦੀ ਹੈ। ਇਸ ਤੋਂ ਇਲਾਵਾ ਕਵੀ ਕਮਲ ਬੰਗਾ ਦੀ ਕਵਿਤਾ 'ਚ ਯੂਨੀਵਰਸਲ ਸੋਚ ਵੀ ਭਾਰੂ ਹੈ, ਨਾਲੇ ਉਸ ਨੇ ਕਵਿਤਾਵਾਂ-ਗਜ਼ਲਾਂ 'ਚ ਸੈਂਕੜੇ ਅਲੰਕਾਰ ਵਰਤੇ ਹਨ। ਉਸ ਦੀਆਂ ਕਿਤਾਬਾਂ 'ਚ ਅਕਸਰ ਜੀਵਨ ਦੇ ਹਰੇਕ ਪਹਿਲੂ ਤੇ ਸਰੋਕਾਰਾਂ ਦਾ ਦਰਪਣ ਨਜ਼ਰ ਆਉਂਦਾ ਹੈ। ਇਸ ਵਾਰ ਮੈਨੂੰ ਉਸਦੀ ਗਿਆਰਵੀਂ ਕਿਤਾਬ (ਕਾਵਿ-ਕਾਸਦ) ਪੜ੍ਹਨ ਦਾ ਅਤੇ ਇਸ ਦਾ ਆਨੰਦ ਮਾਨਣ ਦਾ ਮੌਕਾ ਮਿਲਿਆ। ਜਿਸ ਕਰਕੇ ਮੇਰੇ ਦਿਲ ਨੇ ਹੀ ਕੁਝ ਸ਼ਬਦ ਲਿਖਣ ਦਾ ਹੁੰਗਾਰਾ ਭਰਿਆ ਅਤੇ ਕਿਤਾਬ ਬਾਰੇ ਇਹ ਸ਼ਬਦ ਤੁਹਾਡੇ ਨਾਲ ਸਾਂਝੇ ਕੀਤੇ ਹਨ। ਕਿਤਾਬ ਵਿਚੋਂ ਮੈਂ ਕੁਝ ਕਮਲ ਬੰਗਾ ਦੇ ਸ਼ਿਅਰ ਵੀ ਕੋਡ ਕੀਤੇ ਹਨ, ਜਿਵੇਂ-



* ਸੱਜਣੋ ਕਾਸਦ ਦੀ ਨੌਕਰੀ ਮਹਾਨ ਜੱਗ 'ਤੇ
ਦਿੰਦਾ ਦਿਲਾਂ ਦੇ ਸੁਨੇਹੇ, ਨਾਲ ਮਾਣ ਜੱਗ 'ਤੇ।
* ਪਤਝੜ 'ਚ ਰੁੱਖਾਂ ਦੇ ਪੱਤੇ ਝੜ ਜਾਂਦੇ ਪਰ
ਨਵਿਆਂ ਦੀ ਆਸ 'ਚ, ਹੁੱਬਣਾ ਚੰਗਾ ਹੈ।
* ਨੱਕ ਨ੍ਹੀਂ ਰਹਿੰਦਾ, ਨੁੱਕ ਨ੍ਹੀ ਰਹਿੰਦਾ ਜੱਗ 'ਤੇ ਰੌਲਾ,
ਇਸ ਨੇ ਵੀ ਕਈ ਉਜਾੜੀਆਂ ਫੁੱਲਵਾੜੀਆਂ ਨੇ।
* ਛੱਡ ਦਿਓ ਮੈਂ ਮੈਂ ਤੇ ਜਾਤਾਂ ਪਾਤਾਂ ਯਾਰੋ,
ਅਕਸਰ ਇਹ ਸਿਲਸਿਲਾ ਵੀ ਮਹਿੰਗਾ ਪੈ ਰਿਹਾ।
* ਕਵੀਆਂ ਦੀ ਜੂਨ 'ਚ ਪੈਣਾ ਚੰਗਾ ਹੈ,
ਕਵਿਤਾ ਦੇ ਰੰਗ 'ਚ ਰਹਿਣਾ ਚੰਗਾ ਹੈ।
- ਹਰੇਕ ਬੰਦੇ 'ਤੇ ਵਿਸ਼ਵਾਸ ਕਿੰਝ ਕਰਾਂ,
ਧੁੰਦਲੇ ਸ਼ੀਸ਼ੇ 'ਤੇ ......
ਹਾਸੇ ਵੀ ਨਕਲੀ ਤੇ ਤਮਾਸ਼ੇ ਵੀ ਨਕਲੀ,
ਸ਼ੈਤਾਨ ਦਿਲਾਂ 'ਤੇ ਵਿਸ਼ਵਾਸ ਕਿੰਝ ਕਰਾਂ।
* ਦੇਖੋ! ਲੋਕ ਪੱਥਰਾਂ ਤੋਂ ਦੁਆ ਮੰਗਦੇ,
ਨਾਲੇ ਦੇਖੋ! ਉਨ੍ਹਾਂ ਤੋਂ ਵਫ਼ਾ ਮੰਗਦੇ।
ਇਨਸਾਨ ਚਾਹੇ ਖੁਦ ਅਕਲ ਦਾ ਦੀਵਾ,
ਪਰ ਕੁਦਰਤ ਨੂੰ ਭੁਲਾ ਕੇ ਨਫ਼ਾ ਮੰਗਦੇ।
* ਕਿਸੇ ਦੀ ਸੂਰਤ ਗੁਲਾਬ ਵਰਗੀ,
ਕਿਸੇ ਕਿਸੇ ਦੀ ਬੰਦ ਕਿਤਾਬ ਵਰਗੀ,
ਹਰਿਕ ਬੰਦਾ ਰੱਬ ਨੂੰ ਧਿਆਉਂਦਾ ਪਰ,
ਕਿਸੇ ਕਿਸੇ ਦੀ ਹੈਂਕੜ ਨਵਾਬ ਵਰਗੀ।
* ਅੱਜ ਹਲਚਲ ਮਚਦੀ ਜਾ ਰਹੀ ਜਹਾਨ ਅੰਦਰ
ਸਾਂਝੀਵਾਲਤਾ ਵੀ ਘਟਦੀ ਜਾ ਰਹੀ ਜਹਾਨ ਅੰਦਰ
* ਬੰਦਾ ਵਿਕਦਾ ਆਇਆ ਤੇ ਵਿਕਦਾ ਹੀ ਰਹੇਗਾ
ਬੰਦਾ ਹੀ ਖਰੀਦਦਾ ਆਇਆ ਤੇ ਖਰੀਦਦਾ ਹੀ ਰਹੇਗਾ।
* ਕੁਝ ਕਰਨ ਲਈ ਬੰਦਾ ਬੇਦਾਰ ਚਾਹੀਦਾ
ਕੁਝ ਸਿੱਖਣ ਲਈ ਯਾਰਾ ਦਰਬਾਰ ਚਾਹੀਦਾ।
* ਜਿਵੇਂ ਸੱਚ ਅਤੇ ਝੂਠ 'ਚ ਰਹਿੰਦੀ ਲੜਾਈ
ਉਵੇਂ ਜਿੱਤ ਤੇ ਹਾਰ 'ਚ ਰਹਿੰਦੀ ਲੜਾਈ।
* ਲੋਕ ਜੱਦੀ ਘਰ ਛੱਡੀ ਜਾਂਦੇ ਨੇ
ਨਵੀਂ ਜਗ੍ਹਾ ਨਵੇਂ ਘਰ ਬਣਾਏ ਜਾਂਦੇ ਨੇ।
* ਕੋਈ ਕੋਈ ਮੜ੍ਹੀਆਂ 'ਤੇ ਦੀਵਾ ਜਗਾ ਰਿਹਾ
ਪਰ ਖੁਦ ਨ੍ਹੇਰੇ 'ਚ ਜੀਵਨ ਬਿਤਾ ਰਿਹਾ।
* ਜਿਵੇਂ ਬੂੰਦ ਬੂੰਦ ਕਰਕੇ ਸਮੁੰਦਰ ਭਰ ਜਾਂਦਾ
ਉਵੇਂ ਕਦਮ ਕਦਮ ਤੁਰ ਕੇ, ਪੂਰਾ ਹੋ ਸਫਰ ਜਾਂਦਾ।
* ਕਿਸੇ ਕਿਸੇ ਦੇ ਹੰਝੂ ਸੁੱਕਣੇ ਨਹੀਂ
ਨਾਲੇ ਦਿਲ ਤੋਂ ਗਮ ਲੁਕਣੇ ਨਹੀਂ।

ਕਮਲ ਬੰਗਾ ਦੀ ਸਾਰੀ ਹੀ ਕਿਤਾਬ ਪੜ੍ਹਨ ਯੋਗ ਹੈ। ਬਾਕੀ ਕਮਲ ਬੰਗਾ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਮੋਢੀ ਮੈਂਬਰਾਂ 'ਚੋਂ ਵੀ ਹੈ। ਸਾਹਿਤ ਸਭਾ ਅਤੇ ਸਾਹਿਤ ਨੂੰ ਉਤਸ਼ਾਹ ਦੇਣ ਵਾਲਾ ਸਾਹਿਤ ਕਲਾ ਹੈ। ਉਸਨੇ ਮੇਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਚਾਰ ਸਾਲ ਕੰਮ ਕੀਤਾ ਹੈ, ਉਸਦਾ ਕੰਮ ਵੀ ਸ਼ਲਾਘਾਯੋਗ ਹੈ। ਕਮਲ ਬੰਗਾ ਨੂੰ ਪੰਜਾਬ 'ਚ ਯੂਨੀਵਰਸਿਟੀ ਅਤੇ ਕਾਲਜਾਂ ਤੋਂ ਇਲਾਵਾ ਇੱਥੋਂ ਦੀਆਂ ਸਿਰਕੱਢ ਸੰਸਥਾਵਾਂ ਵੱਲੋਂ ਵੀ ਸਤਿਕਾਰਿਤ ਇਨਾਮ ਮਿਲ ਚੁੱਕੇ ਹਨ। ਮੇਰੀ ਨਿੱਜੀ ਦੁਆ ਹੈ ਕਮਲ ਬੰਗਾ ਆਪਣੇ ਸਾਹਿਤ ਸਫਰ ਨੂੰ ਜਾਰੀ ਰੱਖੇ ਅਤੇ ਆਸ ਕਰਦਾ ਹਾਂ ਕਿ ਅਗਲੇ ਸਾਲ ਵੀ ਉਸ ਦੀ ਨਵੀਂ ਕਿਤਾਬ ਪੜ੍ਹਨ ਦਾ ਮੌਕਾ ਮਿਲੇਗਾ।ਬੱਸ ਇੰਨੇ ਕੁ ਸ਼ਬਦ ਲਿਖ ਕੇ ਕਮਲ ਬੰਗਾ ਨੂੰ ਉਸ ਦੀ ਕਿਤਾਬ 'ਕਾਵਿ-ਕਾਸਦ' ਦੀ ਵਧਾਈ ਦਿੰਦਾ ਹਾਂ।

# ਸ਼੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ ਜਿਲ੍ਹਾ ਊਨਾ (ਹਿਮਾਚਲ ਪ੍ਰਦੇਸ)



ਕੁਲਦੀਪ ਚੰਦ
91-94175-63054

ਭਾਰਤ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਜਾਤ ਅਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਨੂੰਨ ਦੀ ਸੱਖਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੋਰ ਤੇ ਖਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਦੀਆਂ ਘਟਨਾਵਾਂ ਮੀਡੀਆ ਦੀਆਂ ਸੁਰੱਖੀਆਂ ਬਣਦੀਆਂ ਹਨ। ਦਲਿਤਾਂ ਨਾਲ ਵਾਪਰ ਰਹੀਆਂ ਸਮਾਜਿਕ, ਧਾਰਮਿਕ, ਆਰਥਿਕ ਅਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਵਿੱਚ 21-22 ਜਨਵਰੀ ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸ਼ਨ ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ ਮੰਦਿਰ ਨੂੰ ਢਹਿ ਢੇਰੀ ਕੀਤਾ ਗਿਆ ਸੀ ਅਤੇ ਇਸਦਾ ਵਿਰੋਧ ਕਰਨ ਵਾਲੇ ਇਲਾਕਾ ਵਾਸੀਆਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਵੱਖ ਵੱਖ ਕੇਸਾਂ ਵਿੱਚ ਅੰਦਰ ਕੀਤਾ ਗਿਆ ਸੀ। ਕਸਬਾ ਸੰਤੋਖਗੜ ਜਿਲ੍ਹਾ ਊਨਾ ਹਿਮਾਚਲ ਪ੍ਰਦੇਸ ਵਿੱਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਤੇ ਅੰਨਾ ਤਸ਼ਦਦ ਕੀਤਾ ਜਿਸਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਬੱਚੇ ਰਾਤਾਂ ਨੂੰ ਰੋਣ ਲੱਗ ਪੈਂਦੇ ਹਨ। 22 ਜਨਵਰੀ ਨੂੰ ਕੜਕਦੀ ਠੰਡ ਵਿੱਚ ਸਵੇਰੇ ਤੜਕਸਾਰ ਲੱਗਭੱਗ 4 ਵਜੇ ਹੀ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ਦਦ ਕੀਤਾ ਗਿਆ। ਸ਼੍ਰੀ ਗੁਰੂ ਰਵਿਦਾਸ ਮਹਾਂ ਸਭਾ ਹਿਮਾਚਲ ਪ੍ਰਦੇਸ਼ ਦੇ ਊਨਾ ਜਿਲ੍ਹਾ ਦੇ ਪ੍ਰਧਾਨ ਵਕੀਲ ਨਰੇਸ਼ ਕੁਮਾਰ ਅਤੇ ਹੋਰ ਆਗੂਆਂ ਬਲਦੇਵ ਚੰਦ ਰਿਟਾਇਰਡ ਤਹਿਸੀਲਦਾਰ, ਸੁਲਿੰਦਰ ਚੋਪੜਾ, ਨਗਰ ਪੰਚਾਇਤ ਮੈਂਬਰ ਰਵੀ ਕਾਂਤ ਬਸੀ, ਸੁਰੇਸ ਵਸਣ, ਬਲਬੀਰ ਬਬਲੂ, ਕਸ਼ਮੀਰੀ ਲਾਲ ਸਿੰਗਾ, ਲੰਬੜਦਾਰ ਬਖਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜੋੜ ਮੇਲਾ ਕਮੇਟੀ ਆਗੂਆਂ ਚਅਰਮੈਨ ਪੀ ਸੀ ਸੰਧੂ, ਪ੍ਰਧਾਨ ਬਲਵੀਰ ਬੱਗਾ ਸਾਬਕਾ ਪ੍ਰਧਾਨ ਜਿਲ੍ਹਾ ਪ੍ਰੀਸ਼ਦ ਊਨਾ, ਬਲਰਾਮ ਮਹੇ, ਸਾਬਕਾ ਪ੍ਰਧਾਨ ਨਗਰ ਪੰਚਾਇਤ ਨਿਰਮਲਾ ਦੇਵੀ, ਬਲਜੀਤ ਕੌਰ ਪ੍ਰਧਾਨ ਮਹਿਲਾ ਮੰਡਲ, ਰਾਣੀ ਦੇਵੀ, ਬਚਨੀ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ ਆਦਿ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵਲੋਂ ਖਾਲੀ ਪਈ ਥਾਂ ਵਿੱਚ ਅਜਾਦੀ ਤੋਂ ਪਹਿਲਾਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਮਦਿਰ ਬਣਾਇਆ ਗਿਆ ਸੀ। 1952 ਵਿੱਚ ਰਵਿੰਦਰ ਕੁਮਾਰ ਪੁੱਤਰ ਪ੍ਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿੱਚ ਕੇਸ ਕਰ ਦਿਤਾ। ਇਸ ਕੇਸ ਵਿੱਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵਲੋਂ ਵਤਨਾ ਰਾਮ ਪੁੱਤਰ ਨਿਕੂ ਰਾਮ ਅਦਾਲਤ ਵਿੱਚ ਹਾਜਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਬਾਬੂ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਅਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ।



ਇਸਤੋਂ ਬਾਦ ਚੱਬਾ ਪਰਿਵਾਰ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਕਨੂੰਨੀ ਕਾਰਵਾਈ ਤੇਜ ਕਰ ਦਿਤੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੋਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ। ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈਕੇ ਮਾਣਯੋਗ ਸੁਪਰੀਮ ਕੋਰਟ ਵਿੱਚ ਵੀ ਪੇਸ਼ ਹੋਏ ਪਰੰਤੂ ਉਥੇ ਕੇਸ ਖਾਰਜ ਹੋ ਗਿਆ। 28 ਦਸੰਬਰ ਨੂੰ ਮਾਣਯੋਗ ਹਿਮਾਚਲ ਹਾਈ ਕੋਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਜਦੋਂ ਪ੍ਰਸ਼ਾਸਨਿਕ ਅਧਿਕਾਰੀ ਇਲਾਕੇ ਦੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿੱਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿੱਚ ਹੀ ਸਨ ਪੁਲਿਸ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਪਿੰਡ ਵਿੱਚ ਹੱਲਾ ਬੋਲ ਦਿਤਾ ਅਤੇ ਮੰਦਿਰ ਢਹਿ ਢੇਰੀ ਕਰ ਦਿਤਾ। ਮੰਦਿਰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ਦਦ ਕੀਤਾ ਗਿਆ। ਲੱਗਭੱਗ 100 ਵਿਅਕਤੀਆਂ ਜਿਨ੍ਹਾਂ ਵਿੱਚ 3 ਨਾਬਾਲਿਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ 147,148,149,307,332,333,353 ਅਤੇ 120 ਬੀ ਅਧੀਨ ਗ੍ਰਿਫਤਾਰ ਕਰ ਲਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ 22 ਜਨਵਰੀ ਤੋਂ ਲੈਕੇ 26 ਫਰਵਰੀ, 2005 ਤੱਕ ਕੰਡਾ ਜੇਲ, ਊਨਾ ਜੇਲ ਅਤੇ ਸ਼ਿਮਲਾ ਜੇਲ ਵਿੱਚ ਬੰਦ ਰਹੇ, 3 ਨਾਬਾਲਿਗ ਬੱਚਿਆਂ ਜਤਿੰਦਰ ਕੁਮਾਰ, ਅਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ 22 ਜਨਵਰੀ ਤੋਂ 27 ਜਨਵਰੀ ਤੱਕ ਪੁਲਿਸ ਨੇ ਹਿਰਾਸਤ ਵਿੱਚ ਰੱਖਿਆ। 22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜਮਾਨਤ ਤੇ ਰਿਹਾ ਕੀਤਾ। ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਸ਼੍ਰੀਮਤੀ ਬਿੰਦੋ ਦੇਵੀ, ਸ਼੍ਰੀਮਤੀ ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੋਰਟ ਸ਼ਿਮਲਾ ਤੋਂ ਜਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈਕੇ ਇਲਾਕੇ ਦੇ ਦਲਿਤਾਂ ਨੇ ਭਾਰੀ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿਤਾ ਅਤੇ ਊਨਾ ਵਿੱਚ ਲਗਾਤਾਰ ਰੋਸ ਮੁਜਾਹਰਾ ਕੀਤਾ ਜਿਸ ਵਿੱਚ ਬਲਬੀਰ ਬੱਗਾ, ਹਰੀ ਚੰਦ ਸੰਧੂ, ਪ੍ਰੀਤਮ ਚੰਦ ਸੰਧੂ, ਡਾਕਟਰ ਕੇ ਆਰ ਆਰਿਆ, ਬਲਵੰਤ ਕੁਮਾਰ, ਬਾਬਾ ਸੰਤੋਖ ਦਾਸ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ, ਅਮਰੀਕ ਦੇਹਲਾਂ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫਤਾਰ ਵਿਅਕਤੀਆਂ ਨੂੰ ਛੱਡਣ ਲਈ ਮਜ਼ਬੂਰ ਕਰ ਦਿਤਾ। ਇਸ ਮਾਮਲੇ ਸਬੰਧੀ 09 ਅਪ੍ਰੈਲ 2005 ਨੂੰ ਬੀ ਐਸ ਪੀ ਰਾਸ਼ਟਰੀ ਪ੍ਰਧਾਨ ਮਾਇਆਵਤੀ ਨੇ ਵੀ ਊਨਾ ਵਿੱਚ ਰੋਸ ਰੈਲੀ ਕੀਤੀ ਤੇ ਸਰਕਾਰ ਤੇ ਦਬਾਅ ਬਣਾਇਆ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੌਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿੱਚ ਹਿਮਾਚਲ ਪ੍ਰਦੇਸ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਹੁਣ ਮੰਦਿਰ ਕਮੇਟੀ ਵਲੋਂ ਹਰ ਸਾਲ 21-22 ਜਨਵਰੀ ਨੂੰ ਘਲੂਘਾਰਾ ਦਿਵਸ ਮਨਾਇਆ ਜਾਂਦਾ ਹੈ। ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਵਿੱਚ 20 ਜਨਵਰੀ ਨੂੰ ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਆਰੰਭ ਕੀਤਾ ਜਾਵੇਗਾ ਅਤੇ ਸਵੇਰੇ 11 ਵਜੇ ਨਿਸ਼ਾਨ ਸਾਹਿਬ ਦੀ ਰਸਮ ਕੀਤੀ ਜਾਵੇਗੀ, 21 ਜਨਵਰੀ ਨੂੰ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ ਜੋਕਿ ਸਨੋਲੀ, ਅਜੋਲੀ, ਕਲਸੇਹੜਾ, ਦੇਹਲਾਂ, ਬਹਿਡਾਲਾ, ਜਲਗ੍ਹਾਂ, ਊਨਾਂ, ਨੰਗੜਾ ਤੋਂ ਵਾਪਸ ਸੰਤੋਖਗੜ੍ਹ ਪਹੁੰਚੇਗੀ। 22 ਜਨਵਰੀ ਨੂੰ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਭੋਗ ਸਵੇਰੇ 10 ਵਜੇ ਪਾਇਆ ਜਾਵੇਗਾ ਅਤੇ ਸਵੇਰੇ 9 ਵਜੇ ਸਾਧੂ ਸਮਾਜ ਵਲੋਂ ਪ੍ਰਵਚਨ ਕੀਤੇ ਜਾਣਗੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਪ੍ਰਸਿੱਧ ਕਲਾਕਾਰ ਸ਼੍ਰੀ ਗੁਰੂ ਰਵਿਦਾਸ ਜੀ ਦਾ ਗੁਣਗਾਣ ਕਰਨਗੇ।

# ਆਉ ਜਾਣੀਏ 110 ਸਾਲਾ ਚੰਨਣ ਸਿੰਘ ਦੀ ਵਧੀਆ ਸਿਹਤ ਦਾ ਰਾਜ਼



ਪ੍ਰਮੋਦ ਧੀਰ
91-98550-31081

ਅੱਜ ਕੱਲ ਅਸੀਂ ਦੇਖਦੇ ਹਾਂ ਕਿ ਛੋਟੀ ਉਮਰ 'ਚ ਹੀ ਇਨਸਾਨ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ ਤੇ ਭਾਰਤ ਦੇ ਲੋਕਾਂ ਦੀ ਔਸਤ ਉਮਰ ਵੀ ਦਿਨੋਂ ਦਿਨ ਘਟ ਰਹੀ ਹੈ। ਨੌਜਵਾਨ ਨਸ਼ਿਆਂ ਜਿਹੀਆਂ ਭੈੜੀਆਂ ਲਾਹਨਤਾਂ ਦਾ ਸ਼ਿਕਾਰ ਹੋ ਕਿ ਆਪਣੀ ਸਿਹਤ ਖਰਾਬ ਕਰ ਰਹੇ ਹਨ । ਅੱਜ ਕੱਲ ਹਰ ਕੋਈ



ਖੁਦ ਮਿਹਨਤ ਕਰਨ ਦੀ ਬਜਾਏ "ਰਿੰਨੀ ਰਨ੍ਹਾਈ ਖੀਰ" ਭਾਲਦਾ ਹੈ ਭਾਵ ਆਪਣੀ ਜਿੰਦਗੀ 'ਚ ਵਿਹਲਾ ਰਹਿਣਾ ਪਸੰਦ ਕਰਦਾ ਹੈ। ਜਿਸ ਕਾਰਨ ਇਨਸਾਨ ਤਰੱਕੀ ਕਰਨ ਦੀ ਬਜਾਏ ਪਿੱਛੇ ਰਹਿ ਜਾਂਦਾ ਹੈ। ਪਰ ਕਈ ਇਨਸਾਨ ਪੂਰੀ ਜਿੰਦਗੀ ਮਿਹਨਤ ਕਰਕੇ ਹਰ ਮੁਕਾਮ ਹਾਸਲ ਕਰਦੇ ਹਨ, ਲੰਮੀ ਉਮਰ ਮਾਣਦੇ ਹਨ ਅਤੇ ਸਰੀਰਕ ਪੱਖੋਂ ਵੀ ਤੰਦਰੁਸਤ ਰਹਿੰਦੇ ਹਨ। ਇਸੇ ਕੜੀ ਤਹਿਤ ਪਿੰਡ ਰੋੜੀਕਪੂਰਾ, ਤਹਿਸੀਲ ਜੈਤੋ, ਜ਼ਿਲਾ ਫਰੀਦਕੋਟ ਦਾ ਰਹਿਣ ਵਾਲਾ ਚੰਨਣ ਸਿੰਘ (ਉਰਫ ਚੈਨਾ ਸਿੰਘ) ਜਿਸਦੀ ਉਮਰ 110 ਸਾਲ ਹੈ ਸਾਡੇ ਲਈ ਲਈ ਇੱਕ ਮਿਸਾਲ ਹੈ।

ਚੰਨਣ ਸਿੰਘ ਦਾ ਜਨਮ 1909 ਵਿੱਚ ਪਿਤਾ ਗਹਿਲ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਜੱਬੋ ਮਹਿਲ (ਪਾਕਿਸਤਾਨ) ਵਿਖੇ ਹੋਇਆ। ਇਹਨਾਂ ਦਾ ਪਰਿਵਾਰ 1947 'ਚ ਦੇਸ਼ ਦੀ ਵੰਡ ਸਮੇਂ ਫਿਰਕੂਵਾਦੀ ਲੋਕਾਂ ਤੋਂ ਬਚਾਅ ਕਰਨ ਲਈ ਆਪਣਾ ਧਰਮ ਬਦਲ ਕੇ ਇਸਾਈ ਧਰਮ ਅਪਣਾ ਕੇ ਮਹਿੰਦੀਪੁਰ ਨੇੜੇ ਖੇਮਕਰਨ ਸਾਹਿਬ ਆ ਗਿਆ। ਫਿਰ 1952 'ਚ ਇਹ ਪਰਿਵਾਰ ਪਿੰਡ ਰੋੜੀਕਪੂਰਾ (ਫਰੀਦਕੋਟ) ਵਿਖੇ ਆ ਕੇ ਵਸ ਗਿਆ। ਇਸਦੇ 3 ਭਰਾ ਅਤੇ 2 ਭੈਣਾ ਹਨ।ਇਹਨਾਂ ਦਾ ਵਿਆਹ 1951 ਵਿੱਚ ਸਵਰਨ ਕੌਰ ਨਾਲ ਹੋਇਆ। ਇਹਨਾਂ ਦੀ ਪਤਨੀ ਜੋ ਕਿ 95 ਸਾਲਾਂ ਦੀ ਹੈ ਉਹ ਵੀ ਅਜੇ ਪੂਰੀ ਤਕੜੀ ਪਈ ਹੈ 'ਤੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਮਿਹਨਤ ਮਜਦੂਰੀ ਕਰਦੀ ਹੈ। ਚੰਨਣ ਸਿੰਘ ਖੁਦ ਅਜੇ ਵੀ ਆਪਣੀ ਮਿਹਨਤ ਮਜਦੂਰੀ ਖੁਦ ਕਰਦਾ ਹੈ ਅਤੇ 2 ਮੱਝਾਂ ਖੁਦ ਸਾਂਭਦਾ ਹੈ ਉਹਨਾਂ ਲਈ ਹਰ ਰੋਜ ਖੇਤੋਂ ਡੇਢ ਮਣ ਪੱਠੇ ਵੱਢ ਕੇ ਲਿਆਉਂਦਾ ਹੈ ਤੇ ਖੇਤਾਂ ਵਿੱਚ ਕੰਮ ਕਰਦਾ ਹੈ।ਉਹ ਦੋਵੇਂ ਪਤੀ ਪਤਨੀ ਆਪਣਾ ਗੁਜਾਰਾ ਖੁਦ ਮਿਹਨਤ ਕਰਕੇ ਕਰਦੇ ਹਨ। ਇਹਨਾਂ ਦੇ 9 ਮੁੰਡੇ ਹਨ ਜਿਨਾਂ ਵਿਚੋਂ 8 ਜਿੰਦਾ ਹਨ। ਇਹਨਾਂ ਦੇ ਕੁੱਲ 32 ਪੋਤਰੇ ਅਤੇ ਪੋਤਰੀਆਂ ਹਨ।ਇਹਨਾਂ ਦੇ ਖਾਨਦਾਨ ਦੇ ਕੁੱਲ 90 ਮੈਂਬਰ ਹਨ ਸਭ ਜੀਅ ਆਪੋ ਆਪਣੇ ਪਰਿਵਾਰ ਨਾਲ ਮਿਹਨਤ ਮਜਦੂਰੀ ਕਰਦੇ ਹਨ ਅਤੇ ਸੈੱਟ ਹਨ। ਇਹਨਾਂ ਦੇ ਪਿਤਾ ਜੀ ਨਨਕਾਣਾ ਸਹਿਬ ਦੇ ਮੋਰਚੇ ਵਿੱਚ ਸ਼ਹੀਦ ਹੋਏ ਸਨ। ਇਹਨਾਂ ਦੇ ਮਾਤਾ ਹਰਨਾਮ ਕੌਰ ਜੀ 17-18 ਸਾਲ ਪਹਿਲਾਂ 137 ਸਾਲਾਂ ਦੇ ਹੋ ਕੇ ਗੁਜਰੇ ਹਨ।ਉਹ ਵੀ ਬਿਲਕੁੱਲ ਤੰਦਰੁਸਤ ਸਨ।







ਚੰਨਣ ਸਿੰਘ ਨੇ ਦੱਸਿਆ ਕਿ ਉਹ ਹਰ ਰੋਜ਼ ਸਵੇਰੇ 4 ਵਜੇ ਉਠ ਕੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਉਹ ਬਚਪਨ ਵਿੱਚ ਕਬੱਡੀ, ਗੱਤਕਾ, ਘੋਲ ਆਦਿ ਵੀ ਖੇਡਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਦੁੱਧ, ਘਿਉ, ਮੱਖਣ, ਮੀਟ ਆਦਿ ਖੁਰਾਕ ਇਹਨਾਂ ਦੀ ਸਿਹਤ ਤੰਦਰੁਸਤ ਰਹਿਣ ਦੇ ਰਾਜ ਹਨ।ਹੁਣ ਵੀ ਉਹ ਹਰ ਰੋਜ ਡੇਢ ਕਿਲੋ ਦੁੱਧ ਪੀਂਦੇ ਹਨ। ਸ਼ੁਰੂ ਸ਼ੁਰੂ ਵਿੱਚ ਕਦੇ ਕਦੇ ਉਹ ਘਰ ਦੀ ਕੱਢੀ ਸ਼ਰਾਬ ਪੀਂਦੇ ਸਨ ਪਰ 35-36 ਸਾਲਾਂ ਤੋਂ ਹਰ ਤਰਾਂ ਦੇ ਨਸ਼ੇ ਤੋਂ ਰਹਿਤ ਹਨ। ਉਹ ਵਧੀਆ ਖੁਰਾਕ ਖਾਂਦੇ ਹਨ। ਉਹਨਾਂ ਨੂੰ ਅੱਜ ਵੀ ਕਿਸੇ ਤਰਾਂ ਦੀ ਕੋਈ ਬਿਮਾਰੀ ਨਹੀਂ ਲੱਗੀ। ਉਹਨਾਂ ਦੇ 10 ਨੰਬਰ ਦੀ ਐਨਕ ਲੱਗੀ ਹੋਈ ਹੈ ਜਿਸਨੂੰ ਲਗਾ ਕੇ ਉਹਨਾਂ ਨੂੰ ਬਿਲਕੁਲ ਠੀਕ ਦਿਖਦਾ ਹੈ। ਉਹਨਾਂ ਵੀ ਖੇਤਾਂ ਵਿੱਚ ਝੋਨਾਂ ਲਗਾਉਂਦੇ ਹਨ। ਉਹ ਇੱਕ ਕਿੱਲਾ ਕਣਕ ਇਕੱਲੇ ਇੱਕ ਦਿਨ ਵਿੱਚ ਵੱਢਦੇ ਰਹੇ ਹਨ। ਉਹਨਾਂ ਨੇ ਕੋਈ ਸਕੂਲੀ ਪੜ੍ਹਾਈ ਤਾਂ ਨਹੀਂ ਕੀਤੀ ਪਰ ਉਹਨਾਂ ਨੂੰ ਪੰਜਾਬੀ ਭਾਸ਼ਾ ਦਾ ਪੂਰਾ ਗਿਆਨ ਹੈ। ਉਹ ਆਪਣੇ ਪਿੰਡ ਰੋੜੀਕਪੂਰਾ ਵਿੱਚ ਸਭ ਤੋਂ ਵੱਡੀ ਉਮਰ ਦੇ ਇਨਸਾਨ ਹਨ।

ਅੱਜ ਦੇ ਨੌਜਵਾਨਾਂ ਲਈ ਉਹ ਇਹੀ ਸੰਦੇਸ਼ ਦਿੰਦੇ ਹਨ ਕਿ ਨਸ਼ੇ ਬਿਲਕੁਲ ਨਾਂ ਕਰਨ, ਚੰਗੀ ਖੁਰਾਕ ਖਾਣ, ਡੰਡ ਬੈਠਕਾਂ ਮਾਰਨ, ਸਰੀਰ ਤੇ ਮਾਲਿਸ਼ ਕਰਨ, ਰੋਜ਼ਾਨਾ ਕਸਰਤ ਕਰਨ, ਚੰਗੀਆਂ ਖੇਡਾਂ ਖੇਡਣ ਅਤੇ ਖੁਦ ਹੱਥੀ ਕੰਮ ਕਰਨ ਅਤੇ ਬੁਰੀ ਸੰਗਤ ਤੋਂ ਬਚ ਕੇ ਰਹਿਣ। ਉਹਨਾਂ ਦੱਸਿਆ ਕੇ ਜੇ ਕਿਸੇ ਲੜਕੀ ਨੂੰ ਕੋਈ ਤੰਗ ਪ੍ਰੇਸ਼ਾਨ ਕਰਦਾ ਸੀ ਤਾਂ ਉਹ ਉਸਦੇ ਪਰਿਵਾਰਾਂ ਨੂੰ ਸਮਝਾ ਕੇ ਸਿੱਧੇ ਰਸਤੇ ਪਾਉਣ ਦੀ ਸੇਵਾ ਵੀ ਕਰਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਉਹ ਹਰ ਸਾਲ ਆਪਣੀ ਨੇਕ ਕਮਾਈ ਵਿਚੋਂ ਲੋਕਾਂ ਦੇ ਸਹਿਯੋਗ ਨਾਲ 25 ਹਾੜ੍ਹ ਨੂੰ ਪਿੰਡ ਵਿੱਚ ਸਭ ਲਈ ਜਲੇਬੀਆਂ ਦਾ ਭੰਡਾਰਾ ਲਗਾਉਂਦੇ ਹਨ।

ਉਹਨਾਂ ਦੱਸਿਆ ਉਹ ਸ਼ੁਰੂ ਤੋਂ ਕਾਂਗਰਸ ਪਾਰਟੀ ਦੇ ਸੁਪੋਰਟਰ ਰਹੇ ਹਨ। ਉਹਨਾਂ ਸਾਬਕਾ ਰਾਸ਼ਟਰਪਤੀ ਮਾਨਯੋਗ ਗਿਆਨੀ ਜ਼ੈਲ ਸਿੰਘ ਜੀ, ਪ੍ਰਤਾਪ ਸਿੰਘ ਕੈਰੋਂ,ਸੰਜੇ ਗਾਂਧੀ,ਭਗਵਾਨ ਦਾਸ ਆਦਿ ਕਾਂਗਰਸੀ ਨੇਤਾਵਾਂ ਨਾਲ ਕੰਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੇਰੇ ਨਾਲ ਦੇ ਕਾਂਗਰਸੀ ਸਾਥੀ ਵਜੀਰ ਰਾਜੇ ਬਣ ਗਏ ਪਰ ਉਹਨਾਂ ਦਾ ਕਾਂਗਰਸ ਸਰਕਾਰ ਪ੍ਰਤੀ ਰੋਸ ਹੈ ਕਿ ਉਹਨਾਂ ਨੂੰ ਅੱਜ ਤੱਕ ਕਾਂਗਰਸ ਸਰਕਾਰ ਨੇ ਕੋਈ ਸਹੂਲਤ ਨਹੀਂ ਦਿੱਤੀ ਨਾਂ ਹੀ ਉਹਨਾਂ ਦੇ ਖਾਨਦਾਨ ਦੇ ਕਿਸੇ ਮੈਂਬਰ ਨੂੰ ਕੋਈ ਸਰਕਾਰੀ ਨੌਕਰੀ ਦਿੱਤੀ ਹੈ । ਚੰਨਣ ਸਿੰਘ ਨੇ ਕਾਂਗਰਸ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹਨਾਂ ਦੇ ਪਰਿਵਾਰ ਦੀ ਸੁਤੰਤਰਤਾ ਸੰਗ੍ਰਾਮੀ ਦੀ ਪੈਨਸ਼ਨ ਲਗਵਾਈ ਜਾਵੇ ਅਤੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਈ ਸਰਕਾਰੀ ਨੌਕਰੀ ਦਿੱਤੀ ਜਾਵੇ।

ਮੇਰਾ ਵੀ ਅੱਜ ਕੱਲ ਦੀ ਪੀੜ੍ਹੀ ਲਈ ਇਹੀ ਸੰਦੇਸ਼ ਹੈ ਕਿ ਅਸੀਂ ਵੀ ਖੁਦ ਚੰਨਣ ਸਿੰਘ ਵਾਂਗ ਮਿਹਨਤ ਕਰੀਏ, ਨਸ਼ਿਆਂ ਆਦਿ ਤੋਂ ਦੂਰ ਰਹੀਏ, ਚੰਗੀ ਖੁਰਾਕ ਖਾਈਏ, ਰੋਜ਼ਾਨਾ ਕਸਰਤ ਕਰੀਏ, ਚੰਗੀ ਸੰਗਤ ਵਿੱਚ ਰਹੀਏ,ਸਮਾਜ ਸੇਵਾ ਕਰਦੇ ਹੋਏ ਇਸ ਇਨਸਾਨੀ ਜੀਵਣ ਨੂੰ ਸਫ਼ਲ ਬਣਾਈਏ।

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532



# L.A. MERCHANDISE
Whole Sale +Retail

ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables







ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

- ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।

Baksho Kaur Bisla Hardev Singh Bisla



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਇਗਾ ਯਕੀਨੀ

DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

Tel: 800.936.4011 • 209.636.0880

WE HANDLE DOT AUDITS

GLOBAL SOLUTION FOR TRANSPORTATION
(A PAPERLESS SOLUTION FOR TRUCKING)

RAJINDER SINGH LAKHVIR SINGH

email: info@etruckingsolution.com • www.etruckingsolution.com



# AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222



Prop: Jasbir Singh Takhar
510-755-2132

1421 Industrial PKWY West#F Hayward, CA 94544

Harmandeep Singh



Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other that we still are. Call me by my old familiar name. Speak to me in the easy way, which you always used. Play, smile, think of me. All is well." ~ Henry Scott Holland**

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grand-father and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram family in a religious service honoring the Ninth Memorial Ceremony of this great departed soul.

## Program:

**Commence Prayer Ceremony (Arambh Sri Akhand Path Sahib):**
**Friday January 26, 2018 at 11:00 am.**

**Conclusion of Prayer -- Main Service (Bhog):**
**Sunday January 28, 2018 -- 10:00 am to 3:00 pm**

## Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

## For additional information, please call:



**Paul Ram**
**(650) 296-4208**



**Jack Ram**
**(650) 455-9026**

# ਗੱਲ-ਬਾਤ ਪੱਛਮੀ ਧੜੇ 'ਚ ਜਾਣ ਕਰਕੇ ਭਾਰਤ ਦੀ ਹਸਤੀ ਮਿਟ ਰਹੀ ਹੈ - ਪ੍ਰੋ. ਤੁਲਸੀ ਰਾਮ

**ਮੁਲਾਕਾਤੀ - ਡਾ. ਅਮਿਤ ਕੁਮਾਰ ਵਿਸ਼ਵਾਸ**
**ਅਨੁਵਾਦ - ਕੇਹਰ ਸ਼ਰੀਫ਼**

ਜਵਾਹਰ ਲਾਲ ਨਹਿਰੂ ਵਿਸ਼ਵ ਵਿਦਿਆਲੇ (ਝੂੰ) ਨਵੀਂ ਦਿੱਲੀ ਦੇ ਸਕੂਲ ਆਫ ਇੰਟਰਨੈਸ਼ਨਲ ਸਟੱਡੀਜ਼ ਦੇ ਸੈਂਟਰ ਫਾਰ ਰਸ਼ੀਅਨ ਐਂਡ ਸੈਂਟਰਲ ਏਸ਼ੀਅਨ ਸਟੱਡੀਜ਼ ਵਿਖੇ ਪ੍ਰੋਫੇਸਰ ਦੇ ਅਹੁਦੇ 'ਤੇ ਪਹੁੰਚੇ ਪ੍ਰੋ. ਤੁਲਸੀ ਰਾਮ ਦੁਨੀਆਂ ਦੀ ਕਮਿਊਨਿਸਟ ਲਹਿਰ ਅਤੇ ਰੂਸੀ ਮਾਮਲਿਆਂ ਦੇ ਮਾਹਿਰ ਸਨ। ਨਾਲ ਹੀ ਅੰਤਰਰਾਸ਼ਟਰੀ ਬੋਧੀ ਅੰਦੋਲਨ, ਦਲਿਤ ਅੰਦੋਲਨ ਅਤੇ ਹਿੰਦੀ ਸਾਹਿਤ ਬਾਰੇ ਵੀ ਉਨ੍ਹਾਂ ਦੀ ਡੂੰਘੀ ਪਕੜ ਸੀ। ਕਾਰਲ ਮਾਰਕਸ, ਮਹਾਤਮਾ ਬੁੱਧ ਅਤੇ ਡਾਕਟਰ ਅੰਬੇਦਕਰ ਨੂੰ ਆਪਣੇ ਰਾਹਦਸੇਰਾ ਵਿਚਾਰਵਾਨ ਮੰਨਣ ਵਾਲੇ ਤੁਲਸੀ ਰਾਮ ਨੇ ਹਿੰਦੀ ਅਤੇ ਅੰਗਰੇਜ਼ੀ ਵਿਚ ਬਹੁਤ ਸਾਰਾ ਲਿਖਿਆ। 'ਮੁਰਦਹਿਆ' ਅਤੇ 'ਮਣੀਕਰਣਿਕਾ' ਦੇ ਨਾਂ ਨਾਲ ਛਪੀ ਉਨ੍ਹਾਂ ਦੀ ਸਵੈਜੀਵਨੀ ਦੇ ਦੋਵੇਂ ਭਾਗਾਂ ਨੂੰ ਹਿੰਦੀ ਸਾਹਿਤ ਦੇ ਅਮੁੱਲ ਖ਼ਜ਼ਾਨੇ ਵਜੋਂ ਮਾਨਤਾ ਹੈ। 'ਮਣੀਕਰਣਿਕਾ' ਬਨਾਰਸ ਦਾ ਉਹ ਘਾਟ ਹੈ ਜਿੱਥੇ ਮੁਰਦੇ ਨੂੰ ਬੰਨ੍ਹ ਕੇ ਅੰਤਮ ਸਸਕਾਰ ਦੇ ਲਈ ਇਸ ਆਸ ਨਾਲ ਲਿਆਇਆ ਜਾਂਦਾ ਹੈ ਕਿ ਇੱਥੋਂ ਸਿੱਧੇ ਹੀ ਉਸਨੂੰ ਸਵਰਗ ਵਿਚ ਥਾਂ ਮਿਲੇਗਾ। ਉਂਜ ਬਨਾਰਸ ਬਾਰੇ ਇਕ ਹੋਰ ਧਾਰਨਾ ਵੀ ਪ੍ਰਚਲਿਤ ਹੈ ਕਿ ਕਿ ਇੱਥੇ ਕੋਈ ਭੁੱਖਾ ਨਹੀਂ ਰਹਿੰਦਾ, ਪਰ - ਇੱਥੇ ਆਉਂਦੇ ਹੀ ਤੁਲਸੀ ਰਾਮ ਨੂੰ ਇਹ ਧਾਰਨਾ (ਮਿੱਥ) ਝੂਠੀ ਲੱਗੀ। ਉਹ ਖੁਦ ਹੀ ਲਿਖਦੇ ਹਨ ਕਿ ਉਨ੍ਹਾਂ ਨੂੰ ਇੱਥੇ ਸਿਰਫ ਇਕ ਦੋ ਦਿਨ ਹੀ ਨਹੀਂ ਸਗੋਂ ਪੂਰੇ 9 ਦਿਨ ਤੱਕ ਭੁੱਖੇ ਰਹਿਣ ਲਈ ਮਜਬੂਰ ਹੋਣਾ ਪਿਆ। ਗੰਗਾ ਦੇ 'ਘਾਟ' 'ਤੇ ਭੁੱਖਿਆਂ ਦੀ ਲੰਬੀ ਲੰਬੀ ਕਤਾਰ ਦੇਖਕੇ ਉਨ੍ਹਾਂ ਦੇ ਮਨ ਵਿਚੋਂ ਆਵਾਜ਼ ਆਈ 'ਗੰਗਾ ਪਾਪੀ ਦਾ ਪਾਪ ਤਾਂ ਧੋ ਸਕਦੀ ਹੈ ਪਰ ਭੁੱਖ ਨਹੀਂ ਮਿਟਾ ਸਕਦੀ'। ਪ੍ਰੋ. ਤੁਲਸੀ ਰਾਮ ਦੀ ਸਵੈਜੀਵਨੀ ਵਿਚ ਉਨ੍ਹਾਂ ਵਲੋਂ ਪੇਸ਼ ਕੀਤਾ 'ਮੈਂ' ਕੋਈ ਵਿਅਕਤੀ ਨਹੀਂ ਸਗੋਂ ਹਰ ਪਲ ਬੁੱਧ ਦੇ ਦਰਸ਼ਣ ਤੋਂ ਪੂਰਨ ਪ੍ਰਭਾਵਿਤ ਇਕ ਅੰਬੇਦਕਰਵਾਦੀ ਹੈ ਜਿਸਦੇ ਹਰ ਫੈਸਲੇ ਅਤੇ ਕਾਰਜ ਦੀ ਪਿੱਠਭੂਮੀ (ਪਿਛੋਕੜ) ਇਸੇ ਦਰਸ਼ਨ ਤੋਂ ਪ੍ਰਭਾਵਿਤ ਹੈ। ਇਹ ਕਿਤਾਬ ਹੋਰ ਸਵੈਜੀਵਨੀਆਂ ਵਰਗੀ ਸਿਰਫ ਵਿਅਕਤੀਗਤ ਦੁੱਖ/ਪੀੜ ਨਹੀਂ ਬਲਕਿ ਵਰਤਮਾਨ ਸਮਾਜ ਦੀ ਪੀੜ ਦਾ ਸਮੁੱਚਾ ਬ੍ਰਿਤਾਂਤ ਹੈ। ਦਰਅਸਲ ਇਹ ਹਿੰਦੂ ਸਮਾਜ ਦੀਆਂ ਤ੍ਰਾਸਦੀਆਂ ਨੂੰ ਸਾਹਮਣੇ ਲਿਆਉਣ ਵਾਲਾ ਦਸਤਾਵੇਜ਼ ਹੈ ਜਿਸ ਵਿਚ ਇਕ ਪਾਸੇ ਦਲਿਤਾਂ ਦਾ ਔਕੜਾਂ ਭਰਪੂਰ ਭੂਤਕਾਲ (ਬੀਤਿਆ ਕੱਲ੍ਹ) ਹੈ ਅਤੇ ਦੂਜੇ ਪਾਸੇ ਹਿੰਦੂ ਸਮਾਜ ਦੀ ਨੰਗੀ ਤਸਵੀਰ ਹੈ। ਇਹ ਸਵੈਜੀਵਨੀ ਵਾਰ ਵਾਰ ਇਹੋ ਸਵਾਲ ਪੁੱਛਦੀ ਹੈ ਕਿ ਦਲਿਤਾਂ ਨੂੰ ਮਨੁੱਖੀ ਹੱਕਾਂ ਤੋਂ ਵਾਂਝਾ ਕਿਉਂ ਰੱਖਿਆ ਗਿਆ? ਜੀਅ-ਜਾਨ ਲਾ ਕੇ ਕਰੜੀ ਮਿਹਨਤ ਕਰਨ ਦੇ ਬਾਵਜੂਦ ਵੀ ਇਨ੍ਹਾਂ ਨੂੰ ਰੱਜਵੀਂ ਰੋਟੀ ਕਿਉਂ ਨਹੀਂ ਮਿਲੀ? ਖਾਣ ਨੂੰ ਮਿਲਿਆ ਵੀ ਤਾਂ ਪਸ਼ੂਆਂ ਦੇ ਗੋਹੇ ਵਿਚੋਂ ਨਿਕਲੇ ਦਾਣੇ ਜਾਂ ਮਰੇ ਹੋਏ ਪਸ਼ੂਆਂ ਦਾ ਮਾਸ। ਇਕਦਮ/ਬਿਲਕੁੱਲ ਲੀਰਾਂ ਹੋਈ ਜ਼ਿੰਦਗੀ ਦੀ ਦੁੱਖ ਭਰੀ, ਦਿਲ ਪਾੜ ਜਾਣ ਵਾਲੀ ਦਾਸਤਾਂ ਨੂੰ ਸਮਾਜ ਦੀ ਤ੍ਰਾਸਦੀ ਦੇ ਰੂਪ ਵਿਚ ਇਹ ਵਾਰ ਵਾਰ ਸਾਹਮਣੇ ਲਿਆਉਂਦੀ ਹੈ।

'ਅਸ਼ਵਘੋਸ਼' ਨਾਂ ਦੀ ਪ੍ਰਸਿੱਧ ਬੋਧੀ ਅਤੇ ਸਾਹਿਤਕ ਪੱਤ੍ਰਿਕਾ ਦੇ ਸੰਪਾਦਕ ਅਤੇ ਵਿਦੇਸ਼ੀ ਮਾਮਲਿਆਂ ਬਾਰੇ ਬੋਧੀ ਦ੍ਰਿਸ਼ਟੀਕੋਨ ਤੋਂ ਦਖਲ ਦੇਣ ਵਾਲੇ ਪ੍ਰੋ. ਤੁਲਸੀ ਰਾਮ ਦੀਆਂ ਰਚਨਾਵਾਂ 'ਅੰਗੋਲਾ ਕਾ ਮੁਕਤੀ ਸੰਘਰਸ਼', 'ਸੀ.ਆਈ.ਏ. : ਰਾਜਨੀਤਕ ਵਿਧਵੰਸ ਕਾ ਅਮਰੀਕੀ ਹਥਿਆਰ', 'ਦ ਹਿਸਟਰੀ ਆਫ ਕਮਿਊਨਿਸਟ ਮੂਵਮੈਂਟ ਇਨ ਇਰਾਨ','ਪਰਸ਼ੀਆ ਟੂ ਇਰਾਨ (ਵੰਨ ਸਟੈਪ ਫਾਰਵਰਡ ਟੂ ਸਟੈਪ ਬੈਕ)', ਅਤੇ 'ਆਈਡਿਅਲੋਜੀ ਇਨ ਸੋਵੀਅਤ ਇਰਾਨ ਰੀਲੇਸ਼ਨਜ਼' (ਲੈਨਿਨ ਟੂ ਸਟਾਲਿਨ) ਰਚਨਾ ਸੰਸਾਰ ਵਿਚ ਸ਼ਾਮਲ ਹਨ। ਦਲਿਤ ਸਮਾਜ ਵਿਚ ਜਨਮੇ ਤੁਲਸੀ ਰਾਮ ਧੱਕੇ-ਧੌਂਸ ਵਾਲੀ, ਹੰਕਾਰਵਾਦੀ ਰਾਜਨੀਤੀ ਦੇ ਖਿਲਾਫ ਸਨ ਅਤੇ ਮਾਰਕਸਵਾਦ-ਅੰਬੇਦਕਰਵਾਦ ਵਾਲੇ ਸਾਂਝੇ ਮੋਰਚੇ ਦੀ ਖੱਬੀ ਅਤੇ ਲੋਕ ਹਿਤਾਂ ਵਾਲੀ/ ਆਮ ਲੋਕਾਂ ਦੇ ਹੱਕ ਪੂਰਨ ਵਾਲੀ ਰਾਜਨੀਤੀ ਦੇ ਹਮਾਇਤੀ ਸਨ। ਹਿੰਦੀ ਸਮਾਜ ਨੂੰ ਉਨ੍ਹਾਂ ਤੋਂ ਬਹੁਤ ਕੁੱਝ ਸਿੱਖਣ/ਸਮਝਣ ਦੀ ਆਸ ਸੀ ਪਰ ਉਹ ਆਪਣੀ 65 ਸਾਲ ਦੀ ਉਮਰ ਵਿਚ ਹੀ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਕਈ ਸਾਲ ਪਹਿਲਾਂ ਜਦੋਂ ਉਹ ਵਰਧਾ ਵਿਖੇ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਵਿਸ਼ਵਵਿਦਿਆਲੇ ਵਿਚ ਆਏ ਸਨ ਉਦੋਂ ਡਾ. ਅਮਿਤ ਵਿਸ਼ਵਾਸ ਨੇ ਉਨ੍ਹਾਂ ਨਾਲ ਦਲਿਤ ਮੁੱਦਿਆਂ ਸਹਿਤ ਬਹੁਤ ਸਾਰੇ ਮਾਮਲਿਆਂ ਬਾਰੇ ਗੱਲਬਾਤ ਕੀਤੀ ਸੀ। ਪੇਸ਼ ਹਨ ਉਸ ਗੱਲਬਾਤ ਵਿਚੋਂ ਕੁੱਝ ਅੰਸ਼ :

? - ਤੁਸੀਂ ਦਲਿਤ ਚਿੰਤਕ ਵਜੋਂ ਜਾਣੇ ਜਾਂਦੇ ਹੋ, ਦਲਿਤਾਂ ਅਤੇ ਗੈਰ-ਦਲਿਤਾਂ ਦੋਵਾਂ ਵਲੋਂ ਅਜ ਦਲਿਤ ਸਾਹਿਤ ਵੱਡੀ ਗਿਣਤੀ ਵਿਚ ਲਿਖਿਆ ਜਾ ਰਿਹਾ ਹੈ। ਸੰਵੇਦਨਾਂ ਦੇ ਪੱਧਰ 'ਤੇ ਤੁਸੀਂ ਦੋਹਾਂ ਵਲੋਂ ਲਿਖੇ ਜਾ ਰਹੇ ਨੂੰ ਕਿਸ ਰੂਪ ਵਿਚ ਦੇਖਦੇ ਹੋ?

ਦੇਖੋ! ਭਾਰਤੀ ਸਾਹਿਤ ਅੰਦਰ ਸਮਾਜ ਦੇ ਹਰ ਵਰਗ ਅਤੇ ਹਰ ਤਬਕੇ ਦਾ ਵਰਨਣ ਹੋਣਾ ਜਰੂਰੀ ਹੈ ਕਿਉਂਕਿ ਕਿਸੇ ਵੀ ਦੇਸ਼ ਦਾ ਸਮਾਜ ਓਥੋਂ ਦੇ ਕੁੱਝ ਵਰਗਾਂ ਦੇ ਸਹਾਰੇ ਨਹੀਂ ਚਲਦਾ। ਉਸ ਵਿਚ ਸਭ ਵਰਗਾਂ ਦਾ ਭਾਗੀਦਾਰੀ/ ਹਿੱਸਾ ਹੋਣਾ ਚਾਹੀਦਾ ਹੈ ਤਾਂ ਹੀ ਦੇਸ਼ ਦਾ ਸੰਪੂਰਨ ਵਿਕਾਸ ਸੰਭਵ ਹੈ। ਭਾਰਤੀ ਦਲਿਤ ਸਾਹਿਤ ਨੂੰ ਦੇਸ਼ ਦੇ ਬਦਲਵੇਂ ਸਮਾਜਕ ਇਤਿਹਾਸ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ। ਇਤਿਹਾਸ ਵਿਚ ਇਹ ਬਹੁਤ ਜ਼ਰੂਰੀ ਹਿੱਸਾ ਲੰਬੇ ਸਮੇਂ ਤੋਂ ਨਜ਼ਰ ਹੀ ਨਹੀਂ ਆ ਰਿਹਾ। ਸਾਹਿਤ ਸਮਾਜ ਦੀ ਸੱਚੀ ਤਸਵੀਰ ਵਿਖਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਦਲਿਤ ਸਾਹਿਤ ਨੂੰ ਵੀ ਭਾਰਤੀ ਸਾਹਿਤ ਵਿਚ ਉਹ ਹੀ ਥਾਂ ਮਿਲਣੀ ਚਾਹੀਦੀ ਹੈ ਜਿਸ ਤਰ੍ਹਾਂ ਹੋਰ ਭਾਸ਼ਾਵਾਂ ਦੇ ਸਾਹਿਤ ਨੂੰ ਮਿਲੀ ਹੋਈ ਹੈ। ਦਲਿਤ ਸਾਹਿਤ ਦੀ ਜਦੋਂ ਤੱਕ ਠੀਕ ਵਿਆਖਿਆ ਨਹੀਂ ਹੋਵੇਗੀ ਉਦੋਂ ਤੱਕ ਭਾਰਤੀ ਸਾਹਿਤ ਵਿਕਾਸ ਦੀ ਸਹੀ ਪ੍ਰਕਿਰਿਆ ਉੱਤੇ ਠੀਕ ਢੰਗ ਨਾਲ ਚੱਲ ਨਹੀਂ ਸਕੇਗਾ ਕਿਉਂਕਿ ਦਲਿਤ ਸਾਹਿਤ ਹੀ ਅਜਿਹੀ ਕੜੀ ਹੈ ਜੋ ਸਮਾਜ ਦੇ ਉਸ ਪੱਖ ਨੂੰ ਪੇਸ਼ ਕਰਦਾ ਹੈ ਜਿਸ ਤੋਂ ਅੱਜ ਵੀ ਸਾਡੇ ਸਮਾਜ ਦੇ ਕੁੱਝ ਵਰਗ ਅਣਜਾਣ ਹਨ। ਦਲਿਤ ਸਾਹਿਤ ਵਿਚ ਦਲਿਤ ਆਪਣੇ ਆਪ ਵਿਚ ਵਿਲੱਖਣ ਇਸ ਕਰਕੇ ਹੈ ਕਿਉਂਕਿ ਸਿੱਖਿਆ ਤੋਂ ਸੱਖਣਾ ਰਹਿਣ ਦੇ ਬਾਵਜੂਦ ਵੀ ਦਲਿਤ ਸਮਾਜ ਨੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਮਿਸਾਲ ਵਜੋਂ ਚਿੱਤਰਕਾਰੀ ਅਤੇ ਲੋਕ ਨਾਟਕ ਦੁਆਰਾ ਉਨ੍ਹਾਂ ਨੇ ਆਪਣੀ ਵੇਦਨਾ/ਪੀੜ/ਦੁੱਖ-ਦਰਦ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਉਨ੍ਹਾਂ ਦੇ ਬਗਾਵਤੀ ਸੁਰ ਵੀ ਦਿਸਦੇ ਹਨ। ਭਾਵੇਂ ਉਹ ਸੁਰ ਸ਼ਾਂਤ ਹੋਣ, ਉਸ ਵਿਚ ਕੋਈ ਉੱਚੀ ਆਵਾਜ਼ ਨਾ ਹੋਵੇ ਪਰੰਤੂ ਆਪਣੇ ਉੱਪਰ ਹੋਏ ਸੋਸ਼ਣ ਦੇ ਖਿਲਾਫ ਜੋ ਚੀਖ ਵਿਖਾਈ ਤੇ ਸੁਣਾਈ ਦਿੰਦੀ ਹੈ ਉਹ ਸਮਾਜ ਦੇ ਉਨ੍ਹਾਂ ਸਾਰੇ ਵਰਗਾਂ ਨੂੰ ਕਟਿਹਰੇ ਵਿਚ ਖੜ੍ਹਾ ਕਰਦੀ ਹੈ ਜਿਨ੍ਹਾਂ ਨੇ ਹਮੇਸ਼ਾ ਹੀ ਪਿਛੜੇ ਵਰਗਾਂ ਨੂੰ ਸਮਾਜ ਦੇ ਹਾਸ਼ੀਏ ਤੋਂ ਬਾਹਰ ਹੀ ਧੱਕੀ ਰੱਖਿਆ ਹੈ। ਦਰਅਸਲ ਦਲਿਤ ਸਾਹਿਤ ਹਿੰਦੂ ਸਮਾਜ ਵਿਚ ਬੁਰੀ ਤਰ੍ਹਾਂ ਫੈਲੀ ਅਤੇ ਪੱਕ ਚੁੱਕੀ ਵਰਣ ਵਿਵਸਥਾ (ਜਾਤ-ਪਾਤ ਵਾਲਾ ਪ੍ਰਬੰਧ) ਦੇ ਖਿਲਾਫ ਅਤੇ ਮਨੁੱਖਤਾ ਦੇ ਹੱਕ ਵਿਚ ਲਿਖਿਆ ਜਾਣ ਵਾਲਾ ਸਾਹਿਤ ਹੈ। ਜਿਹੜਾ ਵੀ ਵਿਅਕਤੀ ਜਾਤ ਪਾਤ ਵਾਲੇ ਪ੍ਰਬੰਧ (ਵਰਣ ਵਿਵਸਥਾ) ਦੇ ਖਿਲਾਫ ਲਿਖਦਾ ਹੈ - ਉਹ ਦਲਿਤ ਸਾਹਿਤ ਹੈ। ਅਜ ਕੁੱਝ ਤੱਤਵਾਦੀ ਦਲਿਤ ਜਿਨ੍ਹਾਂ ਦੀ ਗਿਣਤੀ ਸਾਹਿਤ ਵਿਚ ਬਹੁਤ ਥੋੜ੍ਹੀ ਹੈ ਉਹ ਗੈਰ-ਦਲਿਤ ਵਲੋਂ ਲਿਖੇ ਗਏ ਸਾਹਿਤ ਨੂੰ ਇਕ ਸਿਰੇ ਤੋਂ ਖਾਰਿਜ ਕਰ ਰਹੇ ਹਨ - ਜੋ ਕਿ ਗਲਤ ਹੈ । ਅਨੁਭਵੀ ਦ੍ਰਿਸ਼ਟੀ ਨਾਲ ਦੇਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਜਿਸ ਦੇ ਜ਼ਖ਼ਮ ਹਨ ਉਹ ਹੀ ਦਰਦ ਨੂੰ ਸਹੀ ਬਿਆਨ ਕਰ ਸਕਦਾ ਹੈ।

? - ਕੀ ਤੁਸੀਂ ਸਮਝਦੇ ਹੋ ਕਿ ਦਲਿਤ ਸਾਹਿਤ ਅੰਦਰ ਵੀ ਜਾਤ-ਪਾਤ ਵਾਲੀ ਭਾਵਨਾ ਪ੍ਰਚੰਡ ਹੁੰਦੀ ਦਿਸ ਰਹੀ ਹੈ- ਇਸ ਬਾਰੇ ਤੁਹਾਡੀ ਰਾਇ ?

ਜੇ ਦਲਿਤ ਵੀ ਜਾਤੀਵਾਦ ਵਿਚ ਫਸਦੇ ਹਨ ਤਾਂ ਇਸ ਵਾਸਤੇ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਜਾਤਪਾਤ ਦਾ ਜੋ ਵੀ ਧਾਰਮਕ ਅਧਾਰ ਹੈ ਅਤੇ ਉਸ ਨੂੰ ਜੋ ਅੰਧ-ਵਿਸ਼ਵਾਸ ਨਾਲ ਜੋੜਿਆ ਗਿਆ ਹੈ, ਪੜ੍ਹੇ-ਲਿਖੇ ਨਾ ਹੋਣ ਕਰਕੇ ਇਸ ਦੇ ਸਭ ਤੋਂ ਵੱਧ ਸ਼ਿਕਾਰ ਦਲਿਤ ਹੀ ਹੋਏ ਹਨ। ਜਾਤ-ਪਾਤੀ ਪ੍ਰਬੰਧ ਭਗਵਾਨ ਨੇ ਬਣਾਇਆ ਹੈ ਅਤੇ ਪਿਛਲੇ ਜਨਮਾਂ ਵਿਚ ਕੀਤੇ ਗਏ ਕਰਮਾਂ ਤੋਂ ਤੁਹਾਡੀ ਜਾਤ ਮਿੱਥੀ ਜਾਂਦੀ ਹੈ ਵਰਗੀਆਂ ਨਿਰ-ਅਧਾਰ ਗੱਲਾਂ ਦਾ ਲੋਕਾਂ ਵਿਚ ਬਹੁਤ ਪ੍ਰਚਾਰ ਹੋਇਆ ਹੈ। ਦਲਿਤ ਵੀ ਇਨ੍ਹਾਂ ਗੱਲਾਂ ਵਿਚ ਆ ਜਾਂਦਾ ਹੈ ਅਤੇ ਸੋਚਦਾ ਹੈ ਕਿ ਜੋ ਉਸਤੋਂ ਵੀ ਥੱਲੇ ਹੈ ਉਸਨੇ ਤਾਂ ਪਿਛਲੇ ਜਨਮ ਵਿਚ ਮੇਥੋਂ ਵੀ ਮਾੜੇ ਕਰਮ ਕੀਤੇ ਹੋਣਗੇ। ਜਿਸ ਕਰਕੇ ਉਹ, ਉਸਨੂੰ ਬਹੁਤ ਹੀ ਭੈੜੀ ਨਜ਼ਰ ਨਾਲ ਦੇਖਦਾ ਹੈ। ਇਸ ਵਾਸਤੇ ਦੋਸ਼ੀ ਦਲਿਤ ਨਾ ਹੋ ਕੇ ਲੋਕਾਂ ਨੂੰ ਵੰਡਣ ਵਾਲਾ ਜਾਤ-ਪਾਤ ਵਾਲਾ ਪ੍ਰਬੰਧ ਹੀ ਹੈ। ਹੁਣ ਜ਼ਰਾ ਸੋਚੋ ਕਿ ਉੱਚੀ ਜਾਤ ਵਾਲੇ ਪੂਰੇ ਦਲਿਤ ਸਮਾਜ ਵਾਸਤੇ ਕਿੰਨੇ ਖਤਰਨਾਕ ਸਾਬਤ ਹੋ ਰਹੇ ਹੋਣਗੇ। ਜਾਤ-ਪਾਤ (ਵਰਣ ਵਿਵਸਥਾ) ਵਾਲਾ ਪ੍ਰਬੰਧ ਇੰਨਾ ਜ਼ਾਲਿਮ ਹੈ ਕਿ ਉਹ ਦਲਿਤ ਨੂੰ ਹੀ ਦਲਿਤ ਦੇ ਖਿਲਾਫ ਖੜ੍ਹਾ ਕਰ ਦਿੰਦਾ ਹੈ। ਦਲਿਤ ਸਾਹਿਤ ਨੂੰ ਜਾਨਣ-ਸਮਝਣ ਵਾਸਤੇ ਬੁੱਧ ਧਰਮ ਨੂੰ ਜਾਨਣਾ ਸਮਝਣਾ ਹੋਵੇਗਾ ਕਿਉਂਕਿ ਬੁੱਧ ਧਰਮ ਤੋਂ ਹੀ ਦਲਿਤ ਸਾਹਿਤ ਦਾ ਵਿਕਾਸ ਹੋਇਆ ਹੈ, ਉਸ ਤੋਂ ਬਿਨਾਂ ਦਲਿਤ ਸਾਹਿਤ ਦਾ ਕੋਈ ਅਧਾਰ ਨਹੀਂ ਹੈ। ਜੋ ਲੋਕ ਦਲਿਤ ਸਾਹਿਤ ਨੂੰ ਬੁੱਧ ਧਰਮ ਤੋਂ ਵੱਖਰਾ ਮੰਨਦੇ ਹਨ ਦਰਅਸਲ ਉਹ ਕਿਸੇ ਭਰਮ ਵਿਚ ਜੀਊਂਦੇ ਆ ਰਹੇ ਹਨ। ਬੁੱਧ ਧਰਮ ਨੂੰ ਅਪਨਾਉਣ ਨਾਲ ਹੀ ਜਾਤ-ਪਾਤ ਵਾਲੀ ਭਾਵਨਾ ਤੋਂ ਬਚਿਆ ਜਾ ਸਕਦਾ ਹੈ। ਇਸ ਲਈ ਜਰੂਰੀ ਹੈ ਕਿ ਅਜ ਦਲਿਤ ਸਾਹਿਤ ਨੂੰ ਬੁੱਧ ਧਰਮ ਦੀ ਕਸੌਟੀ 'ਤੇ ਪਰਖਿਆ ਜਾਵੇ ਕਿਉਂਕਿ ਬੁੱਧ ਧਰਮ ਬਰਾਬਰੀ ਦੇ ਦਰਸ਼ਨ ਨੂੰ ਕੇਂਦਰੀ ਨੁਕਤੇ ਵਜੋਂ ਪ੍ਰਭਾਸ਼ਿਤ ਕਰਦਾ ਅਤੇ ਪ੍ਰਵਾਨਦਾ ਹੈ। ਅੱਜ ਅਸੀਂ ਦੇਖ ਰਹੇ ਹਾਂ ਕਿ ਦਲਿਤ ਸਮਾਜ ਵਿਚ ਵੀ ਕਿਤੇ ਨਾ ਕਿਤੇ ਜਾਤ-ਪਾਤ ਵਾਲੇ ਪ੍ਰਬੰਧ ਦਾ ਦਖਲ ਵਧਦਾ ਜਾ ਰਿਹਾ ਹੈ। ਇਕ ਦਲਿਤ ਵਰਗ ਆਪਣੇ ਆਪ ਨੂੰ ਦੂਸਰੇ ਦਲਿਤ ਵਰਗ ਤੋਂ ਉੱਤਮ ਮੰਨ ਰਿਹਾ ਹੈ। ਜੇ ਅਜਿਹਾ ਹੀ ਚੱਲਦਾ ਰਿਹਾ ਤਾਂ ਜੋ ਲੜਾਈ ਅਜ ਦਲਿਤ ਵਰਗ ਦੀ ਉੱਚ ਵਰਗ ਨਾਲ ਹੈ ਤਾਂ ਉਹ ਲੜਾਈ ਪਿਛੜੀਆਂ ਜਾਤਾਂ ਦੀ ਆਪਸ ਵਿਚ ਹੋਵੇਗੀ।

? - ਦਲਿਤਾਂ ਦੀ ਹੋਂਦ ਵਾਲੀ ਪੇਸ਼ਕਾਰੀ ਨੂੰ ਅਕਸਰ ਦਬਾ ਦਿੱਤਾ ਜਾਂਦਾ ਹੈ- ਇਸ ਸੰਦਰਭ ਵਿਚ ਤੁਹਾਡੀ ਟਿੱਪਣੀ?

- ਅਸੀਂ ਖ਼ਬਰਾਂ ਵਿਚ ਪੜ੍ਹਦੇ ਆ ਰਹੇ ਹਾਂ ਕਿ ਉੱਚ ਜਾਤ ਵਾਲਿਆਂ ਨੇ ਦਲਿਤਾਂ ਨੂੰ ਜਾਲ਼ ਦਿੱਤਾ, ਦਲਿਤ ਔਰਤ ਨਾਲ ਬਲਾਤਕਾਰ ਕਰਕੇ ਕਤਲ ਕਰ ਦਿੱਤੀ ਗਈ। ਡੈਣ ਦੱਸਕੇ, ਉਹਨੂੰ ਨੰਗੀ ਕਰਕੇ ਪਿੰਡ ਪਿੰਡ ਘੁਮਾਇਆ ਗਿਆ, ਦਲਿਤਾਂ ਨੂੰ ਮੰਦਿਰਾਂ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ ਆਦਿ, ਫੇਰ ਵੀ ਅਸੀਂ ਆਪਣੀ ਆਵਾਜ਼ ਨਹੀਂ ਉਠਾਉਂਦੇ, ਆਖਰ ਕਿਉਂ? ਦਰਅਸਲ ਅਜ ਦਲਿਤ ਸਾਹਿਤ ਅੰਦਰ ਵੀ ਅਗਵਾਈ ਦਾ ਸਵਾਲ ਖੜ੍ਹਾ ਹੋ ਗਿਆ ਹੈ। ਭਾਰਤੀ ਸਾਹਿਤ ਅੰਦਰ ਦਲਿਤ ਸਾਹਿਤ ਦੇ ਪ੍ਰਭਾਵ ਨੂੰ ਦੇਖਦੇ ਹੋਏ ਕੁੱਝ ਲੋਕ ਦਲਿਤ ਸਾਹਿਤ ਦੀ ਕਲੋਨਿੰਗ (ਨਕਲ) ਕਰ ਰਹੇ ਹਨ। ਆਧੁਨਿਕ ਭਾਰਤੀ ਦਲਿਤ ਸਾਹਿਤ ਦੀ ਨੀਂਹ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਦਲਿਤਾਂ ਨੂੰ ਵਿਦਿਆ ਦਾ ਅਧਿਕਾਰ ਦੁਆ ਕੇ ਰੱਖੀ ਸੀ। ਡਾ. ਅੰਬੇਦਕਰ ਦਲਿਤਾਂ ਜਾਂ ਪਛੜੇ ਵਰਗਾਂ ਵਾਸਤੇ ਹੀ ਨਹੀਂ ਸੋਚਦੇ ਸਨ ਬਲਕਿ ਉਹ ਸਮਾਜ ਦੇ ਉਸ ਪ੍ਰਬੰਧ ਦੇ ਖਿਲਾਫ ਸਨ ਜੋ ਮਨੁੱਖ ਤੋਂ ਮਨੁੱਖ ਦੇ ਦਰਮਿਆਨ ਭਿੰਨ-ਭੇਦ ਕਰਕੇ ਇਕ ਨੂੰ ਹਾਸ਼ੀਏ ਤੋਂ ਬਾਹਰ ਧੱਕ ਦਿੰਦਾ ਹੈ ਅਤੇ ਉਸ ਤੋਂ ਅੱਗੇ ਵਧਣ ਦਾ ਅਧਿਕਾਰ ਖੋਹ ਲੈਂਦਾ ਹੈ। ਸਾਡਾ ਸਾਹਿਤ ਨਵੇਂ ਸਮਾਜ ਦੀ ਸਿਰਜਣਾ ਵਾਸਤੇ ਬਗਾਵਤ ਦਾ ਪ੍ਰਤੀਕ ਸੀ। ਇਹ ਬਗਾਵਤ ਹੈ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਵਾਸਤੇ। ਇਹ ਕੁਝ ਪੜ੍ਹਿਆ-ਲਿਖਿਆ ਸਮਾਜ ਹੀ ਕਰ ਸਕਦਾ ਹੈ। ਅਜਿਹਾ ਸਮਾਜ ਆਪਣਾ ਦੁੱਖ-ਦਰਦ ਵੱਖੋ ਵੱਖ ਮੰਚਾਂ ਤੋਂ ਪੇਸ਼ ਕਰ ਸਕਦਾ ਹੈ। ਮਜ਼ਦੂਰਾਂ ਅਤੇ ਦਲਿਤਾਂ ਵਲ ਕੋਈ ਧਿਆਨ ਨਹੀਂ ਦਿੰਦਾ ਕਿਉਂਕਿ ਉਹ ਆਪਣੇ ਦੁੱਖਾਂ-ਦਰਦਾਂ ਬਾਰੇ ਕਿਧਰੇ ਦੱਸ ਹੀ ਨਹੀਂ ਸਕਦੇ। ਸਮਾਜ ਅੰਦਰ ਬਣੇ ਹੋਏ ਕੁੱਝ ਦਲ / ਜਥੇਬੰਦੀਆਂ ਆਪਣੇ ਬਾਰੇ ਦੱਸਣ (ਲਿਖਣ-ਬੋਲਣ ਆਦਿ) ਦੀ ਆਜ਼ਾਦੀ ਵਿਚ ਵੀ ਰੋੜੇ ਅਟਕਾਉਂਦੀਆਂ ਹਨ। ਅਜਿਹੀ ਸਥਿਤੀ ਵਿਚ ਆਪਣੇ ਬਾਰੇ ਦੂਜਿਆਂ ਨੂੰ ਦੱਸਣ ਦੀ ਆਜ਼ਾਦੀ ਦਾ ਸਵਾਲ ਬਹੁਤ ਵੱਡੀ ਚਣੌਤੀ ਬਣ ਕੇ ਸਾਡੇ ਸਾਹਮਣੇ ਉਭਰ ਰਿਹਾ ਹੈ। ਅਜਕਲ ਦਲਿਤ ਸਾਹਿਤ ਵੀ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਜਾਣ ਲੱਗਾ ਹੈ। ਇੱਥੇ ਮੈਨੂੰ ਇਹ ਕਹਿਣ ਤੋਂ ਕੋਈ ਝਿਜਕ ਨਹੀਂ ਕਿ ਜਦੋਂ ਕੋਈ ਉੱਚੀ ਜਾਤ ਦਾ ਵਿਅਕਤੀ ਦਲਿਤਾਂ ਉੱਪਰ ਹੋ ਰਹੇ ਅੱਤਿਆਚਾਰਾਂ ਬਾਰੇ ਲਿਖਦਾ ਹੈ ਤਾਂ ਉਹ ਸਮਾਜ ਸੁਧਰਕ ਕਹਾਉਂਦਾ ਹੈ, ਪਰੰਤੂ ਜਦੋਂ ਉਹ ਹੀ ਗੱਲ ਕੋਈ ਦਲਿਤ ਲਿਖਦਾ ਜਾਂ ਬੋਲਦਾ ਹੈ ਤਾਂ ਉਸਨੂੰ ਜਾਤੀਵਾਦੀ ਮੰਨ ਲਿਆ ਜਾਂਦਾ ਹੈ।

? - ਅਜਿਹਾ ਮੰਨਿਆਂ ਜਾਂਦਾ ਹੈ ਕਿ ਔਖੀ ਘੜੀ ਵੇਲੇ ਲੋਕ ਭਗਵਾਨ ਨੂੰ ਯਾਦ ਕਰਦੇ ਹਨ। ਤੁਹਾਡੇ ਜੀਵਨ 'ਚ ਦੁੱਖਾਂ ਦੇ ਪਹਾੜ ਖੜ੍ਹੇ ਰਹੇ ਹਨ ਕੀ ਅਜਿਹੀ ਸਥਿਤੀ ਵਿਚ ਵੀ ਤੁਹਾਨੂੰ ਭਗਵਾਨ ਦੀ ਯਾਦ ਨਹੀਂ ਆਈ ?

- ਮੈਂ ਕਾਰਲ ਮਾਰਕਸ ਅਤੇ ਭਗਵਾਨ ਬੁੱਧ ਤੋਂ ਪ੍ਰਭਾਵਿਤ ਰਿਹਾ ਹਾਂ। ਮਾਰਕਸ ਅਤੇ ਬੁੱਧ ਦੇ ਦਰਸ਼ਨ (ਫਲਸਫੇ) ਦਾ ਹੀ ਸਾਂਝਾ ਪ੍ਰਭਾਵ ਸੀ ਕਿ ਕਿ ਮੈਂ ਰੱਬ ਅਤੇ ਆਤਮਾ ਨੂੰ ਮੰਨਣ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ। ਅੱਜ ਤਾਂ ਰੱਬ ਦੇ ਨਾਂ 'ਤੇ ਧਰਮ ਦਾ ਪੂਰੀ ਤਰ੍ਹਾ ਗੋਰਖ ਧੰਦਾ ਚੱਲ ਰਿਹਾ ਹੈ। ਦੇਵਨਗਰੀ ਕਹੇ ਜਾਂਦੇ ਬਨਾਰਸ ਦੇ ਪ੍ਰਸਿੱਧ ਘਾਟਾਂ ਅਤੇ ਮੰਦਿਰਾਂ ਅੰਦਰ ਪਾਂਡਿਆਂ ਦੇ ਪਖੰਡ ਤਾਂ ਦੇਖੋ, ਇਸ ਨਫਰਤ ਪੈਦਾ ਕਰਨ ਵਾਲੇ ਕਾਰੋਬਾਰ ਨੂੰ ਪਰਖੋ ਕਿ ਕਿਵੇਂ ਭਗਤ, ਕ੍ਰਿਸ਼ਨ ਦਾ ਵਿਖਿਆਨ ਕਰਦੇ ਹੋਏ ਅਤੇ ਭੂਤ ਕੱਢਣ ਦੇ ਬਹਾਨੇ ਔਰਤਾਂ ਨੂੰ ਸੋਸ਼ਣ ਦਾ ਸ਼ਿਕਾਰ ਬਣਾਉਂਦੇ ਹਨ। ਆਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ ਉੱਚ ਜਾਤੀਵਾਦੀ ਤਾਕਤਾਂ ਵਲੋਂ ਅੱਗੇ ਵਧਣਾ / ਉਨ੍ਹਾਂ ਦਾ ਵਿਕਾਸ ਹੋਣਾ, ਦਲਿਤਾਂ ਉੱਤੇ ਅੱਤਿਆਚਾਰਾਂ ਦਾ ਮੁੱਖ ਕਾਰਨ ਹੈ। ਅਜ ਵੀ ਦਲਿਤਾਂ ਉੱਪਰ ਵੈਦਿਕ ਕਾਲ ਵਾਲੇ ਜ਼ੁਲਮ ਹੋ ਰਹੇ ਹਨ। ਅਜ ਦੁਨੀਆਂ ਅੰਦਰ ਲੱਗਪਗ 350 ਧਰਮਾਂ ਦਾ ਚਲਣ ਹੈ। ਇਨ੍ਹਾਂ ਵਿਚੋਂ ਕੇਵਲ ਹਿੰਦੂ ਧਰਮ ਹੀ ਅਜਿਹਾ ਧਰਮ ਹੈ ਜਿਸਦੇ ਸਭ ਦੇਵੀਆਂ ਅਤੇ ਦੇਵਤੇ ਹਥਿਆਰਾਂ ਸਮੇਤ ਦਿਸਦੇ ਹਨ। ਜਿਸ ਧਰਮ ਦੇ ਦੇਵੀਆਂ ਤੇ ਦੇਵਤੇ ਵੀ ਆਪਣੇ ਆਪ ਨੂੰ ਹਥਿਆਰਾਂ ਵਿਚ ਜਕੜੀ ਫਿਰਨ ਉਨ੍ਹਾਂ ਦੇ ਚੇਲਿਆਂ ਅਤੇ ਭਗਤਾਂ ਬਾਰੇ ਸੌਖਿਆਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਕਰਕੇ ਮੈਂ ਆਪਣੇ ਆਪ ਨੂੰ ਰੱਬ ਵਿਚ ਯਕੀਨ ਨਾ ਕਰਨ ਵਾਲਾ ਮੰਨਦਾ ਹਾਂ। ਕਿਸੇ ਔਖੀ ਘੜੀ ਵੀ ਕਦੇ ਰੱਬ ਯਾਦ ਨਹੀਂ ਆਇਆ।

? - ਤੁਸੀਂ ਮਾਰਕਸਵਾਦੀ ਪਾਰਟੀ ਨਾਲ ਜੁੜੇ ਰਹੇ ਹੋ, ਕੀ ਇਹ ਸੱਚ ਹੈ ਕਿ ਜਾਤੀਗਤ ਕਾਰਨਾਂ ਕਰਕੇ ਰੂਸ ਨੂੰ ਪਰਵਾਸ ਕਰਨ ਤੋਂ ਤੁਹਾਨੂੰ ਰੋਕ ਦਿੱਤਾ ਗਿਆ ਸੀ ।

- ਮਾਰਕਸਵਾਦ ਦੇ ਡੂੰਘੇ ਅਧਿਐਨ ਕਰਕੇ ਮੈਂ ਆਪਣੇ ਆਪ ਨੂੰ ਮਾਰਕਸਵਾਦੀ ਕਮਿਊਨਿਸਟ ਪਾਰਟੀ ਲਈ ਪੂਰੇ ਤਨ-ਮਨ ਨਾਲ ਸਮਰਪਿਤ ਕਰ ਦਿੱਤਾ ਅਤੇ ਬਨਾਰਸ ਹਿੰਦੂ ਵਿਸ਼ਵਵਿਦਿਆਲੇ ਵਿਖੇ ਮਾਰਕਸਵਾਦੀ ਵਿਦਿਆਰਥੀ ਨੇਤਾ ਦੇ ਰੂਪ 'ਚ ਵਿਚਰਿਆ। ਇਕ ਵਾਰ ਜਦੋਂ ਕੋਈ ਪਰਚਾ ਲਿਖਦੇ ਸਮੇਂ ਉਸਦੇ ਅਖੀਰ ਵਿਚ ਡਾਕਟਰ ਅੰਬੇਦਕਰ ਦੇ ਨਾਮ ਦਾ ਜ਼ਿਕਰ ਕੀਤਾ ਤਾਂ ਉਸਨੂੰ ਕਿਸੇ ਮਾਰਕਸਵਾਦੀ ਨੇਤਾ ਨੇ ਕਟਵਾ ਦਿੱਤਾ। ਕੁੱਝ ਦਿਨ ਬਾਅਦ ਜਦੋਂ ਅਸੀਂ ਬਨਾਰਸ ਦੇ ਅਪਰਾਧੀ ਪਾਂਡਿਆਂ (ਪੰਡਿਤਾਂ) ਦੇ ਖਿਲਾਫ ਮੁਜ਼ਾਹਿਰਾ ਕਰਨ ਬਾਰੇ ਸੋਚਿਆ ਤਾਂ ਇਹ ਕਹਿ ਕੇ ਸਾਨੂੰ ਰੋਕ ਦਿੱਤਾ ਗਿਆ ਕਿ 'ਕਿਉਂ ਗਰੀਬ ਬ੍ਰਾਹਮਣਾਂ ਦੀ ਰੋਜ਼ੀ-ਰੋਟੀ ਦੇ ਪਿੱਛੇ ਪਏ ਹੋ'। ਇਕ ਵਾਰ ਪਾਰਟੀ ਵਲੋਂ ਹੀ ਸਹੀ ਤਰੀਕੇ ਨਾਲ ਪ੍ਰਬੰਧ ਕੀਤੇ ਗਏ ਪਰਵਾਸ ਤੋਂ ਇਹ ਕਹਿ ਕੇ ਰੋਕ ਦਿੱਤਾ ਗਿਆ ਕਿ ਦੇਸ਼ ਦੇ ਮਾਰਕਸਵਾਦੀ ਅੰਦੋਲਨ ਨੂੰ ਤੁਹਾਡੀ ਲੋੜ ਹੈ ਅਤੇ ਤੁਹਾਡਾ ਸਥਾਨ ਕੋਈ ਹੋਰ ਨਹੀਂ ਲੈ ਸਕਦਾ। ਪਰ ਬਾਅਦ ਵਿਚ ਪਤਾ ਲੱਗਾ ਕਿ ਮੈਨੂੰ ਸਿਰਫ ਮੇਰੀ ਜਾਤ ਦੇ ਕਰਕੇ ਹੀ ਇਸ ਤੋਂ ਰੋਕਿਆ ਗਿਆ ਸੀ। ਇਨ੍ਹਾਂ ਸਾਰੇ ਕਾਰਨਾਂ ਕਰਕੇ ਮੈਂ ਬਹੁਤ ਦੁਖੀ ਹੋਇਆ, ਕਿਉਂਕਿ ਮੈਂ ਤਾਂ ਸਕਾਆਤਮਕ ਤਰੀਕੇ ਨਾਲ ਜੀਊਣ ਵਾਲਾ ਵਿਅਕਤੀ ਹਾਂ। ਜੇ ਕਾਰਲ ਮਾਰਕਸ, ਬੁੱਧ ਨੂੰ ਜਾਣਦੇ ਹੁੰਦੇ ਤਾਂ ਜਾਤ ਅਧਾਰਤ ਵਿਤਕਰੇ ਬਾਰੇ ਵੀ ਜ਼ਰੂਰ ਲਿਖਦੇ।

? - ਤੁਸੀਂ ਅੰਤਰਰਾਸ਼ਟਰੀ ਮਾਮਲਿਆਂ ਦੇ ਵੱਡੇ ਮਾਹਿਰ (ਜਾਣਕਾਰ) ਦੇ ਰੂਪ ਵਿਚ ਜਾਣੇ ਜਾਂਦੇ ਹੋ, ਕੀ ਤੁਸੀ ਮੰਨਦੇ ਹੋ ਕਿ ਦੁਨੀਆਂ ਦੇ ਪੱਧਰ 'ਤੇ ਜਾਂ ਸੰਦਰਭ ਵਿਚ ਖਾਸ ਕਰਕੇ ਇਸਲਾਮੀ ਦੇਸ਼ਾਂ ਅੰਦਰ ਲੋਕਤੰਤਰ ਦੀ ਪਰਿਭਾਸ਼ਾ ਨੂੰ ਅਮਰੀਕਾ ਹੀ ਮਿੱਥ ਰਿਹਾ ਹੈ।

- ਹੁਣ ਲੋਕਤੰਤਰ, ਭੀੜਤੰਤਰ ਵਿਚ ਬਦਲ ਗਿਆ ਹੈ। ਅਮਰੀਕਾ ਆਪਣੀਆਂ ਨੀਤੀਆਂ ਨੂੰ ਮਨਵਾਉਣ ਵਾਸਤੇ ਲੋਕਤੰਤਰ ਦੇ ਨਾਮ 'ਤੇ ਲੋਕਾਂ ਦੀ ਭੀੜ ਨੂੰ ਸੜਕਾਂ 'ਤੇ ਉਤਾਰ ਦਿੰਦਾ ਹੈ। ਜਿੱਥੇ ਵੀ ਉਨ੍ਹਾਂ ਦੇ ਸਮਰਥਕ ਸੱਤਾ ਉੱਤੇ ਕਾਬਜ਼ ਹੋ ਜਾਂਦੇ ਹਨ ਉਸਨੂੰ ਹੀ ਉਹ ਲੋਕਤੰਤਰ ਕਹਿੰਦੇ ਹਨ। ਅੱਜ ਡੈਮੋਕ੍ਰੇਸੀ ਤੋਂ ਵੀ ਜਰੂਰੀ ਹੋ ਗਿਆ ਹੈ ਕਿ ਅਸੀਂ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਮੰਨੀਏ। ਲੀਬੀਆ ਵਿਚ ਬਹੁਤ ਹੀ ਲੋਕਪੱਖੀ ਕਾਰਜ ਕੀਤੇ ਜਾ ਰਹੇ ਸਨ, ਓਥੇ ਤਾਂ ਜੇਲਾਂ ਵੀ ਬੰਦ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਏਥੇ ਜੁਰਮ ਹੀ ਨਹੀਂ ਹੋ ਰਹੇ ਪਰ ਮੀਡੀਆ ਨੇ ਇਸ ਗੱਲ ਦਾ ਨੋਟਿਸ ਹੀ ਨਹੀਂ ਲਿਆ। ਮੀਡੀਆ ਨੇ ਇਸ ਕਰਕੇ ਉਨ੍ਹਾਂ ਦੀ ਗੱਲ ਨੂੰ ਦਬਾ ਦਿੱਤਾ ਕਿਉਂਕਿ ਲੀਬੀਆ ਹਮੇਸ਼ਾਂ ਅਮਰੀਕਾ ਦਾ ਵਿਰੋਧ ਕਰਦਾ ਸੀ। ਅਮਰੀਕਾ, ਇਸਲਾਮੀ ਦੇਸ਼ਾਂ ਅੰਦਰਲੇ ਤੇਲ ਦੇ ਖੂਹਾਂ/ਭੰਡਾਰਾਂ ਉੱਪਰ ਕਬਜ਼ਾ ਕਰਨਾ ਚਾਹੁੰਦਾ ਹੈ। ਅਮਰੀਕਾ ਡੀਸਟੇਬਲਾਈਜ਼ੇਸ਼ਨ (ਅਸਥਿਰਤਾ) ਦੀ ਥੀਊਰੀ ਦੇ ਰਾਹੀਂ ਸੀ.ਆਈ.ਏ. ਦੇ ਮਾਧਿਅਮ ਨੂੰ ਪੌੜੀ ਬਣਾ ਕੇ ਜਿੱਥੇ ਵੀ ਬਸਤੀਵਾਦ ਦੇ ਵਿਰੋਧ ਵਿਚ ਅੰਦੋਲਨ ਚੱਲ ਰਿਹਾ ਸੀ ਉਸਨੂੰ ਗੈਰ-ਲੋਕਤੰਤਰੀ ਐਲਾਨ ਕੇ, ਲੋਕਤੰਤਰ ਦੀ ਬਹਾਲੀ ਦੇ ਨਾਮ ਹੇਠ ਪੂਰੇ ਤੌਰ 'ਤੇ ਸੰਗਠਿਤ ਤਰੀਕੇ ਨਾਲ ਲੋਕਾਂ ਨੂੰ ਸੜਕਾਂ 'ਤੇ ਉਤਾਰ ਦਿੰਦਾ ਸੀ। ਇਸ ਕੰਮ ਲਈ ਉਹ (ਅਮਰੀਕਾ) ਵੱਡੀ ਪੱਧਰ 'ਤੇ ਵੱਖੋ ਵੱਖ ਗੈਰ ਸਰਕਾਰੀ ਸੰਗਠਨਾਂ ਦਾ ਸਹਾਰਾ ਲੈਂਦਾ ਸੀ। ਅਮਰੀਕਾ ਦਾ ਕਹਿਣਾ ਹੈ ਕਿ ਅਸੀਂ ਤਾਂ ਇਸਲਾਮੀ ਜਹਾਦੀਆਂ ਦੇ ਵਿਰੋਧ ਵਿਚ ਲੜ ਰਹੇ ਹਾਂ। ਸੈਮੂਅਲ ਹਟਿੰਗਟਨ ਆਪਣੀ ਪੁਸਤਕ 'ਕਲੈਸ਼ ਆਫ ਸਿਵਲਾਈਜ਼ੇਸ਼ਨਜ਼' ਵਿਚ ਲਿਖਦਾ ਹੈ ਕਿ ਯੂਰਪ, ਅਮਰੀਕਾ ਨੂੰ ਪੱਛਮੀ ਸੱਭਿਅਤਾ ਕਹਿੰਦਾ ਹੈ ਭਾਵ ਦੂਜਿਆਂ ਦੀ ਸੱਭਿਅਤਾ ਨੂੰ ਧਰਮ ਨਾਲ ਜੋੜਦਾ ਹੈ। ਉਹ ਮੰਨਦਾ ਹੈ ਕਿ ਪੱਛਮੀ ਹੀ ਕਿਉਂ ਇਸਲਾਮੀ ਸਿਵਲਾਈਜ਼ੇਸ਼ਨ ਤਾਂ ਪੂਰੀ ਸਿਵਲਾਈਜ਼ੇਸ਼ਨ ਦੇ ਖਿਲਾਫ ਹੈ। ਇਸ ਕਰਕੇ ਸਾਨੂੰ ਇਸਲਾਮੀ ਸੱਭਿਅਤਾ ਦਾ ਵਿਰੋਧ ਕਰਨਾ ਚਾਹੀਦਾ ਹੈ। ਉਹ (ਹਟਿੰਗਟਨ) ਤਾਂ ਮੰਨਦਾ ਹੈ ਕਿ ਜੇ ਦੁਸ਼ਮਣ ਨਹੀਂ ਹੈ ਤਾਂ ਪੈਦਾ ਕਰੋ। ਇਸ ਨੀਤੀ 'ਤੇ ਚੱਲਦਿਆਂ ਪੱਛਮੀ ਦੇਸ਼ ਸਾਰੀ ਦੁਨੀਆਂ ਉੱਤੇ ਆਪਣਾ ਅਧਿਕਾਰ ਕਾਇਮ ਕਰਨਾ ਚਾਹੁੰਦੇ ਹਨ। ਅਮਨ-ਅਮਾਨ ਨਾਲ ਵਸ ਰਹੇ ਦੇਸ਼ ਇਰਾਕ ਦੇ ਰਾਸ਼ਟਰਪਤੀ ਸਦਮ ਹੁਸੈਨ ਅਮਰੀਕਾ ਦੀਆਂ ਨੀਤੀਆਂ ਨੂੰ ਨਹੀਂ ਮੰਨਦੇ ਸਨ। ਅਮਰੀਕਾ ਨੇ ਕਿਹਾ ਕਿ ਇਰਾਕ ਕੋਲ 'ਵੈਪਨ ਆਫ ਮਾਸ ਡਿਸਟ੍ਰਕਸ਼ਨ' ਹਨ, ਇਸ ਬਹਾਨੇ ਅਮਰੀਕਾ ਨੇ ਇਰਾਕ ਉੱਪਰ ਹਮਲਾ ਕੀਤਾ, ਲੱਗਪਗ 20 ਲੱਖ ਲੋਕ ਮਾਰੇ ਗਏ। ਹੁਣ ਅਮਰੀਕੀ ਸਰਕਾਰ ਓਥੋਂ ਦੇ ਕੁਦਰਤੀ ਤੇਲ ਭੰਡਾਰਾਂ 'ਤੇ ਕਾਬਜ਼ ਹੋ ਕੇ, ਤੇਲ ਕੱਢ ਰਹੀ ਹੈ। ਤੁਸੀਂ ਦੇਖੋ ਕਿ ਅਮਰੀਕਾ ਦੇ ਨਿਸ਼ਾਨੇ ਉੱਤੇ ਤਾਂ ਉੱਤਰੀ ਕੋਰੀਆ ਅਤੇ ਇਰਾਕ ਦੋਵੇਂ ਹੀ ਸਨ। ਕਿਉਂਕਿ ਉੱਤਰੀ ਕੋਰੀਆ ਕੋਲ ਤੇਲ ਭੰਡਾਰ ਨਹੀਂ ਸਨ ਇਸ ਕਰਕੇ ਅਮਰੀਕਾ ਨੇ ਇਰਾਕ 'ਤੇ ਹਮਲਾ ਕਰਕੇ ਤੇਲ ਭੰਡਾਰਾਂ ਵਾਲੇ ਖੇਤਰਾਂ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਅਮਰੀਕਾ ਨੇ 2004 ਵਿਚ ਲੋਕਤੰਤਰ ਦੀ ਬਹਾਲੀ ਦੇ ਨਾਮ ਉੱਪਰ ਜਾਰਜੀਆ ਅੰਦਰ ਦਖਲ ਦਿੱਤਾ ਅਤੇ ਆਪਣੇ ਕਿਸੇ ਅਮਰੀਕੀ ਨਾਗਰਿਕ ਨੂੰ ਸੱਤਾ ਉੱਤੇ ਬਹਾ ਦਿੱਤਾ।

? - ਵਿਸ਼ਵੀਕਰਣ ਦੇ ਲੜ ਲੱਗੇ ਭਾਰਤੀ ਸਮਾਜ ਅੰਦਰ ਕਿਸ ਤਰ੍ਹਾਂ ਦੀ ਤਬਦੀਲੀ ਜਾਂ ਇਸ ਦਾ ਚਲਣ ਤੁਸੀਂ ਦੇਖ ਰਹੇ ਹੋ?

- ਅਮਰੀਕਾ ਅਸਥਿਰਤਾ ਵਾਲੇ ਸਿਧਾਂਤ ਦੇ ਅਧੀਨ ਬਸਤੀਵਾਦੀ ਸੱਤਾ ਸਥਾਪਤ ਕਰਨਾ ਚਾਹੁੰਦਾ ਹੈ। ਵਿਸਵੀਕਰਣ ਦੇ ਫੱਟੇ ਓਹਲੇ ਅਤੇ ਫਰੀ ਟਰੇਡ (ਖੁੱਲ੍ਹੇ ਵਪਾਰ) ਦੇ ਨਾਮ ਉੱਤੇ ਪੱਛਮੀ ਦੇਸ਼ਾਂ ਨੇ ਆਪਣੀਆਂ ਨੀਤੀਆਂ ਨੂੰ ਦੁਨੀਆਂ ਉੱਤੇ ਥੋਪਣਾ ਸ਼ੁਰੂ ਕੀਤਾ, ਇਸ ਦਾ ਨਤੀਜਾ ਇਹ ਨਿਕਲਿਆ ਕਿ ਜਿਹੜੀਆਂ ਸਮੱਸਿਆਵਾਂ ਉਨ੍ਹਾਂ ਦੀਆਂ ਹਨ ਉਹ ਸਾਰੀ ਦੁਨੀਆਂ ਵਾਸਤੇ ਭਿਆਨਕ ਰੂਪ ਵਿਚ ਉਭਰਨ। ਹੁਣ ਅੱਤਵਾਦ ਬਾਰੇ ਜਿਵੇਂ ਅਮਰੀਕਾ ਨੇ ਜੋ ਗੱਲਾਂ ਫੈਲਾਈਆਂ, ਜਦੋਂ ਅੱਤਵਾਦੀਆਂ ਨੇ ਉੱਥੇ ਹਮਲਾ ਕੀਤਾ ਤਾਂ ਅੱਤਵਾਦ ਅਮਰੀਕਾ ਤੋਂ ਨਿਕਲ ਕੇ ਸਾਰੀ ਦੁਨੀਆਂ ਵਿਚ ਫੈਲ ਗਿਆ ਅਤੇ ਹੁਣ ਦੁਨੀਆਂ ਵਿਚ ਕੋਈ ਦੇਸ਼ ਅਜਿਹਾ ਨਹੀਂ ਹੈ ਜਿੱਥੇ ਅੱਤਵਾਦ ਦੀ ਸਮੱਸਿਆ ਨਹੀਂ ਹੈ।

ਹੁਣ ਇੱਥੇ ਇਹ ਕਹਿਣਾ ਦਲੀਲ ਭਰਪੂਰ ਹੋਵੇਗਾ ਕਿ ਪੱਛਮੀ ਦੇਸ਼ਾਂ ਦਾ ਜਿਹੜਾ ਅੰਦਰੂਨੀ ਮਾਮਲਾ ਸੀ ਉਹ ਹੁਣ ਉੱਥੋਂ ਨਿਕਲ ਕੇ ਹੋਰ ਦੇਸ਼ਾਂ ਦਾ ਵੀ ਅੰਦਰੂਨੀ ਮਾਮਲਾ ਬਣ ਗਿਆ ਹੈ। ਵਿਸ਼ਵੀਕਰਣ ਤੋਂ ਬਾਅਦ, ਅਮਰੀਕੀ ਨੀਤੀਆਂ ਦਾ ਭਾਰਤੀ ਸਮਾਜ ਉੱਪਰ ਬਹੁਤ ਪ੍ਰਭਾਵ ਪਿਆ ਹੈ। ਇਹ ਸਭ ਕੁੱਝ ਕਰਨ ਵਾਸਤੇ ਅਮਰੀਕਾ ਮੀਡੀਏ ਦਾ ਸਹਾਰਾ ਲੈਂਦਾ ਹੈ।

? - ਕੀ ਸਾਮਰਾਜਵਾਦ ਅਤੇ ਪੂੰਜੀਵਾਦ ਨਾਲ ਜੁੜ ਕੇ ਭਾਰਤੀ ਸਮਾਜ ਅੰਦਰਲੀਆਂ ਜਾਤ-ਪਾਤ, ਧਾਰਮਕ ਪੱਖੋਂ ਜਾਂ ਸੱਭਿਆਚਾਰਕ ਪੱਖੋਂ ਪਈਆਂ ਜੰਜੀਰਾਂ ਟੁੱਟ ਸਕੀਆਂ ਹਨ ?

- ਨਹੀਂ, ਅਜਿਹਾ ਨਹੀਂ ਹੈ। ਹਾਂ ਤਬਦੀਲੀ ਜਰੂਰ ਆਈ ਹੈ। ਪਰ, ਸੋਸ਼ਲ ਡਿਸਕਰਿਮੀਨੇਸ਼ਨ, ਸਮਾਜਕ ਭੇਦ-ਭਾਵ ਜਿਸ ਨੂੰ ਕਹਿੰਦੇ ਹਨ ਉਸਦਾ ਨਵਾਂ ਰੂਪ ਸਾਡੇ ਸਾਹਮਣੇ ਆਇਆ ਹੈ ਜਾਤੀਵਾਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਖਾਸ ਕਰਕੇ ਜਿੱਥੋਂ ਤੱਕ ਜਾਤ-ਪਾਤ ਦਾ ਸਵਾਲ ਹੈ, ਪਹਿਲਾਂ ਜਾਤ-ਪਾਤ ਮਨੁੱਖ ਦੀ ਵਿਅਕਤੀਗਤ ਸੋਚ ਵਿਚ ਹੁੰਦੀ ਸੀ। ਇਕ ਵਿਅਕਤੀ ਭੇਦ-ਭਾਵ ਇਸ ਕਰਕੇ ਕਰਦਾ ਸੀ ਕਿ ਜਾਤਵਾਦ ਧਰਮ ਨਾਲ ਜੁੜਿਆ ਹੋਇਆ ਸੀ। ਤਬਦੀਲੀ ਇਹ ਹੋਈ ਕਿ ਜਾਤਵਾਦ ਹੁਣ ਪੂਰੀ ਤਰ੍ਹਾਂ ਰਾਜਨੀਤੀ ਅੰਦਰ ਭਾਰੂ ਹੋ ਗਿਆ ਹੈ। ਵੱਖੋ ਵੱਖ ਰਾਜਨੀਤਕ ਪਾਰਟੀਆਂ ਦੇ ਉਮੀਦਵਾਰ ਹੁੰਦੇ ਹਨ, ਜਾਤ-ਪਾਤ ਵਾਲੇ ਹਿਸਾਬ-ਕਿਤਾਬ ਨਾਲ ਹੀ ਉਹ ਚੋਣਾਂ ਜਿੱਤਣ 'ਚ ਕਾਮਯਾਬ ਹੁੰਦੇ ਹਨ। ਕਹਿਣ ਦਾ ਮਤਲਬ ਕਿ ਜਾਤਵਾਦ, ਲੋਕਤੰਤਰੀ ਪ੍ਰਬੰਧ ਅੰਦਰ ਉਸ ਨਾਲ ਮਿਲ ਕੇ ਉਸੇ ਅਧਾਰ 'ਤੇ

**(ਬਾਕੀ ਦੇਖੋ ਸਫਾ 27 'ਤੇ)**

# ਭਾਰਤੀ ਮੂਲਨਿਵਾਸੀਆਂ ਦਾ ਮਹਾਂ ਨਾਇਕ "ਮਹਿਸਾਸ਼ੁਰ"



ਹਰਦੀਪ ਸਿੰਘ ਚੁੰਬਰ
+91-94636-01616

ਕੀ ਭਾਰਤ ਨੂੰ ਮਿਥਿਹਾਸਕ ਇਤਿਹਾਸ ਨੂੰ ਮਿੱਥ ਵਿਚੋਂ ਕੱਢ ਕੇ ਕੋਈ ਭਾਰਤ ਦੇ ਅਵਾਮ ਨੂੰ ਉਹਨਾਂ ਦਾ ਤਰਕਸੰਗਤ, ਸੱਚਾ, ਨਿਰਪੱਖ ਅਤੇ ਇਮਾਨਦਾਰ ਇਤਿਹਾਸ ਕੋਈ ਦੇ ਸਕਦਾ ਹੈ? ਸਵਾਲ ਬੜਾ ਔਖਾ ਹੈ। ਕਿਉਂਕਿ ਜਦੋਂ ਵੀ ਕੋਈ ਸੱਚ ਕਹਿਣ ਦੀ ਹਿੰਮਤ ਕਰਦਾ ਹੈ ਅਸਮਾਜਿਕ ਤੱਤ ਹਰ ਸੱਚੀ ਹਵਾ ਨੂੰ ਸਦਾ ਲਈ ਬੰਦ ਕਰਨ ਦਾ ਦਮ ਦਿਖਾਉਂਦੇ ਹਨ। ਸੱਚ ਬੀਜਣਾ ਔਖਾ ਹੈ ਪਰ ਸੱਚਬੀਜਿਆਂ ਸੱਚ ਹੀ ਜੰਮਦਾ ਹੈ। ਝੂੱਠ ਬੀਜਣਾਂ ਸੌਖਾ ਹੈ ਪਰਝੂੱਠਬੀਜਿਆਂ ਝੂੱਠ ਦੀ ਉਗਦਾ ਹੈ। ਝੂੱਠ ਅਸਥਾਈ ਸੁੱਖ ਦਿੰਦਾ ਹੈ, ਸੱਚ ਸਥਾਈ ਅਤੇ ਪੱਕੇ ਤੌਰ ਤੇ ਸੁੱਖ ਦਿੰਦਾ ਹੈ। ਅਸੀ ਆਪਣੇ ਆਪ ਅਤੇ ਸਮਾਜਿਕ ਤੌਰ ਤੇ ਕਿੰਨੇ ਕੁ ਸੁਖੀ ਹਾਂ ਜਾਂ ਦੁਖੀ, ਸਾਧਨ ਸੰਪਨ ਜਾਂ ਔਹਦਿਆਂ ਉਤੇ ਹਾਂ ਉਹ ਸਾਡੇ ਆਪਣੇ, ਸਾਡੇ ਪੂਰਵਜਾਂ ਅਤੇ ਸਾਡੇ ਸਮਾਜ ਨੇ ਜੋ ਬੀਜ ਬੀਜਿਆ ਹੈ ਸਭ ਉਸੇ ਦਾ ਹੀ ਪ੍ਰੀਣਾਮ ਹੈ।

ਅੱਜ ਕੱਲ ਭਾਰਤ ਦੀਆਂ ਕੁੱਝ ਜਾਤੀਆਂ ਆਪਣੇ ਆਪ ਨੂੰ ਮੂਲ ਨਿਵਾਸੀ ਕਹਿਣ ਲਗ ਪਈਆਂ ਹਨ। ਉਹਨਾ ਅਨੁਸਾਰ ਉਹ ਭਾਰਤੀ ਮੂਲ ਦੇ ਰਾਜ ਕਰਨ ਵਾਲਿਆਂ ਦੀ ਸੰਤਾਨ ਹਨ, ਜਿਹਨਾਂ ਤੋਂ ਛੱਲ ਕਪਟ ਅਤੇ ਸ਼ਕਤੀ ਨਾਲ ਰਾਜ ਖੋਹ ਕੇ ਗੁਲਾਮ ਹੀ ਨਹੀ ਬਣਾਇਆ, ਸਗੋਂ ਜਾਨਵਰਾਂ ਨਾਲੋਂ ਵੀ ਮਾੜੀ ਦਸ਼ਾ ਵਿਚ ਰਹਿਣ ਲਈ ਮਜਬੂਰ ਕਰ ਦਿਤਾ ਗਿਆ। ਜਿਸ ਦਾ ਸਿਧਾ ਮਤਲਵ ਬਣਦਾ ਹੈ ਭਾਰਤ ਵਿਚ ਉਹਨਾਂ ਤੋਂ ਬਿਨਾਂ ਕੁੱਝ ਹੋਰ ਜਾਤੀਆਂ ਵੀ ਹਨ ਜੋ ਭਾਰਤ ਵਿਚ ਬਾਹਰਲੇ ਦੇਸ਼ਾਂ ਤੋਂ ਆਈਆਂ ਹੋਣਗੀਆਂ। ਬਾਹਰੀ ਲੋਕਾਂ ਦੀਆਂ ਜਾਤੀਆਂ ਵਿਚੋਂ ਸਭ ਤੋਂ ਪੁਰਾਣੀ ਆਰੀਆ ਲੋਕਾਂ ਦੀ ਹੈ, ਜੋ ਲੰਮੇ ਸਮੇਂ ਤੋਂ ਭਾਰਤ ਦੀ ਸਤਾਹਧਾਰੀ ਬਣੀ ਰਹੀ। ਉਸ ਨੇ ਨਾਂ ਕੇਵਲ ਭਾਰਤੀ ਮੂਲ ਲੋਕਾਂ ਨੂੰ ਗੁਲਾਮ ਬਣਾਇਆ ਸਗੋਂ ਜਿਸ ਨੇ ਵੀ ਮੂਲ ਨਿਵਾਸੀ ਜਾਤੀਆਂ ਦੀ ਹਾਲਤ ਸੁਧਾਰਨ ਦਾ ਕੰਮ ਕੀਤਾ, ਉਸ









ਨੂੰ ਹੀ ਭਾਰਤ ਛੋਡੋ ਕਹਿ ਦਿਤਾ।

ਇਤਿਹਾਸ ਭਾਰਤ ਵਿਚ ਤਾਂ ਹਮੇਸ਼ਾ ਸੱਤਾ ਪੱਖੀਆਂ ਦੇ ਪੱਖ ਵਿਚ ਹੀ ਲਿਖਿਆ ਗਿਆ। ਕਿਸੇ ਦੇ ਜਿੱਤਣ ਜਾਂ ਹਾਰਨ ਦੇ ਕਾਰਨਾਂ ਵਿਚ ਨਾਂ ਜਾਈਏ ਤਾਂ ਵੀ ਜਿੱਤ ਅਤੇ ਹਾਰ ਦੇ ਪ੍ਰੀਣਾਮ ਬਿਲਕੁਲ ਵਿਰੋਧੀ ਹੁੰਦੇ ਹਨ, ਭਾਵੇ ਜਿੱਤ ਹਾਰ ਦਾ ਮਾਮੂਲੀ ਅੰਤਰ ਹੋਵੇ। ਗੁਣਗਾਣ ਜਿੱਤਣ ਵਾਲੇ ਦੇ ਹੀ ਹੋਏ ਹਨ, ਪਰ ਹਾਰਨ ਵਾਲੇ ਦਾ ਨਾਂਮ ਵੀ ਲਏ ਬਿਨਾਂ ਜਿੱਤ ਦੀ ਗਾਥਾ ਅਧੂਰੀ ਹੁੰਦੀ ਹੈ, ਨਾਂ ਤਾਂ ਲੈਣਾ ਹੀ ਪੈਂਦਾ ਹੈ, ਪਰ ਬੜੇ ਘਟੀਆ ਸ਼ਬਦ ਘੜ ਕੇ, ਪਰ ਹਾਰਨ ਦੇ ਕਾਰਨ ਅਤੇ ਸੱਚ ਦੇ ਸਬੂਤ ਮਿਟਾਉਣ ਦੀ ਨਾਕਾਮ ਕੋਸ਼ਿਸ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਫਿਰ ਵੀਕੁੱਝ ਸੱਚ ਦੀ ਚਮਕ ਰਹਿ ਹੀ ਜਾਂਦੀ ਹੈ। ਇਸੇ ਤਰਾਂ ਲੁਕਿਆ ਹੋਇਆ ਸੱਚ ਦੀ ਪ੍ਰਤੀਤੀ ਹੁੰਦਾ ਦਿਖਦਾ ਹੈ ਕਿ ਜਿਸ ਅਨੁਸਾਰ ਭਾਰਤੀ ਮੂਲ ਨਿਵਾਸੀ ਰਾਜਿਆਂ ਵਿਚੋਂ ਮਹਾਂ ਸ਼ਕਤੀਮਾਨ ਰਾਜਾ ਮਾਹਿਸ਼ਾਸੁਰਦਾ ਇਤਿਹਾਸਕ ਸੱਚ ਹੈ। ਇਸ ਦੀ ਚਰਚਾ ਭਾਰਤੀ ਮੂਲ ਨਿਵਾਸੀ ਸਮਾਜ ਵਿਚ ਹੋਣ ਲਗੀ ਹੈ।

ਭਾਰਤ ਦੀਆਂ 1 ਮਾਰਚ 2016 ਨੂੰ ਬਹੁਤ ਸਾਰੀਆਂ ਅਖਬਾਰਾਂ ਵਿਚ ਮੇਨ ਖਬਰ ਲਗੀ, ਕਿ ਪਿਛਲੇ ਸ਼ੁੱਕਰਵਾਰ ਦੀ ਰਾਤ ਨੂੰ, ਇਕ ਮਸ਼ਹੂਰ ਮਰਾਠੀ ਟੀਵੀ ਨਿਊਜ਼ ਸ਼ੋਅ 'ਤੇ ਇੱਕ ਉਤਸੁਕ ਚਰਚਾ ਦਾ ਸੰਚਾਲਨ ਕੀਤਾ ਸੀ ਕਿ ਮਾਹਿਸ਼ਾਸੁਰ ਜੈਯੰਤੀ ਨੂੰ ਦੇਸ਼ ਧਰੋਹ ਦੇ ਕਾਨੂੰਨ ਵਜੋਂ ਮੰਨਿਆ ਜਾ ਸਕਦਾ ਹੈ। ਉਸ ਸ਼ੋਅ ਦੌਰਾਨ ਦੁਰਗਾ ਨੂੰ "ਸੈਕਸ ਵਰਕਰ" ਕਹਿਣ ਦਾ ਦੋਸ਼ ਲਗਾਇਆ। ਉਸ ਤੋਂ ਬਾਅਦ, ਏਸੀਆਨੈਟ ਨਿਊਜ਼ ਟੀਵੀ ਦੇ ਮੁੱਖ ਤਾਲਮੇਲ ਸੰਪਾਦਕ ਸਿੰਧੂ ਸੂਰੀਆ ਕੁਮਾਰ ਨੇ ਕਿਹਾ ਕਿ ਉਸ ਨੇ ਆਪਣੇ ਸੈਲਫੋਨ ਤੇ ਕਥਿਤ ਤੌਰ 'ਤੇ ਵੱਖ-ਵੱਖ ਹਿੰਦੂਤਵੀ ਸਮੂਹਾਂ ਦੇ ਸਮਰਥਕਾਂ ਅਤੇ ਕਾਰੀਆਕਰਤਾਵਾਂ ਤੋਂ 2,000 ਤੋਂ ਵੱਧ ਦੁਰਵਿਵਹਾਰਕ ਕਾਲਾਂ ਪ੍ਰਾਪਤ ਕੀਤੀਆਂ, ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਕਿ ਭਾਜਪਾ, ਆਰ.ਐਸ.ਐਸ. ਅਤੇ ਹੋਰ ਹਿੰਦੂ ਜਥੇਬੰਦੀਆਂ ਨਾਲ ਜੁੜੇ ਹੋਏ ਸਨ, ਜਿਨ੍ਹਾਂ ਵਿਚ ਸ੍ਰੀ ਰਾਮ ਸੇਨਾ ਵੀ ਸ਼ਾਮਲ ਸਨ।

ਖਬਰ ਵਿਚ ਕਿਹਾ ਗਿਆ ਕਿ ਦ ਇੰਡੀਅਨ ਐਕਸਪ੍ਰੈਸ ਦੁਆਰਾ ਦੇਖੀ ਗਈ ਇੱਸ ਸ਼ੋਅ ਦੀ ਵੀਡਿਓ, ਇਹ ਦਰਸਾਉਂਦੀ ਹੈ ਕਿ ਇਹ ਦੋ ਸ਼ਬਦ ਭਾਜਪਾ ਦੇ ਰਾਜ ਸਕੱਤਰ ਵੀ.ਵੀ. ਰਾਜੇਸ਼ ਨੇ ਪੜ੍ਹੇ ਸਨ, ਜਦੋਂ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਪਰਚੇ ਜੇ.ਐਨ.ਯੂ ਕੈਂਪਸ ਵਿੱਚ ਵੰਡੇ ਗਏ ਸੀ। ਇੰਡੀਅਨ ਐਕਸਪ੍ਰੈਸ ਦੁਆਰਾ ਦੇਖੀ ਗਈ ਇੱਸ ਸ਼ੋਅ ਦੀ ਵੀਡਿਓ ਤੋਂ ਸਾਬਿਤ ਹੁੰਦਾ ਹੈ ਕਿ ਇਹ ਸ਼ਬਦ ਸਿੰਧੂ ਦੇ ਨਹੀਂ ਸਨ, ਫਿਰ ਵੀਹਿੰਦੂਤਵੀ ਸਮੂਹਾਂ ਦੇ ਸਮਰਥਕਾਂ ਅਤੇ ਕਾਰੀਆਕਰਤਾਵਾਂ ਤੋਂ 2,000 ਤੋਂ ਵੱਧ ਦੁਰਵਿਵਹਾਰਕ ਕਾਲਾਂ ਸਿੰਧੂ ਨੂੰ ਹੀ ਕੀਤੀਆਂ। ਬਾਅਦ ਵਿੱਚ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਸਮ੍ਰਿਤੀ ਈਰਾਨੀ ਨੇ ਸੰਸਦ ਵਿੱਚ ਪੇਸ਼ ਕੀਤਾ ਸੀ।

ਇਹ ਖਬਰ ਅਤੇ ਘਟਨਾ ਸਪਸ਼ਟ ਕਰਦੀ ਹੈ ਕਿ ਅੱਜ ਵੀ ਅਸੀਂ ਸਾਰੇ ਆਪਣੇ ਆਪ ਵਿਚ ਐਨੇ ਮਜਬੂਤ ਨਹੀਂ ਹਾਂ ਕਿ ਕਿਸੇ ਸੱਚ ਜਾਂ ਝੂੱਠ ਨੂੰ ਸੁਣਕੇ ਇਕ ਸਭਿਅਕ ਤਰੀਕੇ ਨਾਲ ਨਿਰਣਾ ਕਰ ਸਕੀਏ ਕਿ ਸੱਚ ਕੀ ਹੈ, ਇਹੋ ਜਿਹੀਆਂ ਕਾਰਵਾਈਆਂ ਸਾਨੂੰ ਸੱਚ ਤੋਂ ਮੂੰਹ ਮੋੜਨ ਵਾਲੀ ਸਭਿਆਤਾ ਵਜੋਂ ਠਹਿਰਾਉਣ ਵਾਲੀ ਸਭਿਅਤਾ ਵਜੋਂ ਪੇਸ਼ ਕਰਦੀਆਂ ਹਨ।

ਇਕ ਪ੍ਰਚਲਿਤ ਕਹਾਣੀ ਮੁਤਾਬਿਕ ਮੈਸੂਰ, ਮਹਿਸ਼ਾਸੁਰ ਤੋਂ ਉਸਦਾ ਨਾਮ ਨਾਲ ਹੀ ਪਿਆ। ਖੇਤਰੀ ਪਰੰਪਰਾ ਕਹਿੰਦੀ ਹੈ ਕਿ ਸਥਾਨਕ ਆਬਾਦੀ ਦੇ ਰਾਜਾ ਮਹਿਸ਼ਾਸੁਰ ਨੇ ਉਤਰ ਏਸ਼ੀਆ ਤੋਂ ਆਏ ਆਰੀਆ ਅਕਰਮਣਕਾਰੀਆਂ ਵਿਚ ਬਹੁਤ ਡਰ ਪੈਦਾ ਕੀਤਾ ਹੋਇਆ ਸੀ। ਵੈਸ਼ਿਆ ਕੰਨਿਆ (ਆਰੀਆ ਲੋਕਾਂ ਦੀ ਦੇਵੀ) ਦੁਰਗਾ ਨੇ ਮਹਿਸ਼ਾਸੁਰਾ ਨੂੰ ਮਾਰਿਆ, ਜੋ ਇਕ ਸਲਾਨਾ ਨਵਰਾਤਰਿਆਂ ਅਤੇ ਮੈਸੂਰ ਵਿਖੇ ਮਨਾਇਆ ਜਾਂਦਾ ਹੈ ।ਇਤਿਹਾਸ ਵਿਚ ਮੈਸੂਰ ਦਾ ਸਭ ਤੋਂ ਪਹਿਲਾਂ ਜ਼ਿਕਰ 245 ਬੀ.ਸੀ. ਦੇ ਕੁੱਝ ਸਬੰਧਾ ਵਿਚ ਕੀਤਾ ਜਾ ਸਕਦਾ ਹੈ ਜਿਵੇਂ ਕਿ ਅਸ਼ੋਕਾ ਦੇ ਸਮੇਂ ਤੀਸਰੇ ਬੋਧੀ ਸੰਮੇਲਨ ਦੇ ਸਮਾਪਤੀ ਸਮੇਂ ਇਕ ਟੀਮ ਨੂੰ ਮਾਹਿਸ਼ ਮੰਡਲ ਭੇਜਿਆ ਗਿਆ ਸੀ। ਮਹਿਸ਼ਾਸੁਰ ਨਾਲ ਜਦੋਂ ਸਾਲਾਂ ਤਕ ਆਰੀਆ (ਬ੍ਰਾਹਮਣ) ਰਾਜਾ ਇੰਦਰ ਲੜਦੇ ਰਹੇ ਅੰਤ ਇੰਦਰ ਹਾਰ ਗਿਆ ਅਤੇ ਉਹ ਭੱਜ ਖੜਾ ਹੋਇਆ। ਸ਼ਿਵਾ, ਯਮਰਾਜ, ਵਿਸ਼ਨੂੰ, ਇੰਦਰ, ਬ੍ਰਹਮਾ, ਕੁਬੇਰ, ਪ੍ਰਜਾਪਤੀ, ਸੰਧਿਆ ਆਦਿ ਸਾਰੇ ਮਿਲ ਕੇ ਵੀ ਜਦੋਂ ਉਸ ਨੂੰ ਹਰਾ ਨਹੀਂ ਸਕੇ ਤਾਂ ਆਰੀਆਂ ਨੇ ਛੱਲ ਬੱਲ ਦਾ ਸਹਾਰਾ ਲੈਂਦੇ ਹੋਏ ਆਰੀਆ (ਬ੍ਰਾਹਮਣ-ਵਿਸ਼ਕੰਨਿਆਂ) ਦੁਰਗਾ ਨੂੰ ਮਹਿਸ਼ਾਸੁਰਕੋਲ ਭੇਜ ਮਹਿਸ਼ਾਸੁਰਦਾ ਦਿਲ ਜਿੱਤ ਕੇ ਉਸ ਨੂੰ ਮਾਰਨ ਦੀ ਯੋਜਨਾਂ ਬਣਾਈ ਇਸ ਰਣਨੀਤੀ ਅਧੀਨ, ਇੱਕ ਰਣਨੀਤੀ ਨੇ ਉਸ ਨੂੰ ਆਰੀਆ (ਬ੍ਰਾਹਮਣ) ਕੰਨਿਆਂ ਦੁਰਗਾ ਨੇ ਵੱਖ ਤਰਾਂ ਦੇ ਮਨਮੋਹਿਕ ਰੂਪ ਧਾਰਨ ਕਰ ਮਹਾਨ ਰਾਜੇ ਮਹਿਸ਼ਾਸੁਰ (ਮੂਲ ਨਿਵਾਸੀ ਬਹੁਜਨ ਰਾਜਾ) ਨੂੰ ਮਾਰਨ ਲਈ ਆਪਣੀ ਰਣਨੀਤੀ ਦੇ ਤਹਿਤ ਫਸਾਇਆ।

ਇਕ ਕਹਾਣੀ ਅਨੁਸਾਰ ਦੋ ਸ਼ਕਤੀਸ਼ਾਲੀ ਭਰਾ ਕਰੰਭਾ ਅਤੇ ਰੰਭਾਰਾਜਾ ਧਨੂ ਦੇ ਸ਼ਕਤੀਸਾਲੀ ਪੁੱਤਰ ਸਨ, ਉਹ ਵੀ ਚਾਹੁੰਦੇ ਸਨ ਕਿ ਉਹਨਾਂ ਦੇ ਪੁੱਤਰ ਬਹਾਦਰ ਹੋਣ। ਰੰਭਾ ਦੇ ਘਰ ਮਹਿਸ਼ਾਸੁਰ ਜਨਮ ਲੈਂਦੇ ਹਨ ਅਤੇ ਰਾਜਗਦੀ ਉਤੇ ਬੈਠਦੇ ਹਨ। ਹਾਰੀ ਹੋਈ ਕੌਮ ਅਤੇ ਅਸੁਰ ਹੋਣ ਦੇ ਬਾਵਜੂਦਅਤੇ ਆਰੀਅਨਜ਼ ਦੇ ਇਤਿਹਾਸ ਲਿਖਣ ਦੇ ਬਾਵਜੂਦ, ਮਹਿਸ਼ਾਸੁਰ ਦੇ ਪਰਵਾਰ ਨੂੰ ਜਾਣਿਆ ਜਾਂਦਾ ਹੈ, ਮਹਿਸ਼ਾਸੁਰ ਨੂੰ ਇੱਕ ਯਾਦਵ ਮੰਨਿਆ ਜਾਂਦਾ ਹੈ, ਇਸ ਯਾਦਵ ਰਾਜਾ ਜਿਸ ਨੇ ਕਦੀ ਵੀ ਬਾਹਰੀ ਪ੍ਰੰਪਰਾ ਅਤੇ ਆਰੀਆ ਦੀ ਗੁਲਾਮੀ ਨਹੀਂ ਕਬੂਲੀ ਉਸ ਨੂੰ ਭਾਰਤੀ ਇਤਿਹਾਸ, ਇਥਿਹਾਸ ਵਿਚ ਜਾਲਮ ਰਾਖਸ਼ਸ ਦਾ ਦਰਜਾ ਮਿਲ ਜਾਂਦਾ ਹੈ, ਪਰ ਇਸ ਦੇ ਉਲਟ ਇਕ ਯਾਦਵ (ਕ੍ਰਿਸ਼ਨ) ਭਗਵਾਨ ਬਣ ਜਾਂਦਾ ਹੈ।

ਆਪਣੀ ਹਾਰ ਦਾ ਬਦਲਾ ਲੈਣ ਲਈ ਅਤੇ ਹਾਰ ਨੂੰ ਜਿੱਤ ਵਿਚ ਬਦਲਣ ਲਈ ਸ਼ਾਮ, ਦਾਮ, ਦੰਡ, ਭੇਤ ਵਰਤਣ ਦੇ ਮਾਹਰ ਆਰੀਆ, ਫਿਰ ਆਰੀਆ ਪੁੱਤਰੀ (ਬ੍ਰਾਹਮਣ) ਹੋਣ ਦੇ ਬਾਵਜੂਦ, ਦੁਰਗਾ ਦੇ ਪਰਿਵਾਰ ਨੂੰ ਇਸ ਬਾਰੇ ਪਤਾ ਨਹੀਂ ਹੈ। ਫਿਰ ਯਕੀਨੀ ਤੌਰ ਤੇ ਨਿਸਪਕਸ਼ ਹੀ ਵੇਸਵਾਵਾਂ ਦਾ ਦੁਰਗਾ ਨੂੰ ਦੇਵੀ ਮੰਨਣ ਦੇ ਪਿੱਛੇ ਇੱਕ ਬਹੁਤ ਵੱਡਾ ਗੁਪਤ ਭੇਦ ਹੋ ਸਕਦਾ ਹੈ ਜੋ ਕਿ ਪ੍ਰਥਾ ਸਦੀਆਂ ਤੋਂ ਚੱਲ ਰਹੀ ਹੈ। ਵੇਸਵਾਵਾਂ ਦੁਰਗਾ ਨੂੰ ਆਪਣੀ ਕੁਲ ਦੇਵੀ ਮਨਦੀਆਂ ਹਨ। ਇਸ ਲਈ, ਇਹ ਮੰਦਿਰ ਦੀ ਮੂਰਤੀ ਨੂੰ ਬਣਾਉਣ ਵਿਚ ਵੈਸਾਲਿਆ ਤੋਂ ਮਿੱਟੀ ਲਿਆਉਣ ਦਾ ਚਲਣ ਹੈ। (ਕੋਲਕਾਤਾ, ਪੱਛਮੀ ਬੰਗਾਲ ਵੀ ਵਿਦੇਸ਼ੀ ਬ੍ਰਾਹਮਣਾਂ ਦਾ ਪ੍ਰਤੀਕ੍ਰਾਂਤੀ ਦਾ ਕੇਂਦਰ ਸੀ, ਸੱਤਿਆ ਸੋਧਕ ਅੰਦੋਲਨ ਨਾਲੋਂ ਮਤੂਆ ਧਰਮ ਅੰਦੋਲਨ ਲਹਿਰ ਨੂੰ ਨਸ਼ਟ ਕਰ ਦਿਤਾ ਗਿਆ। ਅਸੀਂ ਮਹਾਤਮਾ ਫੁਲੇ ਜੀ ਦਾਸਤਯਸੋਧਕ ਅੰਦੋਲਨ ਨੂੰ ਜਾਣਦੇ ਹਾਂ ਪਰ ਅਸੀਂ ਹਾਲੇ ਵੀ ਮੱਤੂਲਾ ਧਰਮ ਅੰਦੋਲਨ ਤੋਂ ਜਾਣੂ ਨਹੀਂ ਹਾਂ।

ਭਾਰਤ ਦੇ ਉਜਵਲ ਭਵਿੱਖ ਲਈ ਸੱਚ ਜਾਨਣਾ ਜਰੂਰੀ ਹੈ। ਹਰ ਪੱਖ ਤੋਂ ਪ੍ਰਪਰਾਵਾਦੀ ਬਣਨ ਦੀ ਬਜਾਏ, ਅਤੇ ਇਕ ਸੜੀ ਗਲੀ ਲਾਸ਼ ਮੋਢੇ ਡੋਣ ਦੀ ਬਜਾਏਨਵੀਂ ਸੰਸਕਿਰਤੀ ਨੂੰ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ, ਜੋ ਕਿ ਸਭ ਦਾ ਪੱਖ ਪੂਰਦਾ ਹੋਵੇ। ਉਹ ਕਬੀਲੇ, ਸਮਾਜ ਪੀੜ੍ਹੀ ਦਰ ਪੀੜ੍ਹੀ ਸੱਚ ਸੰਭਾਲੀ ਬੈਠੇ ਹਨ ਜਿਹਨਾ ਆਰੀਆ ਪ੍ਰਭਾਵ ਅੱਜ ਤਕ ਨਹੀ ਕਬੂਲਿਆ। ਸ੍ਰੀ ਪੀਐਸ ਤਿਵਾੜੀ ਜੋ ਕਲਕੱਤਾ ਤੋਂ ਹਨ ਲਿਖਦੇ ਹਨ ਕਿ ਇਕ ਜਨਜਾਤੀ ਪੱਛਮੀ ਬੰਗਾਲ ਵਿਚ ਹੈ,ਇੱਥੇ ਇਸੇ ਜਨਜਾਤੀ ਦਾ ਇਕ ਐਸਾ ਪਿੰਡ ਹੈ ਜਿੱਥੇ ਇਹ ਲੋਕ ਉਤਸਵ ਨਹੀਂ ਮਨਾਉਂਦੇ, ਦੁਰਗਾ ਪੂਜਾ ਦੀ ਥਾਂ ਮਾਤਮ ਮਨਾਉਂਦਾ ਹੈ। ਉਹ ਕਹਿੰਦੇ ਹਨ ਦੁਰਗਾ ਦੀ ਨਹੀ ਮਾਹਿਸਾਸ਼ੁਰ ਦੀ ਜੈ ਬੋਲੋ। ਇਸ ਰਾਜ ਦੇ ਉੱਤਰੀ ਇਲਾਕੇ ਵਿੱਚ ਜਲਪਾਈਗੁੜੀ ਜ਼ਿਲੇ ਵਿਚ ਸਥਿਤ ਅਲੀਪੂਰਦੁਆਰ ਦੇ ਨਜ਼ਦੀਕ ਮਾਝੇਰਡਾਬਰੀ ਚਾਹ ਦੇ ਬਗੀਚਿਆਂ ਵਿਚ ਰਹਿਣ ਵਾਲੀ ਜਨਜਾਤੀ ਦੇ ਲੋਕ ਦੁਰਗਾਪੂੱਜਾ ਦੇ ਦੌਰਾਨ ਸੋਗ ਮਨਾਉਂਦੇ ਹਨ। ਇਸ ਸਮੇਂ ਦੌਰਾਨ, ਉਹ ਨਵੇਂ ਕੱਪੜੇ ਨਹੀਂ ਪਹਿਨਦੇ ਅਤੇ ਨਾ ਹੀ ਘਰਾਂ ਤੋਂ ਬਾਹਰ ਨਿਕਲਦੇ ਹਨ। ਇਸ ਕਬੀਲੇ ਦਾ ਨਾਮ ਅਸੁਰ ਹੈ ਅਤੇ ਇਹ ਲੋਕਾਂ ਦੀ ਚਾਹ ਬਾਗਾਂ ਦੀ ਕਲੋਨੀ ਹੈ, ਜਿਸ ਨੂੰ ਅਸੁਰ ਲਾਈਨ ਵਜੋਂ ਜਾਣਿਆ ਜਾਂਦਾ ਹੈ, ਉਹ ਇਹਨਾਂ ਕਲੋਨੀਆਂ ਵਿਚ ਰਹਿੰਦੇ ਹਨ। ਇਸ ਕਬੀਲੇ ਦੇ ਲੋਕ ਆਪਣੇ ਆਪ ਨੂੰ ਮਹਿਸ਼ਾਸੁਰ ਦੇ ਵੰਸ਼ ਵਿੱਚੋਂ ਮੰਨਦੇ ਹਨ। ਉਨ੍ਹਾਂ ਵਿਚ ਇਕ ਗੁੱਸਾ ਹੈ ਕਿ ਦੁਰਗਾ ਨੇ ਮਹਿਸ਼ਾਸੁਰ ਨੂੰ ਮਾਰ ਦਿੱਤਾ ਸੀ ਇਸ ਕਾਰਨ, ਜਦੋਂ ਦੂਜੇ ਲੋਕੀ ਖੁਸ਼ੀ ਵਿਚ ਡੁੱਬ ਜਾਂਦੇ ਹਨ, ਤਦ ਉਹ ਸੋਗ ਕਰਦੇ ਰਹਿੰਦੇ ਹਨ। ਇਸ ਕਬੀਲੇ ਦੇ ਬੱਚੇ ਮਿੱਟੀ ਦੇ ਬਣੇ ਸ਼ੇਰਾਂ ਦੇ ਨਾਲ ਖੇਡਾਂ ਖੇਡਦੇ ਰਹਿੰਦੇ ਹਨ, ਪਰ ਇਨ੍ਹਾਂ ਵਿੱਚੋਂ ਕਿਸੇ ਦੇ ਮੋਢੇ 'ਤੇ ਸਿਰ ਨਹੀਂ ਹੁੰਦੇ, ਬੱਚੇ ਸ਼ੇਰਾਂ ਦੀ ਗਰਦਨ ਨੂੰ ਮਰੋੜ ਦਿੰਦੇ ਹਨ। ਆਰੀਆ ਲੋਕਾਂ ਦੀਆਂ ਕਹਾਣੀਆਂ ਵਿਚ ਇਹ ਦੁਰਗਾ ਦੀ ਸਵਾਰੀ ਜੋ ਹੈ। ਕਹਿੰਦੇ ਹਨ ਕਿ ਸੱਤ ਸਾਲਾਂ ਦਾ ਆਨੰਦ ਨਾਮੀ ਅਸੁਰ ਇਕ ਖਿਡੌਣਾ ਦਿਖਾਉਂਦੇ ਕਹਿੰਦਾ ਹੈ, "ਮੈਂ ਇਕ ਅਸੁਰ ਹਾਂ, ਮੈਨੂੰ ਸ਼ੇਰਾਂ ਨਾਲ ਸਖਤ ਨਫ਼ਰਤ ਹੈ, ਇਸ ਲਈ ਪਹਿਲੇ ਦਿਨ ਹੀ ਮੈਂ ਉਸਦੀ ਗਰਦਨ ਨੂੰ ਮਰੋੜ ਦਿੱਤੀ।" ਅਸੁਰ ਕਬੀਲੇ ਦੇ ਲੋਕ ਉੱਤਰੀ ਬੰਗਾਲ ਦੇ ਕੁਝ ਹੋਰ ਚਾਹ ਬਗ਼ੀਚੇ ਵਿਚ ਰਹਿੰਦੇ ਹਨ। 100 ਸਾਲ ਤੋਂ ਵੀ ਪਹਿਲਾਂ, ਚਾਹ ਦੇ ਬਗੀਚੇ ਦੇ ਲਈ ਬ੍ਰਿਟਿਸ਼ ਮਾਲਕਾਂ ਨੇ ਉਨ੍ਹਾਂ ਨੂੰ ਨਾਗਪੁਰਦੇ ਛੋਟੇ ਜਿਹੇ ਖੇਤਰ ਤੋਂ ਇੱਥੇ ਲਿਆਂਦਾ ਸੀ।

## ਪਰੰਪਰਾ ਦੀ ਪਾਲਣਾ

ਇਸ ਥਾਣ ਆਸੁਰ ਲਾਈਨ ਵਿਚ ਰਹਿ ਰਹੇ 26 ਪਰਿਵਾਰਾਂ ਵਿਚ ਲਗਭਗ 150 ਮੈਂਬਰ ਹਨ। ਉਨ੍ਹਾਂ ਸਾਰਿਆਂ ਨੇ ਆਪਣੇ ਪੁਰਖਿਆਂ ਤੋਂ ਸੁਣਿਆ ਹੈ ਕਿ ਉਨ੍ਹਾਂ ਨੂੰ ਕਹਾਣੀ ਵਿਚ



ਪੂਰਨ ਵਿਸ਼ਵਾਸ ਹੈ ਕਿ ਮਹਿਸ਼ਾਸੁਰਾ ਨੂੰ ਮਾਰਨ ਲਈ ਸਾਰੇ ਦੇਵਤਿਆਂ ਅਤੇ ਦੇਵਤਿਆਂ ਨੇ ਆਪਣੇ ਹੱਥ ਗ਼ੈਰਕਾਨੂੰਨੀ ਢੰਗ ਨਾਲ ਮਿਲਾ ਲਏ ਸਨ। ਇਸ ਕਬੀਲੇ ਦੇ ਲੋਕ ਪੂਜਾ ਦੇ ਦਿਨਾਂ ਦੌਰਾਨ ਰਾਤ ਵੇਲੇ ਕੰਮ ਕਰਦੇ ਹੋਏ ਆਪਣੇ ਸਾਰੇ ਕੰਮਾਂ ਨੂੰ ਨਜਿੱਠਦੇ ਹਨ। ਦਿਨ ਵਿਚ ਉਹ ਬਾਹਰ ਕਦਮ ਨਹੀਂ ਰੱਖਦੇ ।ਦਹਾਰੂ ਨਾਮੀ ਅਸੁਰ ਕਹਿੰਦੇ ਹਨ, "ਮਹਿਸ਼ਾਸੁਰ ਦੋਵਾਂ ਲੋਕਾਂ, ਸਵਰਗ ਅਤੇ ਧਰਤੀ ਦਾ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਸੀ ਅਤੇ ਦੇਵਤੇ (ਆਰੀਆ ਲੋਕ ) ਸੋਚਦੇ ਸਨ ਕਿ ਜੇਕਰ ਮਾਹਿਸਾਸ਼ੁਰ ਇੱਕ ਲੰਮੇ ਸਮੇਂ ਲਈ ਜਿੰਦਾ ਰਿਹਾ ਤਾਂ ਲੋਕ ਦੇਵਤਿਆਂ ਦੀ ਪੂਜਾ ਛੱਡ ਦੇਣਗੇ, ਆਰੀਆ ਲੋਕ ਤਬਾਹ ਹੋ ਜਾਣਗੇ। ਇਸ ਲਈ ਉਨ੍ਹਾਂ ਨੇ ਉਸਨੂੰ ਧੋਖਾ ਦੇ ਕੇ ਮਾਰ ਦਿੱਤਾ।"

ਮਹਿਸ਼ਾਸੁਰ ਦੀ ਮੌਤ ਤੋਂ ਬਾਅਦ, ਸਾਡੇ ਕੁੱਝ ਪੂਰਵਜ ਜੋ ਕਿਸੇ ਵੀ ਵਜਾਹ ਕਾਰਨ ਆਰੀਆ ਦੇ ਦੇਵਤਿਆਂ ਦੀ ਪੂਜਾ ਕਰਦੇ ਸਨ ਉਹਨਾ ਸਭ ਨੇ ਪੂਜਾ ਕਰਨੀ ਛੱਡ ਦਿੱਤੀ। ਇਸ ਲਈ ਅਸੀਂ ਅਜੇ ਵੀ ਉਸੇ ਪ੍ਰੰਪਰਾ ਦਾ ਪਾਲਣ ਕਰ ਰਹੇ ਹਾਂ। ਅਸੁਰ ਕਬੀਲੇ ਦੇ ਦਹਾਰੂ ਅਸੁਰ ਹਨ। ਉਹ ਕਹਿੰਦਾ ਹੈ," ਅਸੁਰ ਸਾਲ ਦੇਵਿੱਚ, ਇੱਕ ਦਿਨ ਚੌਲ਼ ਦੀ ਬਣੀ ਕੱਚੀ ਸ਼ਰਾਬ ਅਤੇ ਮੁਰਗੇ ਦਾ ਮਾਸ ਚੜਾ ਕੇ ਆਪਣੇ ਪੂਰਵਜਾਂ ਅਤੇ ਮਹਿਸ਼ਾਸੁਰ ਦੀ ਪੂਜਾ ਕਰਦੇ ਹਨ। ਅੱਜ ਤਕ ਅਸੁਰ ਲਾਈਨ ਵਿਚੋਂ ਕਿਸੇ ਨੇ ਵੀ ਸਕੂਲ ਦਾ ਮੂੰਹ ਲਹੀਂ ਦੇਖਿਆ। ਇਸ ਕਬੀਲੇ ਦੇ ਹਰ ਇਕ ਬੱਚੇ ਲਈ ਉਹ ਹੀ ਸੱਚ ਹੈ ਜੋ ਉਸ ਨੇ ਆਪਣੇ ਬਾਪ ਦਾਦਿਆਂ ਤੋਂ ਸੁਣਿਆ ਹੈ। ਇਨ੍ਹਾਂ ਲੋਕਾਂ ਦੀਆਂ ਖਾਣ ਪੀਣ ਦੀਆਂ ਆਦਤਾਂ ਆਮ ਲੋਕਾਂ ਤੋਂ ਵੀ ਵੱਖਰੀਆਂ ਹੁੰਦੀਆਂ ਹਨ। ਉੱਤਰੀ ਬੰਗਾਲ ਵਿਸ਼ਵ ਵਿਦਿਆਲਿਆ ਦੇ ਮਾਨਵ-ਵਿਗਿਆਨੀ ਸਮਰ ਵਿਸ਼ਵਾਸ਼ ਕਹਿੰਦੇ ਹਨ,ਕਿ, "ਇਹ ਲੋਕ ਮੂਲ ਰੂਪ ਝਾਰਖੰਡ ਦੇ ਚਾਈਬਾਸਾ ਅਤੇ ਉੜੀਸਾ, ਰਹਿਣ ਵਾਲੇ ਹਨ। ਪਰ ਉਹਨਾਂ ਦਾ ਰਹਿਣ ਸਹਿਣ ਬਹੁਤ ਹੀ ਵੱਖ ਹੈ। ਇਹ ਪਰਿਵਾਰ ਸਾਡੇ ਦਾਦੇ ਤੋਂ ਸੁਣਿਆ ਸੀ, ਨੇ ਉਸ ਉਹਨਾਂ ਨੂੰ ਅੱਜ ਵੀ ਪੂਰਾ ਵਿਸ਼ਵਾਸ ਹੈ।

ਭਾਰਤ ਦੇ ਨਾਗਰ ਪਰਿਵਾਰ ਦੇ ਲੇਖਕ ਦੀ ਭਾਸ਼ਾ, 'ਭਾਸ਼ਾਵਾਂ ਦੇ ਸਮਾਜ ਸ਼ਾਸਤਰ', 95 ਭਾਸ਼ਾਵਾਂ ਦਾ ਸ਼ਬਦਕੋਸ਼, ਭੋਜਪੁਰੀ-ਇੰਗਲਿਸ਼-ਹਿੰਦੀ ਕੋਸ਼ 'ਅਤੇ' 'ਪਹਿਲੀ ਵਾਰ ਹਿੰਦੀ ਭਾਸ਼ਾ ਸਾਹਿਤ ਦਾ ਸਬਅਲਟਰਨ ਇਤਿਹਾਸ ਆਦਿ ਕਿਤਾਬਾਂ ਵਿਗਿਆਨਕ ਅਤੇ ਆਲੋਚਕਾਂ ਨੇ ਲਿਖਿਆ ਸੀ ਉਹ ਵਰਤਮਾਨ ਸਮੇਂ ਸਾਸਾਰਾਮ ਵਿਖੇ ਵੀਰ ਕੁੰਵਰ ਸਿੰਘ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਪ੍ਰੋਫੈਸਰ ਹਨ ਉਹ ਲਿਖਦੇ ਹਨ ਕਿ ਜਿਵੇਂ ਕਿ ਇਸ ਨੂੰ ਜਾਣਿਆ ਜਾਂਦਾ ਹੈ, 'ਮਹਿਸ਼ਾਸੁਰ' ਮੂਲ ਰੂਪ ਵਿਚ 'ਮਹਿਸ਼' ਅਤੇ 'ਅਸੁਰ' ਸ਼ਬਦਾਂ ਦੀ ਇੱਕ ਜੁੜਵਾਂ ਸ਼ਬਦ ਹੈ। 'ਮਹਿਸ਼' ਦਾ ਸਭ ਤੋਂ ਪੁਰਾਣਾ ਅਰਥ 'ਮਹਾਂ ਸ਼ਕਤੀਮਾਨ' ਹੈ। ਇਹ ਮਹਿ ('ਮਹਾ') ਅਤੇ ਸ਼ਾ (ਸ਼ਕਤੀ) ਨੂੰ ਜੋੜ ਕੇ ਬਣਾਇਆ ਗਿਆ ਹੈ, ਜਿਸ ਵਿੱਚ ਇਕ ਖਿੱਚ ਦੀ ਭਾਵਨਾ ਹੈ। 'ਮਹਾ' ਸ਼ਬਦ ਤੋਂ ਬਹੁਤ ਸਾਰੇ ਸ਼ਬਦ ਜਿਵੇਂ ਮਹਾਨ, ਮਹੱਤਵਪੂਰਨ, ਮਹਿਮਾ, ਮਹਿਸ਼ ਬਣਾਏ ਗਏ ਹਨ; ਮਹਾਨ ਮਹਾਨਤਾ ਆਦਿ ਦੇ ਰੂਪ ਵਿੱਚ. ਮਹਿਸ਼ ਅਜਿਹੇ ਇੱਕ ਸ਼ਬਦ ਹੈ।

ਜਦੋਂ ਰਾਜਤੰਤਰ ਭਾਰਤ ਵਿਚ ਵਿਕਸਤ ਹੋਇਆ, ਤਾਂ 'ਮਹਿਸ਼' ਦਾ ਇਕ ਨਵਾਂ ਅਰਥ 'ਰਾਜਾ' ਬਣ ਗਿਆ। ਕਾਰਨ ਕਿ ਧਰਤੀ ਉਤੇਮਹਾਂ ਸ਼ਕਤੀਮਾਨ 'ਇਕੋ ਇਕ ਰਾਜਾ ਹੁੰਦਾ ਹੈ। ਇਸ ਲਈ ਰਾਣੀ ਨੂੰ ਅਜੇ ਵੀ 'ਮਹਿਸ਼ੀ' ਕਿਹਾ ਜਾਂਦਾ ਹੈ। ਭਾਰਤੀ ਵਿਆਕਾਰਣ ਵਿਚ, 'ਮਹਿਸ਼' ਦਾ ਮਤਲਬ 'ਮੱਝਾਂ' ਪਹਿਲਾਂ ਸਿਮ੍ਰਤੀ-ਗ੍ਰੰਥਾਂ ਵਿਚ ਹੋਈਆ। 'ਮਹਿਸ਼' ਦਾ ਮਤਲਬ ਸਿਮ੍ਰਤੀ-ਗ੍ਰੰਥਾਂ ਤੋਂ ਪਹਿਲਾਂ ਕਿਤੇ ਵੀ 'ਮੱਝਾਂ' ਨਹੀਂ ਮਿਲਦਾ।

ਸਿੱਟਾ ਇਹ ਹੈ ਕਿ ਵਰਤਮਾਨ ਵਿਚ 'ਮਹਿਸ਼ 'ਤਿੰਨ ਅਰਥਾਂ ਵਿਚ ਮਿਲਦਾ ਹੈ। 1. ਮਹਾਸ਼ਕਤੀਮਾਨ ਵਿਚ ਪ੍ਰਚਲਿਤ ਹੈ। 2. ਰਾਜਾ 3 ਮੱਝਾਂ ਲਈ। ਇਸ ਪ੍ਰਕਾਰ 'ਮਾਹਿਸ਼' ਦਾ ਅਰਥ- ਵਿਕਾਸ ਤਿੰਨ ਪੜਾਵਾਂ ਵਿਚ ਹੋਇਆ ਹੈ. ਇਸਦਾ ਮਤਲਬ ਹੈ 'ਮਹਾਂ ਸ਼ਕਤੀਮਾਨ' ਪਹਿਲਾ ਕਦਮ ਹੈ। ਦੂਜੇ ਪੜਾਅ ਵਿੱਚ ਇਸਦਾ ਮਤਲਬ 'ਰਾਜਾ' ਹੈ ਅਤੇ ਤੀਜੇ ਪੜਾਅ ਵਿੱਚ ਇਸਦਾ ਮਤਲਬ ਵਿਕਾਸ 'ਮੱਝਾਂ' ਦੇ ਰੂਪ ਵਿਚ ਹੈ।

ਉਸ ਸਮੇਂ, ਇਸ ਦੇਸ਼ ਦੇ ਰਾਜੇ ਅਸੁਰ (ਕਾਲੀ-ਨਸਲ ਵਾਲੇ) ਹੋਇਆ ਕਰਦੇ ਸੀ, ਉਸ ਸਮੇਂ, 'ਮਹਿਸ਼' ਦਾ ਅਰਥ ਦੂਜੇ ਪੜਾਅ ਤੋਂ ਲੰਘ ਰਿਹਾ ਸੀ। ਇਸੇ ਲਈ ਮੰਨਣਾ ਚਾਹੀਦਾ ਹੈ ਕਿ ਮਹਿਸ਼ਾਸੁਰ ਸ਼ਬਦ ਦਾ ਮਤਲਵ ਵਿਚ ਇਕ ਖਾਸ ਬਦਲਾਓ ਵਾਲੇ ਸਮੇਂ ਦੇ ਦੂਜੇ ਪੜਾਅ 'ਚ ਵਿਚ ਹੈ। ( ਇਕ ਨਫਰਤ ਭਰੇ ਨਜ਼ਰੀਏ ਨਾਲ ਆਰੀਆ ਲੋਕਾਂ ਦੁਆਰਾ ਵਿਰੋਧੀ ਦੁਸਮਣ ਰਾਜੇ ਜੋ ਮਹਾਂ ਸ਼ਕਤੀਮਾਨ ਸੀ ਨੂੰ ਘਟੀਆ ਪ੍ਰਚਾਰਿਤ ਕਰਨ ਦੇ ਨਜ਼ਰੀਏ ਨਾਲ ਬਦਲਵਾਂ ਅਰਥ ਪੈਦਾ ਕਰਦਾ ਸ਼ਬਦ 'ਮਹਿਸਾਸ਼ੁਰਾ' ਪ੍ਰਚਾਰਿਤ ਕੀਤਾ ਗਿਆ ਸੀ। 'ਮਹਿਸਾਸ਼ੁਰਾ' ਦਾ ਅਸਲ ਅਰਥ ਰਾਜਾ ਸੀ 'ਅਸ਼ੁਰ ਦਾ ਰਾਜਾ' ਭਾਰਤੀ ਮੂਲ ਨਿਵਾਸੀਆਂ ਦਾ ਰਾਜਾ ਹੈ, ਨਾ ਕਿ ਭੈਸਾਸ਼ੁਰ। ਜਦੋਂ 'ਮਹਿਸਾਸ਼ੁਰਾ' ਸ਼ਬਦ ਆਪਣੇ ਅਰਥ ਵਿਕਾਸ ਦੇ ਤੀਜੇ ਪੜਾਅ ਵਿੱਚੋਂ ਲੰਘ ਰਿਹਾ ਸੀ ਤਾਂ ਇਸ ਨੂੰ 'ਭੈਂਸਾਸੁਰ' ਬੁਲਾਇਆ ਗਿਆ, ਸਮਝਾਈਆ ਅਤੇ ਪ੍ਰਚਾਰੀਆ ਗਿਆ। ਅਸਲੀ 'ਮਹਿਸਾਸ਼ੁਰਾ' ਦਾ ਸ਼ਬਦ ਨੇ ਆਪਣੇ ਅਰਥ ਗੁਆ ਦਿੱਤੇ।

ਹੁਣ, ਸ਼ਬਦ 'ਅਸੁਰ' ਤੇ ਵਿਚਾਰ ਕਰੀਏ। 'ਅਸੁਰ' ਦਾ ਪੁਰਾਣਾ ਅਤੇ ਸਹੀ ਅਰਥ 'ਰਾਖਸ਼ਸ' ਨਹੀਂ ਹੈ। ਇਹ ਵੇਦਿਕ ਡਿਕਸ਼ਨਰੀ ਵਿਚ ਲਿਖਿਆ ਹੈ ਕਿ ਅਸੁਰਾਤੀ ਦਦਾਤੀ ਅਤਿ ਅਸੁਰੁ: ਭਾਵ ਜੋ ਅਸੁ (ਪ੍ਰਾਣ) ਦੱਸਿਆ ਹੈ, ਇਸ ਤਰਾਂ ਅਸੁਰ ਦਾ ਮਤਲਵ (ਪ੍ਰਾਣਦਾਤਾ) ਹੈ। ਸੰਸਕ੍ਰਿਤ ਦੇ ਮਸ਼ਹੂਰ ਲੇਖਾਕਾਰ ਵੀ. ਐਸ. ਅਪਟੇ ਨੇ ਵੀ'ਅਸੁ' ਦਾ ਅਰਥ 'ਪ੍ਰਾਣ' ਦਾ ਹੀ ਇਸਤੇਮਾਲ ਕੀਤਾ ਹੈ। ਪ੍ਰਸਿੱਧ ਹਿੰਦੀ ਕਵੀ ਰਾਮਚੰਦਰ ਵਰਮਾ ਵੀ ਇਸ ਅਰਥ ਨਾਲ ਸਹਿਮਤ ਹੈ। ਅਸਲ ਵਿਚ, ਹਿੰਦੀ ਅਤੇ ਸੰਸਕ੍ਰਿਤ ਤੋਂ 'ਅਸੁਰ' ਸ਼ਬਦ ਇਸ ਅਸੂ (ਪ੍ਰਾਣ) ਸ਼ਬਦ ਤੋਂ ਬਣਿਆ ਹੈ। 'ਅਸੁਰ' ਨੂੰ 'ਅਸੂ+ਆਰ' ਦੁਆਰਾ ਨਿਰਮਾਣ ਕੀਤਾ ਗਿਆ ਹੈ, ਜਦੋਂ ਕਿ ਕੁਝ ਲੋਕਾਂ ਨੇ ਗਲਤੀ ਨਾਲ ਸੋਚਿਆ ਹੈ ਕਿ ਇਹ 'ਅਸੁ+ਰ' ਤੋਂ ਬਣਿਆ ਹੈ। ਕੁਝ ਲੋਕਾਂ ਦਾ ਮੰਨਣਾ ਹੈ 'ਅਸੁਰ' ਸ਼ਬਦ 'ਅ' ਨਾਲ 'ਸੁਰ' ਦੇ ਜੁੜਨਤੋਂ ਬਣਿਆ ਹੋਇਆ ਹੈ। ਇਹ 'ਸੁਰ' (ਦੇਵਤਾ, ਜਾਨੀ ਦੇਣ ਵਾਲਾ) ਵਿੱਚ 'ਅ' (ਨਾ) ਵਿੱਚ ਸ਼ਾਮਲ ਹੋਣ ਦੁਆਰਾ ਨਹੀਂ ਮਤਲਵ ਅਸੁਰ ( ਨਾਂ ਦੇਣ ਵਾਲਾ ) ਬਣਾਇਆ ਗਿਆ ਹੈ। (ਭਾਵ ਜੋ ਲੋਕ ਆਰੀਆ ਲੋਕਾਂ ਨੂੰ ਕੁਝ ਨਾਂ ਕੁਝ ਦਿੰਦੇ ਸਨ ਉਹ ਦੇਵਤੇ (ਆਰੀਆ ਦੇ ਰੱਬ) ਜੋ ਭਾਰਤੀ ਮੂਲਨਿਵਾਸੀ ਲੋਕ

(ਬਾਕੀ ਦੇਖੋ ਸਫਾ 27 'ਤੇ)

## ਪਈ ਕੁਰਾਹੇ ਸੋਚ

ਪਈ ਕੁਰਾਹੇ ਸੋਚ ਬਦਲਿਆ ਢੰਗ ਆਜ਼ਾਦੀ ਦਾ,
ਹੁਣ ਫਿੱਕਾ ਪੈ ਗਿਆ ਅੱਜ ਸ਼ਹੀਦੋਂ ਰੰਗ ਆਜ਼ਾਦੀ ਦਾ।

ਧਰਮ ਦੇ ਨਾਂ 'ਤੇ ਨਿੱਤ ਇੱਥੇ ਹੀ ਦੰਗੇ ਹੁੰਦੇ ਨੇ,
ਨਿਰਦੋਸ਼ੇ ਫਿਰ ਸੂਲੀ ਉੱਤੇ ਟੰਗੇ ਹੁੰਦੇ ਨੇ।
ਚੀਰ ਹਰਨ ਹੁਣ ਕਰ ਦਿੱਤਾ ਅੰਗ-ਅੰਗ ਆਜ਼ਾਦੀ ਦਾ,
ਹੁਣ ਫਿੱਕਾ ਪੈ ਗਿਆ ਅੱਜ ਸ਼ਹੀਦੋਂ ਰੰਗ ਆਜ਼ਾਦੀ ਦਾ।

ਦੇਸ਼ ਨੂੰ ਘੇਰਿਆ ਰਿਸ਼ਵਤਖੋਰਾਂ, ਭ੍ਰਿਸ਼ਟਾਚਾਰੀ ਨੇ,
ਕੁੱਖ ਵਿਚ ਹਾਅ ਦਾ ਨਾਅਰਾ ਲਾਇਆ ਕੁੜੀ ਵਿਚਾਰੀ ਨੇ।
ਧੀਆਂ ਲਈ ਕਿਉਂ ਘੇਰਾ ਹੋਇਆ ਤੰਗ ਆਜ਼ਾਦੀ ਦਾ,
ਹੁਣ ਫਿੱਕਾ ਪੈ ਗਿਆ ਅੱਜ ਸ਼ਹੀਦੋਂ ਰੰਗ ਆਜ਼ਾਦੀ ਦਾ।

ਨਸ਼ਿਆਂ ਦੇ ਵਿਚ ਮਰਦੀ ਅੱਜ ਜਵਾਨੀ ਦੇਖ ਲਵੋ,
ਮਾਂ-ਬਾਪ ਦੀ ਰੁਲਦੀ ਹੈ ਜ਼ਿੰਦਗਾਨੀ ਦੇਖ ਲਵੋ।
ਮਰ-ਮਰ ਕੇ ਹੁਣ ਲੋਕ ਟਪਾਉਂਦੇ ਡੰਗ ਆਜ਼ਾਦੀ ਦਾ,
ਹੁਣ ਫਿੱਕਾ ਪੈ ਗਿਆ ਅੱਜ ਸ਼ਹੀਦੋਂ ਰੰਗ ਆਜ਼ਾਦੀ ਦਾ।

ਭੁੱਲ ਗਏ ਹਾਂ ਅਸੀਂ ਰਾਜ ਗੁਰੂ ਕਰਤਾਰ ਸਰਾਭੇ ਨੂੰ,
ਭਗਤ ਸਿੰਘ, ਸੁਖਦੇਵ ਤੇ ਨਾਲੇ ਭਕਨੇ ਬਾਬਾ ਨੂੰ।
ਜਿਹਨਾਂ ਦੇ ਸਦਕੇ ਮਾਣ ਰਹੇ ਹਾਂ ਸੰਗ ਆਜ਼ਾਦੀ ਦਾ,
ਹੁਣ ਫਿੱਕਾ ਪੈ ਗਿਆ ਅੱਜ ਸ਼ਹੀਦੋਂ ਰੰਗ ਆਜ਼ਾਦੀ ਦਾ।

– ਮਦਨ ਬੰਗੜ
81-95015-75511

## ਔਰਤ

ਔਰਤ ਸਿਰਫ ਓਦੋਂ ਤੱਕ
ਤੁਹਾਡੀ ਹੁੰਦੀ ਹੈ
ਜਦੋਂ ਤੱਕ ਉਹ ਤੁਹਾਡੇ ਨਾਲ
ਰੁੱਸਦੀ ਹੈ,ਲੜਦੀ ਹੈ
ਹੰਝੂ ਵਹਾਉਂਦੀ ਹੈ
ਤੇ ਕਹਿ ਦਿੰਦੀ ਹੈ
ਜੋ ਮਨ ਵਿਚ ਆਉਂਦਾ ਹੈ
ਬਿਨਾ ਸੋਚੇ,ਬੇਧੜਕ ।
ਪਰ,,,
ਜਦੋਂ ਉਹ ਦੇਖਦੀ ਹੈ
ਉਹਦੇ ਰੁੱਸਣ ਦਾ
ਉਹਦੇ ਹੰਝੂਆਂ ਦਾ
ਕੋਈ ਅਸਰ ਨਹੀਂ ਹੁੰਦਾ
ਤੁਹਾਡੇ ਤੇ
ਤਾਂ ਇਕਦਮ ਉਹ
ਰੁੱਸਣਾ ਛੱਡ ਦਿੰਦੀ ਹੈ
ਰੋਣਾ ਛੱਡ ਦਿੰਦੀ ਹੈ
ਹੱਸ ਕੇ ਦੇਣ ਲੱਗਦੀ ਹੈ
ਜਵਾਬ ਤੁਹਾਡੀ ਹਰ ਗੱਲ ਦਾ ।
ਸਮੇਟ ਲੈਂਦੀ ਹੈ
ਖੁਦ ਨੂੰ
ਤੇ ਤੁਸੀਂ ਸਮਝ ਲੈਂਦੇ ਹੋ
ਕਿ ਸਭ ਠੀਕ ਹੋ ਗਿਆ ।
ਤੁਸੀਂ ਜਾਣ ਹੀ ਨਹੀਂ ਪਾਉਂਦੇ ਕਿ
ਉਹ ਸ਼ਾਂਤ ਨਹੀਂ
ਮੁਰਦਾ ਹੋ ਚੁੱਕੀ ਹੈ
ਕਿਤੇ ਨਾ ਕਿਤੇ
ਗਲਾ ਘੁੱਟ ਲਿਆ ਹੈ
ਉਸਨੇ ਆਪਣੀਆਂ ਭਾਵਨਾਵਾਂ ਦਾ।
ਹੁਣ ਉਹ ਤੁਹਾਡੇ ਕੋਲ ਤਾਂ ਹੈ
ਪਰ ਤੁਹਾਡੀ ਨਾਂ ਹੋ ਕੇ
ਕਿਉਂਕਿ
ਔਰਤ ਸਿਰਫ ਓਦੋਂ ਤੱਕ
ਤੁਹਾਡੀ ਹੁੰਦੀ ਹੈ
ਜਦੋਂ ਤੱਕ........



ਗੁਰਪ੍ਰੀਤ
(91-88723-00562)

# ਭਾਰਤੀ ਮੂਲਨਿਵਾਸੀਆਂ ਦਾ ਮਹਾਂ ਨਾਇਕ "ਮਹਿਸਾਸ਼ੁਰ"

(ਸਫਾ ਦੀ ਬਾਕੀ)

ਆਰੀਆ ਲੋਕਾਂ ਨੂੰ ਕੁੱਝ ਨਹੀਂ ਦਿੰਦੇ ਸਨ ਉਹ ਅਸੁਰ ( ਨਾਂ ਦੇਣ ਵਾਲੇ) ਉਹਨਾਂ ਲਈ ਜੋ ਦੇਵਤੇ (ਰੱਬ) ਦੇ ਵਿਰੋਧ ਵਾਚਿਕ ਕਈ ਸ਼ਬਦ ਘੜ ਲਏ ਗਏ)

ਆਓ ਇਕ ਉਦਾਹਰਨ ਦੇ ਨਾਲ ਇਸ ਨੂੰ ਸਮਝੀਏ ।'ਅਸਰ' ਦਾ ਅਰਥ ਹੈ 'ਪ੍ਰਭਾਵ'। ਜੇਕਰ ਕੋਈ ਇਸਦਾ ਵਿਆਖਿਆ 'ਅ (ਨਾ) ਸਰ (ਮਹਾਸਾਗਾ)' ਕਰਕੇ ਨਹੀ ਹੈ, ਤਾਂ ਇਹ ਇਕ ਮਹਾਸਾਗਾ ਨਹੀਂ ਹੈ, ਤੁਸੀ ਉਸਨੂੰ ਕੀ ਕਹੋਗੇ? ਕਿਸੇ ਵੀ ਤਰ੍ਹਾਂ 'ਅਸੁ' (ਪ੍ਰਾਣ) ਅਸੁਰ ਦਾ ਮੂਲ ਸ਼ਬਦ ਹੈ. 'ਅ' (ਨਾਂ) ਇਸ ਤੋਂ ਵੱਖ ਨਹੀ ਕੀਤਾ ਜਾ ਸਕਦਾ। ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਭਾਸ਼ਾ ਵਿਗਿਆਨ ਦੇ ਅਨੁਸਾਰ ਤੁਸੀਂ 'ਧੋਖਾਧੜੀ ਵਿਧੀ' ਦਾ ਸ਼ਿਕਾਰ ਹੋ। 'ਸੁਰ' (ਦੇਵਤਾ) ਦੀ ਰਚਨਾ ਅਗਿਆਨਤਾ ਕਾਰਨ ਹੋਈ। 'ਅਸੁਰ' ਮੂਲ ਸ਼ਬਦ ਹੈ। ਇਸ 'ਸੁਰ' ਵਿਚ ਕਿਸੇ ਵੀ ਥਾਂ ਤੋਂ ਸੁਤੰਤਰ ਤੌਰ 'ਤੇ ਜੁੜਿਆ ਨਹੀਂ ਹੈ। ਪੁਰਾਣੇ ਸਮੇਂ ਵਿਚ 'ਸੁਰ' ਸ਼ਬਦ ਮੌਜੂਦ ਨਹੀਂ ਸੀ । ਇਸ ਲਈ, ਵੇਦ ਵਿਚ ਵੀ ਇੰਦਰ ਦੇ ਲਈ ਵਿਸ਼ੇਸ਼ਣ 'ਅਸੁਰ' ਵਰਤਿਆ ਗਿਆ ਹੈ। 'ਅਸੁਰ' ਦਾ ਮਤਲਬ 'ਰਾਖਸ਼ਸ' ਗਲਤ ਹੈ ਅਤੇ ਇਹ ਬਾਅਦ ਵਿੱਚ ਹੀ ਘੜਿਆ ਹੈ।

ਮਹਿਸ਼ਾਸੁਰ ਵਿਚ 'ਅਸੁਰ' ਸ਼ਬਦ ਰਾਖਸ਼ ਦਾ ਨਾਂ ਨਹੀਂ ਹੈ ਪਰ 'ਪ੍ਰਾਣ' ਹੈ। ਮਹਿਸ਼ਾਸੁਰ ਭਾਰਤੀ ਇਤਿਹਾਸ ਦਾ ਇਤਿਹਾਸਕ ਨਾਇਕ ਹੈ। ਮਸ਼ਹੂਰ ਇਤਿਹਾਸਕਾਰ ਡੀ. ਡੀ. ਕੋਸੰਬੀ ਦੇ ਇਤਿਹਾਸ ਦੀਆਂ ਕਿਤਾਬਾਂ ਦੇ ਪੰਨੇ 'ਤੇ ਮਹਿਸ਼ਾਸੁਰ ਨੂੰ ਕਈ ਵਾਰ ਰੇਖਾਂਕਿਤ ਕੀਤਾ ਗਿਆ ਹੈ। ਮਹਿਸ਼ਾਸੁਰ ਦੀ ਯਾਦ ਵਿੱਚ ਬਣੇ ਬਹੁਤ ਸਾਰੇ ਮੰਦਰਾਂ ਦੀਆਂ ਤਸਵੀਰਾਂ ਇਸ ਵਿੱਚ ਦਰਸਾਈਆਂ ਗਈਆਂ ਹਨ, ਨਾਲ ਹੀ ਦੁਰਗਾ ਨਾਲ ਉਨ੍ਹਾਂ ਦੇ ਰਿਸ਼ਤੇ ਦਾ ਨਿਸ਼ਾਨ ਦਿਖਾਉਂਦੀਆਂ ਹਨ।

ਇਹ ਸੱਚ ਹੈ ਕਿ ਅੱਜ ਮਹਿਸ਼ਾਸੁਰਾ ਇਕ ਇਤਿਹਾਸਕ ਕਿਰਦਾਰ ਤੋਂ ਮਿੱਥਿਕ ਬਣ ਚੁੱਕਿਆ ਹੈ, ਪਰ ਇਹ ਯਾਦ ਰੱਖੋ ਕਿ ਇਤਿਹਾਸ ਦੇ ਸਭ ਤੋਂ ਪ੍ਰਸਿੱਧ ਨਾਇਕਾਂ ਉੱਤੇ ਕਲਪਤ ਕਹਾਣੀਆਂ ਬਣਾਈਆਂ ਹਨ। ਮਹਿਸ਼ਾਸੁਰ ਦਾ ਇਤਿਹਾਸ ਲੋਕਮਨਾਸ ਦੀਆਂ ਯਾਦਾਂ ਵਿਚ ਜਿਉਂਦਾ ਹੈ, ਇਸ ਨੂੰ ਇਤਿਹਾਸ ਦੇ ਪੰਨਿਆਂ ਵਿਚ ਲੱਭਣ ਦਾ ਕੋਈ ਮਤਲਵ ਲਹੀਣ। ਇਸ ਦਾ ਕਾਰਨ ਇਹ ਹੈ ਕਿ ਇਤਿਹਾਸ ਦੀਆਂ ਕਿਤਾਬਾਂ ਅਕਸਰ ਅਨਆਰੀਆ ਦੇ ਵਿਰੋਧੀਆਂ ਦੁਆਰਾ ਪ੍ਰਾਯੋਜਿਤ ਕੀਤੀਆਂ ਗਈਆਂ ਹਨ।

ਮੱਧ ਪ੍ਰਦੇਸ਼ ਵਿੱਚ ਵੀ ਭੈਂਸਾਸੁਰ ਪਿੰਡ ਦੇ ਕਈ ਸਬੂਤ ਸੰਭਾਲੇ ਹੋਏ ਹਨ। ਮੱਧ ਪ੍ਰਦੇਸ਼ ਦਾ ਤਹਿਸੀਲ ਐਂਤਾਗੜ੍ਹ ਦੇ ਵਿੱਚ ਪਿੰਡ ਭੈਂਸਾਸੁਰ ਪਿੰਡ ਸਥਿਤ ਹੈ। ਇਸੇ ਤਰ੍ਹਾਂ, ਭੈਂਸਾਸੁਰ ਪਿੰਡ ਵੀ ਸਤਨਾ ਜ਼ਿਲ੍ਹੇ ਦੇ ਥਾਨਾ ਮੈਹਰ ਦੇ ਅਧੀਨ ਪੈਂਦਾ ਹੈ। ਜ਼ਿਲਾ ਮਹੋਵਾ ਬਲਾਕ ਚਰਖਾਰੀ ਵਿਚ ਭੈਂਸਾਸੁਰ ਕਸਬਾ ਵੀ ਹੈ। ਸਵੈਮ ਮਹੋਵਾ ਇਕ ਸ਼ਹਿਰ ਹੈ ਜੋ ਕਿ ਮਹਿਸ਼ਾਸੁਰ ਦੁਆਰਾ ਵਸਿਆ ਹੋਇਆ ਹੈ। ਮਹਿਸ਼ਾਸੁਰ ਨੂੰ ਡੀ.ਡੀ. ਕੋਸੰਬੀ ਦੁਆਰਾ 'ਮਹਾਂਸੋਬਾ' ਲਿਖਿਆ ਹੈ। ਇਹੋ ਮਹਾਂਸੋਬਾ ਹੀ ਸ਼ਹਿਰ ਹੈ ਜੋ ਮਹੋਬਾ ਹੈ । ਮਹੋਬਾ ਦਾ ਖੇਤਰ ਮਹਿਸ਼ਾਸੁਰ ਦੀਆਂ ਯਾਦਾਂ ਨਾਲ ਭਰਿਆ ਪਿਆ ਹੈ।

ਕਈ ਸ਼ਹਿਰਾਂ ਵਿਚ ਭੈਂਸਾਸੁਰ ਦੀ ਯਾਦ ਵਿਚ ਤਿਰਾਹੇ ਅਤੇ ਚੌਰਾਹੇ ਹਨ। ਮੱਧ ਪ੍ਰਦੇਸ਼ ਦੇ ਜਬਲਪੁਰ ਵਿੱਚ ਭੈਂਸਾਸੁਰ ਦੇ ਨਾਂ ਤੇ ਤਿਰਾਹਾ ਹੈ ਅਤੇ ਬਿਹਾਰ ਵਿੱਚ ਬਿਹਾਰਸ਼ਰੀਫ ਵਿੱਚ ਭੈਂਸਾਸੁਰ ਦੇ ਨਾਮ ਉਤੇ ਚੌਰਾਹਾ ਹੈ। ਜਿਵੇਂ ਕਿ ਅਸੀਂ ਇਹ ਕਹਿ ਰਹੇ ਹਾਂ ਕਿ ਮਹਿਸ਼ਾਸੁਰ ਦਾ ਨਾਂ ਬਾਅਦ 'ਭੈਂਸਾਸੁਰ' ਬਣ ਗਿਆ। ਭਾਰਤ ਵਿੱਚ,ਇਸ ਦੇ ਨਾਂ ਤੇ ਕਈ ਪਿੰਡ ਹਨ ਅਤੇ ਬਹੁਤ ਸਾਰੇ ਚੌਕ ਅਤੇ ਮਹੱਲੇ ਵੀ ਉਥੇ ਮੌਜੂਦ ਹਨ। ਇਹ ਸਭ ਮਹਿਸ਼ਾਸੁਰ ਦੇ ਇਤਿਹਾਸਕ ਚਰਿੱਤਰ ਦਾ ਸਬੂਤ ਹਨ ਭੈਂਸਾਸੁਰ ਪਿੰਡ ਝਾਰਖੰਡ ਦੇ ਪਮਾਲੂ ਜ਼ਿਲ੍ਹੇ ਦੇ ਮੰਨਾਟੂ ਬਲਾਕ ਹੇਠ ਪਦਮ ਪੰਚਾਇਤ ਵਿਚ ਸਥਿਤ ਹੈ। ਭੈਂਸਾਸੁਰ ਪਿੰਡ ਉੱਤਰ ਪ੍ਰਦੇਸ਼ ਦੇ ਪਿਲੀਭੀਤ ਜ਼ਿਲੇ ਦੇ ਪੂਰਣਪੁਰ ਵਿਧਾਨ ਸਭਾ ਖੇਤਰ ਵਿੱਚ ਵੀ ਹੈ।

ਭਾਰਤ ਦੇ ਬਹੁਤ ਸਾਰੇ ਸਥਾਨਾਂ ਤੇ ਮਹਿਸ਼ਾਸੁਰ ਦੀ ਪੂੱਜਾ ਦੇ ਸਥਾਨ ਹਨ। ਸੀਹੋਰ ਸ਼ਹਿਰ ਦੇ ਨੇੜੇ ਈਛਾਵਰ ਮਾਰਗ ਨੇੜੇ ਪਹਾੜੀ ਤੇ ਭੈਂਸਾਸੁਰ ਬਾਬਾ ਦਾ ਸਥਾਨ ਹੈ। ਮੱਧ ਪ੍ਰਦੇਸ਼ ਦੇ ਛਤਰਪੁਰ ਵਿਚ ਭੈਂਸਾਸੁਰ ਮੁਕਤੀ ਧਾਮ ਹੈ। ਦੂਰ ਦੀ ਗੱਲ ਨੂੰ ਛੱਡੋ, ਬਨਾਰਸ ਵਿਚ ਇੱਥੇ ਭੈਂਸਾਸੁਰ ਦਾ ਮੰਦਰ ਅਤੇ ਇਕ ਘਾਟ ਵੀ ਹੈ।

ਮੱਧ ਪ੍ਰਦੇਸ਼ ਦੇ ਟੀਕਮਗੜ ਜ਼ਿਲ੍ਹੇ ਨੇੜੇ ਇਕ ਬੜਗਾਂਵ ਸ਼ਹਿਰ ਹੈ, ਇੱਥੇ ਭੈਂਸਾਸੁਰ ਦਾ ਮੰਦਰ ਹੈ। ਉਹ ਮੰਦਰ ਨੂੰ ਭੈਂਸਾਸੁਰ ਦੀਆਂ ਮੜੀਆਂ ਵਜੋਂ ਜਾਣਿਆ ਜਾਂਦਾ ਹੈ। ਭੈਂਸਾਸੁਰ ਬਾਬਾ ਸ਼ਹਿਰ ਦੇ ਦੇਵਤਿਆਂ ਦੇ ਪ੍ਰਮੁੱਖ ਹਨ। ਭੈਂਸਾਸੁਰ ਬਾਬਾ ਨੇ ਭਾਰਤ ਦੇ ਕਈ ਦਰਿਆਵਾਂ, ਮਹਾਂਸਾਗਰ ਅਤੇ ਤਲਾਬਾਂ ਵਿਚ ਨਿਵਾਸ ਕੀਤਾ ਹੈ। ਉਹ ਕਹਿੰਦੇ ਹਨ, ਇਤਿਹਾਸ ਉਨ੍ਹਾਂ ਨੂੰ ਕਿੱਥੇ ਮਿਟਾ ਦੇਵੇਗਾ? ਤੁਸੀਂ ਝਾਰਖੰਡ ਅਤੇ ਬਿਹਾਰ ਤੋਂ ਮਹਾਰਾਸ਼ਟਰ ਦੇ ਬਾਬਾ ਭੈਂਸਾਸੁਰ ਦੇ ਦਰਸ਼ਨ ਕਰ ਸਕਦੇ ਹੋ। ਸੱਚਾਈ ਮਿਟਦੀ ਨਹੀਂ ਹੈ । ਉਹ ਕਿਤੇ ਆਪਣੇ ਨਿਸ਼ਾਨ ਨੂੰ ਛੱਡ ਜਾਂਦੀ ਹੈ- ਟਿਲਿਆਂ ਉੱਤੇ, ਪੱਥਰਾਂ 'ਤੇ, ਉਜਾੜਾਂ ਚ ਖੰਡਰਾਂ ਵਿਚ।

ਲੋੜ ਹੈ ਭਾਰਤ ਨੂੰ ਸਮਤਾ, ਸਮਾਨਤਾ, ਭਾਈਚਾਰੇ ਅਤੇ ਕਾਨੂੰਨੀ ਬਰਾਬਰੀ ਨੂੰ ਸਹੀ ਮਾਨਿਆਂ ਵਿਚ ਲਾਗੂ ਕਰ ਦੇਸ਼ ਨੂੰ ਦੁਨੀਆਂ ਦੇ ਪਹਿਲੇ ਨੰਬਰ ਦੇ ਦੇਸ਼ਾਂ ਬਰਾਬਰ ਲਿਆਉਣ ਦੀ। ਭਾਰਤ ਦੇ ਪੁਰਾਤਨ ਇਤਿਹਾਸ ਨੂੰ ਨਹੀਂ ਬਦਲਿਆ ਜਾ ਸਕਦਾ ਪਰ ਇਮਾਨਦਾਰੀ ਨਾਲ ਕਿਸੇ ਵੀ ਜਮਾਤ, ਜਾਂ ਭਾਈਚਾਰੇ ਨਾਲ ਹੋਇਆ ਧੱਕਾ ਜਾ ਕੀਤਾ ਧੱਕਾ ਜਿਹਨ ਵਿਚ ਰੱਖ ਇਮਾਨਦਾਰੀ ਨਾਲ ਅਗੇ ਵਧਿਆ ਜਾਣਾਂ ਬਣਦਾ ਹੈ।

ਇਸ ਗੱਲ ਵਿਚ ਅੰਗਰੇਜ ਲੋਕੀ ਬਹੁਤ ਅਗੇ ਹਨ, ਪੁਰਾਤਨ ਅਤੇ ਪੁਰਵਜਾਂ ਤੋਂ ਹੋਈਆਂ ਗਲਤੀਆਂ ਮੰਨਣ ਲਗੇ ਅਤੇ ਮੁਆਫੀ ਲਗੇ ਜਰਾ ਵੀ ਗੁਰੇਜ ਅਤੇ ਹਿਚਕਚਾਹਟ ਨਹੀ ਕਰਦੇ, ਦੁਬਾਰਾ ਤੋਂ ਨਵੀਆਂ ਸਾਂਝਾਂ, ਨਵੇਂ ਸਾਫ ਸੁਥਰੇ ਰਿਸਤਿਆਂ ਨੂੰ ਸੁਰੂ ਕਰ ਲੈਂਦੇ ਹਨ। ਸਾਨੂੰ ਵੀ ਭਾਰਤੀਆਂ ਨੂੰ ਇਮਾਨਦਾਰੀ ਨਾਲ ਐਦਾਂ ਦੀ ਪਹਿਲ ਕਰ ਲੈਣੀ ਬਣਦੀ ਹੈ, ਅਗੇ ਵਧਣਾ ਅਕੇ ਤਰੱਕੀ ਕਰਨੀ ਚਾਹੀਦੀ ਹੈ ।

# ਪੱਛਮੀ ਧੜੇ 'ਚ ਜਾਣ ਕਰਕੇ ਭਾਰਤ ਦੀ ਹਸਤੀ ਮਿਟ ਰਹੀ ਹੈ - ਪ੍ਰੋ. ਤੁਲਸੀ ਰਾਮ

(ਪਿਛਲੇ ਸਫੇ ਦੀ ਬਾਕੀ)

ਉਮੀਦਵਾਰਾਂ ਨੂੰ ਜਿਤਾ ਰਿਹਾ ਹੈ। ਜਾਤੀਵਾਦ ਅਤੇ ਜਾਤ ਦੇ ਨਾਮ ਉੱਤੇ ਵੋਟ ਮੰਗੇ ਜਾਣ ਲੱਗੇ ਹਨ ਅਤੇ ਇਸੇ ਤਰ੍ਹਾਂ ਹੀ ਧਰਮ ਦੇ ਨਾਮ 'ਤੇ ਵੀ ਵੋਟ ਮੰਗੇ ਜਾਂਦੇ ਹਨ। ਭਾਰਤ ਦਾ ਜੋ ਰਾਜਨੀਤਕ ਸਿਸਟਮ ਹੈ ਉਹ ਜਾਤ ਅਧਾਰਤ ਸਿਸਟਮ ਵਿਚ ਬਦਲ ਗਿਆ ਹੈ। ਇਸ ਤਰ੍ਹਾਂ ਜਾਤਵਾਦ, ਰਾਜਨੀਤਕ ਕਾਰਨਾਂ ਕਰਕੇ ਹੁਣ ਹੋਰ ਵੀ ਵੱਧ ਮਜ਼ਬੂਤ ਹੋ ਰਿਹਾ ਹੈ। ਇਹ ਜਾਤ-ਪਾਤੀ ਪ੍ਰਬੰਧ ਜਿੰਨਾ ਵੀ ਮਜ਼ਬੂਤ ਹੁੰਦਾ ਹੈ ਇਸ ਨਾਲ ਦਲਿਤ ਅਤੇ ਆਦਿਵਾਸੀ ਓਨੇ ਹੀ ਅਸੁਰੱਖਿਅਤ ਹੁੰਦੇ ਜਾਂਦੇ ਹਨ। ਇਸ ਕਰਕੇ ਸਾਰੀਆਂ ਤਬਦੀਲੀਆਂ ਦੇ ਬਾਵਜੂਦ, ਸਭ ਯੋਜਨਾਵਾਂ ਦੇ ਬਾਵਜੂਦ ਜਾਤ ਅਧਾਰਤ ਰਾਜਨੀਤੀ ਤੀਖਣਤਾ ਨਾਲ ਵਧ-ਫੁਲ ਰਹੀ ਹੈ। ਭਵਿੱਖ ਵਿਚ ਇਸਦਾ ਸਿੱਟਾ ਬਹੁਤ ਹੀ ਖਤਰਨਾਕ ਹੋਵੇਗਾ।

? – ਕੀ ਮਹਾਂ ਸ਼ਕਤੀਆਂ ਦਾ ਦਲਾਲ ਦੇਸ਼ ਹੋਣ ਤੋਂ ਇਲਾਵਾ ਭਾਰਤ ਕਦੀ ਪਹਿਚਾਣ ਬਣਾ ਸਕੇਗਾ ?

– ਭਾਰਤ ਦੀ ਸਥਿਤੀ ਜੋ ਇਸ ਸਮੇਂ ਹੈ, ਭਾਰਤ ਦੀ ਪਹਿਚਾਣ ਬਹੁਤ ਚੰਗੀ ਹੋ ਸਕਦੀ ਸੀ ਇਕ ਆਜ਼ਾਦ ਨੇਸ਼ਨ ਦੇ ਰੂਪ ਵਿਚ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਭਾਰਤ ਪੱਛਮੀ ਦੇਸ਼ਾਂ ਦੇ ਦਲਾਲਾਂ ਵਰਗਾ ਬਣਦਾ ਜਾ ਰਿਹਾ ਹੈ। ਖਾਸ ਕਰਕੇ ਵਰਤਮਾਨ ਸਰਕਾਰ ਸਿੱਧੀ ਹੀ ਅਮਰੀਕੀ ਧੜੇ ਵਿਚ ਚਲੀ ਗਈ ਹੈ। ਜੋ ਆਰਥਕ ਸੰਕਟ ਅਮਰੀਕਾ ਵਿਚ ਆਇਆ ਸੀ ਉਹ ਭਾਰਤ ਵਿਚ ਵੀ ਆਇਆ। ਅਮਰੀਕੀ ਧੜੇ ਵਿਚ ਉਹ ਹੀ ਜਾਂਦਾ ਹੈ ਜੋ ਅਮਰੀਕੀ ਵਿਦੇਸ਼ ਨੀਤੀ ਨਾਲ ਵੀ ਸਹਿਮਤ ਹੋਵੇ। ਅਮਰੀਕਾ ਦੀ ਵਿਦੇਸ਼ ਨੀਤੀ (ਗਲੋਬਲ ਡੌਮੀਨੇਸ਼ਨ) ਵਿਸ਼ਵ ਪੱਧਰ ਉੱਤੇ ਧੱਕੇ ਅਤੇ ਧੌਂਸ ਦੀ ਨੀਤੀ ਹੈ। ਉਸ ਦੇ ਚੱਲਦੇ ਹੀ ਉਨ੍ਹਾਂ ਨੇ ਅਫਗਾਨਿਸਤਾਨ ਉੱਪਰ ਹਮਲਾ ਕੀਤਾ। ਫੇਰ ਲੀਬੀਆ ਦੇ ਗੱਦਾਫੀ ਨੂੰ ਹਟਾਇਆ। ਭਾਰਤ ਗੁਟ-ਨਿਰ-ਲੇਪਤਾ ਦੀ ਨੀਤੀ ਨੂੰ ਛੱਡ ਕੇ ਹੁਣ ਅਮਰੀਕੀ ਗੁੱਟ ਨਾਲ ਹੈ, ਇਸ ਕਰਕੇ ਦੁਨੀਆਂ ਦੇ ਦੇਸ਼ਾਂ ਅੰਦਰ ਭਾਰਤ ਦੀ ਬਦਨਾਮੀ ਵੀ ਹੋਈ। ਭਾਵੇਂ ਇਕ ਸਮੇਂ ਭਾਰਤ ਤੀਜੀ ਦੁਨੀਆਂ ਵਾਲੇ ਮੁਲਕਾਂ ਦੇ ਆਗੂ ਵਾਲੇ ਰੂਪ ਵਿਚ ਉੱਭਰਿਆ ਸੀ, ਉਹ ਗੱਲ ਹੁਣ ਲੱਗਪਗ ਖਤਮ ਹੁੰਦੀ ਦਿਸ ਰਹੀ ਹੈ।

? – ਪੁਰਾਣੀ ਵਿਵਸਥਾ ਦੇ ਅਧੀਨ ਰਾਸ਼ਟਰ ਦੇ ਨਵੇਂ ਰੂਪ ਵਿਚ ਅਕਸਰ ਦੇਖਿਆ ਗਿਆ ਹੈ ਕਿ ਪੁਰਾਣੇ ਦੇਸ਼ ਢਹਿੰਦੇ ਹੀ ਚਲੇ ਜਾਂਦੇ ਹਨ ਜਿਵੇਂ ਮਘਦ, ਯੂਨਾਨ, ਮਿਸਰ ਆਦਿ। ਭਾਰਤੀ ਸੰਦਰਭ 'ਚ ਇਸਦੀ ਵਿਆਖਿਆ ਜਾਂ ਮੁ-ਲਅੰਕਣ ਕਰੋ।

– ਜਿੱਥੋਂ ਤੱਕ ਭਾਰਤ ਦੀ ਹਸਤੀ ਦਾ ਸਵਾਲ ਹੈ ਇਹ ਜਾਤ-ਪਾਤ ਵਾਲੇ ਪ੍ਰਬੰਧ ਦੇ ਚੱਲਦਿਆਂ ਕਦੀ ਸਥਾਪਤ ਨਹੀਂ ਹੋ ਸਕੇਗੀ। ਬਿਨਾਂ ਕੁੱਝ ਧਾਰਮਕ ਵਿਸ਼ਵਾਸਾਂ ਅਤੇ ਕਰਮਕਾਂਡਾਂ ਤੋਂ। ਸਾਨੂੰ ਬਹੁਤ ਮਾਣ ਹੁੰਦਾ ਰਿਹਾ ਹੈ ਭਾਰਤ 'ਤੇ ਪਰ ਸਾਰਾ ਇਤਿਹਾਸ ਦੱਸਦਾ ਹੈ ਕਿ ਭਾਰਤ ਕਦੇ ਵੀ ਆਜ਼ਾਦ ਸਥਿਤੀ ਵਿਚ ਖੜ੍ਹਾ ਹੀ ਨਹੀਂ ਹੋ ਸਕਿਆ। ਹੁਣ ਜੋ ਅਸੀਂ ਦੇਖ ਰਹੇ ਹਾਂ ਆਧੁਨਿਕ ਭਾਰਤ ਇਹ ਆਜ਼ਾਦੀ ਤੋਂ ਬਾਅਦ ਹੀ ਗੱਲ ਬਣ ਸਕੀ ਹੈ। ਸਾਡੇ ਏਥੇ ਆਰੀਆ ਹਜ਼ਾਰਾਂ ਸਾਲ ਪਹਿਲਾਂ ਬਾਹਰ ਤੋਂ ਆਏ ਅਤੇ ਚਲੇ ਗਏ। ਇੱਥੋਂ ਦਾ ਸਥਾਨਕ ਸੱਭਿਆਚਾਰ ਜੋ ਬੁਨਿਆਦੀ ਤੌਰ 'ਤੇ ਆਦਿਵਾਸੀ ਸਮਾਜ ਦਾ ਸੀ ਉਸਨੂੰ ਬਰਬਾਦ ਕਰਕੇ ਕਰਮਕਾਂਡਾ ਭਰਿਆ ਪ੍ਰਬੰਧ ਚਾਲੂ ਕੀਤਾ, ਜਿਸ ਤੋਂ ਬਾਅਦ ਤੁਸੀਂ ਦੇਖੋਗੇ ਕਿ ਇਹੋ ਕਰਮਕਾਂਡੀ ਪ੍ਰਬੰਧ ਭੇਦ-ਭਾਵ (ਡਿਸਕਰਿਮੀਨੇਸ਼ਨ) ਕਰਨ ਲੱਗਿਆ। ਜਿਸ ਦੇਸ਼ ਦੇ ਸਮਾਜ ਅੰਦਰ ਕਰਮਕਾਂਡ ਭਾਰੂ ਹੋ ਜਾਂਦੇ ਹਨ ਉਸ ਦੇਸ਼ ਅੰਦਰ ਅੰਧ-ਵਿਸ਼ਵਾਸ ਇੰਨਾ ਵਧ ਜਾਂਦਾ ਹੈ ਕਿ ਓਥੇ ਸਮਾਜਕ ਵਖਰੇਵਾਂ ਅਤੇ ਭੇਦ-ਭਾਵ ਪੈਦਾ ਹੋਣਾ ਜ਼ਰੂਰੀ ਹੋ ਜਾਂਦਾ ਹੈ। ਭਾਰਤ ਅੰਦਰ ਆਰੀਆਂ ਦੇ ਸਮੇਂ ਤੋਂ ਅਤੇ ਬਾਅਦ ਵਿਚ ਜਦੋਂ ਸਹਿਜੇ ਸਹਿਜੇ ਸੱਭਿਅਤਾ ਆਉਣ ਲੱਗੀ ਤਾਂ ਇਸਲਾਮੀ ਵਿਚਾਰਧਾਰਾ ਫੈਲਾਉਣ ਦੇ ਨਾਮ 'ਤੇ ਜੋ ਲੋਕ ਭਾਰਤ ਅੰਦਰ ਆਉਂਦੇ ਰਹੇ ਉਹ ਧੁਰ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਦੋ ਚਾਰ ਸੌ ਘੋੜੇ ਹੀ ਲੈ ਕੇ ਆਉਂਦੇ ਸਨ। ਬਹਾਦਰੀ ਦੀਆਂ ਕਹਾਣੀਆਂ ਅਤੇ ਆਤਮ ਸਨਮਾਨ ਦੇ ਨਾਮ 'ਤੇ ਇੱਥੇ ਹੀ ਠਹਿਰ ਗਏ। ਕਾਰਨ ਇਹ ਸੀ ਕਿ ਰਾਜਿਸਥਾਨ ਦੇ ਕਸ਼ੱਤਰੀ ਲੜਾਕੂ ਸਨ, ਆਪਸ ਵਿਚ ਲੜਦੇ ਸਨ। ਰਿਆਸਤਾਂ ਵੀ ਆਪਸ ਵਿਚ ਲੜਦੀਆਂ ਸਨ। ਇਸੇ ਰਾਜਿਸਥਾਨ ਵਿਚੋਂ ਹੁੰਦੇ ਹੋਏ ਉਹ ਮੱਧਏਸ਼ੀਆ ਵਿਚ ਆਉਂਦੇ-ਜਾਂਦੇ ਰਹੇ – ਇਸ ਤਰ੍ਹਾਂ ਉਨ੍ਹਾਂ ਨੇ ਪੂਰੇ ਭਾਰਤ ਉੱਤੇ ਕਬਜ਼ਾ ਕਰ ਲਿਆ, ਕਹਿਣ ਦਾ ਭਾਵ ਕਿ ਪੂਰੇ ਮੱਧ ਏਸ਼ੀਆ ਉੱਤੇ ਕਬਜਾ ਕਰ ਕੇ ਬੈਠ ਗਏ। ਉਨ੍ਹਾਂ ਤੋਂ ਬਾਅਦ ਅੰਗਰੇਜ਼ ਆਏ। ਉਨ੍ਹਾਂ ਨੇ ਦੋ ਸੌ ਸਾਲ ਤੱਕ ਰਾਜ ਕੀਤਾ। ਇਤਿਹਾਸ ਦੱਸਦਾ ਹੈ ਕਿ ਭਾਰਤ ਦੀ ਹਸਤੀ ਨੂੰ ਅੱਗੇ ਨਾ ਵਧਣ ਦੇਣ ਵਿਚ ਜਾਤ-ਪਾਤ ਵਾਲਾ ਸਮਾਜੀ ਪ੍ਰਬੰਧ ਮੁੱਖ ਕਾਰਨ ਸੀ। ਇਸ ਦੇ ਚਲਦਿਆਂ ਭਾਰਤ ਕਦੇ ਆਪਣੀ ਹਸਤੀ ਕਾਇਮ ਨਹੀਂ ਕਰ ਸਕਿਆ ਅਤੇ ਜਦੋਂ ਤੋਂ ਭਾਰਤ ਦਾ ਨਵਾਂ ਸੰਵਿਧਾਨ ਲਾਗੂ ਹੋਇਆ, ਸੰਵਿਧਾਨਕ ਦਰਜਾ ਦਿੱਤਾ ਗਿਆ। ਭਾਰਤ ਦਾ ਵਿਕਾਸ ਦੇਖੋ, ਦੁਨੀਆਂ ਵਿਚ ਉੱਭਰ ਸਕਦਾ ਸੀ ਪਰ ਜਦੋਂ ਤੋਂ ਇਹ ਪੱਛਮੀ ਧੜੇ ਵਿਚ ਗਿਆ ਹੈ ਇਸ ਦੀ ਹਸਤੀ ਮਿਟਦੀ ਜਾ ਰਹੀ ਹੈ ਅਤੇ ਅਮਰੀਕਾ ਦੀ ਧੱਕੇਸ਼ਾਹੀ ਹਰ ਪਾਸੇ ਹਾਵੀ ਹੋ ਰਹੀ ਹੈ।

? – ਦਲਿਤ ਲੇਖਕਾਂ, ਵਿਚਾਰਵਾਨਾਂ ਦੀ ਸਿਖ਼ਰਲੀ ਪੇਸ਼ਕਾਰੀ ਸਵੈਜੀਵਨੀ ਹੁੰਦੀ ਹੈ। ਇਸ ਤੋਂ ਬਾਅਦ ਉਹ ਸੁਸਤ ਹੋ ਜਾਂਦੇ ਹਨ। 'ਮੁਰਦਹਿਆ' ਲਿਖੇ ਜਾਣ ਤੋਂ ਬਾਅਦ ਤੁਸੀਂ ਕੀ ਮਹਿਸੂਸ ਕਰਦੇ ਹੋ?

– ਦੇਖੋ, ਸਵੈਜੀਵਨੀਆਂ ਲਿਖੀਆਂ ਨਹੀਂ ਜਾਂਦੀਆਂ ਸਗੋਂ ਉਹ ਰੋਂਦੀਆਂ ਹਨ। ਕਿਉਂਕਿ ਜੋ ਵਿਅਕਤੀ ਆਪਣੇ ਜੀਵਨ ਦੇ ਕੌੜੇ ਅਨੁਭਵਾਂ ਨੂੰ ਜਦੋਂ ਸ਼ਬਦਾਂ ਵਿਚ ਪੇਸ਼ ਕਰਦਾ ਹੈ ਤਾਂ ਪਤਾ ਨਹੀਂ ਉਸਦਾ ਮਨ ਕਿੰਨੀ ਵਾਰ ਉਨ੍ਹਾਂ ਹੰਢਾਏ ਪਲਾਂ ਨੂੰ ਯਾਦ ਕਰਕੇ ਰੋਂਦਾ ਹੈ। ਅਜਿਹਾ ਅਨੁਭਵ ਮੇਰਾ ਵੀ ਰਿਹਾ ਹੈ। ਮੇਰੀ ਸਵੈਜੀਵਨੀ 'ਮੁਰਦਹਿਆ' ਭਾਵ ਪਿੰਡ ਦਾ ਉਹ ਹਿੱਸਾ ਜਿੱਥੇ ਮਰੇ ਪਸ਼ੂਆਂ ਦੀਆਂ ਖੱਲਾਂ ਲਾਹੀਆਂ ਜਾਂਦੀਆਂ ਹਨ। 'ਮੁਰ-ਦਹਿਆ' ਮੇਰੇ ਜੀਵਨ ਦਾ ਪ੍ਰਮੁੱਖ ਅੰਗ ਹੈ ਅਤੇ ਮੇਰਾ ਸਾਰਾ ਜੀਵਨ ਹੀ 'ਮੁਰਦਹਿਆ' ਹੈ। ਸਵੈਜੀਵਨੀ ਲਿਖੀ ਜਾਣੀ ਕਿਸੇ ਲੇਖਕ ਦੀ ਆਖਰੀ ਕਿਰਤ ਮੰਨੀ ਜਾਂਦੀ ਹੈ। ਆਖਰੀ ਕਿਰਤ ਕਹਿਣ ਦਾ ਮਤਲਬ ਹੁੰਦਾ ਹੈ ਕਿ ਉਹ ਹੁਣ ਲਿਖੇ ਜਾਂ ਕੁੱਝ ਨਾ ਲਿਖੇ, ਉਸ ਤੋਂ ਬਾਅਦ ਹੀ ਸਵੈਜੀਵਨੀ ਲਿਖਣੀ ਚਾਹੀਦੀ ਹੈ। ਜਿਹੜੇ ਲੋਕ ਸਵੈਜੀਵਨੀ ਤੋਂ ਹੀ ਆਪਣੇ ਲਿਖਣ ਦੀ ਸ਼ੁਰੂਆਤ ਕਰਦੇ ਹਨ ਉਹ ਗਲਤੀ ਕਰਦੇ ਹਨ। ਪਰ, ਇਹ ਦੋਸ਼ ਮੈਂ ਠੀਕ ਨਹੀਂ ਮੰਨਦਾ ਕਿ ਸਵੈਜੀਵਨੀ ਲਿਖਣ ਤੋਂ ਬਾਅਦ ਲੋਕ ਸੁਸਤ ਹੋ ਜਾਂਦੇ ਹਨ ਜਾਂ ਕੁੱਝ ਨਹੀਂ ਲਿਖਦੇ। ਅਸਲ ਗੱਲ ਤਾਂ ਇਹ ਹੈ ਕਿ ਸਵੈਜੀਵਨੀ ਲਿਖਣ ਤੋਂ ਪਹਿਲਾਂ ਉਨ੍ਹਾਂ ਨੇ ਕਿੰਨਾ ਲਿਖਿਆ ਹੈ। ਲੋਕ ਉਸ ਨੂੰ ਅੰਡਰਮਾਈਂਡ ਜਾਂ ਫਿਰ ਸਵੈਜੀਵਨੀ ਨੂੰ ਕੇਂਦਰ 'ਚ ਰੱਖਕੇ ਸੋਚਦੇ ਹਨ ਕਿ ਇਸ ਤੋਂ ਬਾਅਦ ਕੁੱਝ ਨਹੀਂ ਲਿਖਿਆ। ਕੋਈ ਵੀ ਉਹ ਭਾਵੇਂ ਦਲਿਤ ਹੋਵੇ ਜਾਂ ਗੈਰ-ਦਲਿਤ ਹੋਵੇ ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕੋਈ ਵੀ ਵਿਅਕਤੀ ਆਪਣੇ ਜੀਵਨ ਵਿਚ ਬਹੁਤ ਕੁੱਝ ਕਰ ਚੁੱਕਿਆ ਹੁੰਦਾ ਹੈ, ਬਹੁਤ ਪੜ੍ਹ ਲੈਂਦਾ ਹੈ, ਲਿਖ ਲੈਂਦਾ ਹੈ, ਅੰਤ ਵਿਚ ਸਵੈਜੀਵਨੀ ਲਿਖਦੇ ਹਨ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜਦੋਂ ਸਵੈਜੀਵਨੀ ਆਖਰ ਵਿਚ ਲਿਖੀ ਜਾਂਦੀ ਹੈ ਤਾਂ ਉਹ ਆਖਰੀ ਰਚਨਾ ਹੋ ਜਾਂਦੀ ਹੈ। ਬਾਅਦ ਵਿਚ ਇਹ ਦੋਸ਼ ਲਾਉਣਾ ਗਲਤ ਹੈ ਕਿ ਸਵੈਜੀਵਨੀ ਲਿਖਣ ਤੋਂ ਬਾਅਦ ਉਹ ਲੋਕ ਕੁੱਝ ਲਿਖਦੇ ਹੀ ਨਹੀਂ ਹਨ। ਸਵਾਲ ਇਹ ਹੈ ਕਿ ਸਵੈਜੀਵਨੀ ਲਿਖਣ ਤੋਂ ਪਹਿਲਾਂ ਉਨ੍ਹਾਂ ਨੇ ਕੀ ਲਿਖਿਆ, ਉਸਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਜਿੱਥੋਂ ਤੱਕ ਮੇਰਾ ਵਿਅਕਤੀਗਤ ਸਵਾਲ ਹੈ ਸਵੈਜੀਵਨੀ 'ਮੁਰਦਹਿਆ' ਲਿਖਣ ਦਾ – ਮੇਰਾ ਤਾਂ ਕੋਈ ਵੀ ਇਰਾਦਾ ਨਹੀਂ ਸੀ। ਇਸਦਾ ਮਾਣ ਤਾਂ 'ਤਦਭਵ' ਦੇ ਸੰਪਾਦਕ ਅਖਿਲੇਸ਼ ਨੂੰ ਜਾਂਦਾ ਹੈ। ਬਾਅਦ ਵਿਚ ਇਸ ਨੂੰ ਰਾਜ ਕਮਲ ਪ੍ਰਕਾਸ਼ਨ ਨੇ ਛਾਪ ਦਿੱਤਾ ਦੂਸਰਾ ਭਾਗ 'ਮਣਿਕਰਣਿਕਾ' ਲਿਖ ਰਿਹਾ ਹਾਂ ਕਿਉਂਕਿ ਪਬਲਿਸ਼ਰ ਅਤੇ ਪਾਠਕਾਂ ਵਲੋਂ ਜ਼ੋਰ ਪੈ ਰਿਹਾ ਹੈ। ਆਤਮ ਕਥਾ ਜੋ ਲਿਖੀ ਜਾ ਰਹੀ ਹੈ ਉਸਦਾ ਮਕਸਦ ਦਲਿਤ ਸਮਾਜ ਦੀ ਹੀ ਪੇਸ਼ਕਾਰੀ ਹੈ। ਕਿਸੇ ਵੀ ਦਲਿਤ ਲੇਖਕ ਨੂੰ ਜਿਸ ਤਰ੍ਹਾਂ ਦੇ ਦੁੱਖਾਂ-ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸੇ ਤਰ੍ਹਾਂ ਦਾ ਮੁਕਾਬਲਾ ਹਰ ਦਲਿਤ ਨੂੰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦਲਿਤ ਸਵੈਜੀਵਨੀਆਂ ਵਿਚ ਪੂਰੇ ਸਮਾਜ ਦਾ ਹਾਲ-ਹਵਾਲ ਪੇਸ਼ ਹੁੰਦਾ ਹੈ। ਦਲਿਤ ਸਵੈਜੀਵਨੀਆਂ ਵਿਚ ਜੋ ਮਹੱਤਵਪੂਰਨ ਗੱਲ ਹੈ ਉਹ ਸਮਾਜਕਤਾ ਅਤੇ ਸੋਸ਼ਲ ਹਿਸਟਰੀ ਹੈ ਇਸ ਕਰਕੇ ਇਨ੍ਹਾਂ ਸਵੈਜੀਵਨੀਆਂ ਨੂੰ ਸਮਾਜਕ ਇਤਿਹਾਸ ਮੰਨਿਆਂ ਜਾਂਦਾ ਹੈ ਅਤੇ ਇਹ ਹੈ ਵੀ।

? – ਹਿੰਦੀ ਵਿਚ ਅੱਜ ਦਲਿਤ ਲੇਖਣੀ ਤੋਂ ਵੱਧ ਦਲਿਤ ਆਲੋਚਨਾ ਧਿਆਨ ਖਿੱਚਦੀ ਹੈ। ਰਚਨਾਤਮਿਕਤਾ ਦੇ ਵਾਸਤੇ ਜ਼ਰੂਰੀ ਸ਼ਿਲਪ ਅਤੇ ਭਿੰਨਤਾਵਾਂ ਦੀ ਘਾਟ ਅਕਸਰ ਦਲਿਤ ਲੇਖਕਾਂ ਦੀਆਂ ਲਿਖਤਾਂ ਵਿਚ ਦੇਖਣ ਨੂੰ ਮਿਲਦੀ ਹੈ, ਇਸ ਸੰਦਰਭ ਵਿਚ ਤੁਹਾਡੀ ਟਿੱਪਣੀ ?

– ਜੇ ਅਸੀਂ ਦਲਿਤ ਆਲੋਚਨਾ ਦੀ ਗੱਲ ਕਰੀਏ ਤਾਂ ਇਹ ਬਹੁਤ ਤਰਸ ਵਾਲੀ ਭਾਵਨਾ ਦੀ ਹਾਲਾਤ ਵਿਚ ਹੈ। ਸਵੈਜੀਵਨੀਆਂ ਲਿਖੇ ਜਾਣ ਕਰਕੇ ਹੀ ਦਲਿਤ ਸਾਹਿਤ ਨੂੰ ਲੋਕਾਂ ਵਿਚ ਪ੍ਰਸਿੱਧੀ ਪ੍ਰਾਪਤ ਹੋਈ ਹੈ। ਦਲਿਤ ਲੇਖਕ ਅਕਸਰ ਹੰਢਾਏ ਹੋਏ ਯਥਾਰਥ ਨੂੰ ਸ਼ਬਦਾਂ ਦੀ ਕੰਧੇੜੀ ਚਾੜ੍ਹ ਸਵੈਜੀਵਨੀ ਲਿਖਣ ਤੋਂ ਹੀ ਸ਼ੁਰੂਆਤ ਕਰਦੇ ਹਨ। ਸਵੈਜੀਵਨੀ ਦਾ ਸਬੰਧ ਉਮਰ ਨਾਲ ਹੁੰਦਾ ਹੈ। ਨੌਜਵਾਨੀ ਦੀ ਉਮਰ ਵਿਚ ਲਿਖੀ ਅਧੂਰੀ ਰਹਿ-ਦੀ ਹੈ ਅਤੇ ਇਹ ਪ੍ਰਪੱਕ ਵੀ ਨਹੀਂ ਹੁੰਦੀ। ਦਲਿਤਾਂ ਲੇਖਕਾਂ ਨੂੰ ਆਪਣੇ ਲਿਖਣ ਵਾਲੇ ਕਾਰਜ ਦੀ ਆਰੰਭਤਾ ਸਮੇਂ ਸਵੈਜੀਵਨੀ ਲਿਖਣ ਤੋਂ ਬਚਣਾ ਚਾਹੀਦਾ ਹੈ। ਆਲੋਚਨਾ ਲਿਖਣ ਵਾਲਿਆਂ ਵਾਸਤੇ ਬਹੁਤ ਹੀ ਡੂੰਘੇ ਤੇ ਵਿਸਥਾਰ ਪੂਰਬਕ ਅਧਿਅਨ ਦੀ ਲੋੜ ਹੁੰਦੀ ਹੈ। ਬਦਕਿਸਮਤੀ ਨਾਲ ਦਲਿਤਾਂ ਦੇ ਹਾਲਾਤ ਹੀ ਅਜਿਹੇ ਹਨ ਕਿ ਉਨ੍ਹਾਂ ਨੂੰ ਪੜ੍ਹਨ ਦਾ ਪੂਰਾ ਮੌਕਾ ਹੀ ਨਹੀਂ ਮਿਲਦਾ। ਅੱਜ ਨੌਕਰੀਆਂ ਵਲੋਂ ਉਸਨੂੰ ਕਿਸਨੇ ਵਾਂਝਾ ਰੱਖਿਆ, ਕਿਸਨੇ ਵਿਤਕਰਾ ਕੀਤਾ ਇਸ ਨੂੰ ਅਧਾਰ ਬਣਾ ਕੇ ਹੀ ਲਿਖਣਾ ਸ਼ੁਰੂ ਕਰਦੇ ਹਨ ਇਸ ਕਰਕੇ ਉਹ ਬ੍ਰਾਹਮਣਵਾਦ ਦੀ ਥਾਂ ਬ੍ਰਾਹ-ਮਣਾ ਦਾ ਵਿਰੋਧ ਕਰਨ ਲਗਦੇ ਹਨ। ਦਲਿਤ ਲੇਖਕਾਂ ਵਿਚੋਂ ਓਮ ਪ੍ਰਕਾਸ਼ ਵਾਲਮੀਕੀ ਅਤੇ ਸੂਰਜਪਾਲ ਸਿੰਘ ਚੌਹਾਨ ਜਿਹੇ ਲੇਖਕ ਤਰਕਸ਼ੀਲ ਹੋ ਕੇ ਲਿਖ ਰਹੇ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕੁੱਝ ਦਲਿਤ ਲੇਖਕ ਹਨ ਜਿਹੜੇ ਤਬਦੀਲੀ ਲਿਆਉਣ ਵਾਲੀ ਚੇਤਨਾ ਦਾ ਵਿਸਥਾਰ ਕਰਨ ਵਾਸਤੇ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

Email : ksharif@arcor.de
ਸੰਪਰਕ : 0049 1733546050

# ਕਾਮਾਗਾਟਾਮਾਰੂ ਜਹਾਜ਼ ਤੋਂ ਲਿਖਿਆ ਗਿਆ ਆਖਰੀ ਖ਼ਤ

ਸਾਕਾ ਕਾਮਾਗਾਟਾਮਾਰੂ ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦੀ ਇੱਕ ਅਹਿਮ ਘਟਨਾਂ ਹੈ। ਕਾਮਾਗਾਟਾਮਾਰੂ ਜਹਾਜ਼ 376 ਮੁਸਾਫ਼ਰ ਲੈ ਕੇ 23 ਮਈ 1914 ਨੂੰ ਵੈਨਕੂਵਰ ਬੰਦਰਗਾਹ ’ਤੇ ਪੁੱਜਾ ਪਰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਕਿਨਾਰੇ ’ਤੇ ਨਾ ਲੱਗਣ ਦਿੱਤਾ। ਕੈਨੇਡਾ, ਇੰਗਲੈਂਡ ਅਤੇ ਭਾਰਤ ਸਰਕਾਰ ਦੀ ਰੰਗ-ਭੇਦ ਦੀ ਨੀਤੀ ਦਾ ਸ਼ਿਕਾਰ ਹੋ ਕੇ ਇਹ ਜਹਾਜ਼ ਪੂਰੇ ਦੋ ਮਹੀਨੇ ਵੈਨਕੂਵਰ ਦੇ ਪਾਣੀਆਂ ਵਿੱਚ ਖੜ੍ਹਾ ਰਿਹਾ ਅਤੇ 23 ਜੁਲਾਈ 1914 ਨੂੰ ਭਾਰਤ ਨੂੰ ਵਾਪਸ ਮੋੜ ਦਿੱਤਾ ਗਿਆ।

ਇਹ ਪੱਤਰ ਕਾਮਾਗਾਟਾਮਾਰੂ ਜਹਾਜ਼ ਅਤੇ ਬਾਬਾ ਗੁਰਦਿੱਤ ਸਿੰਘ ਦੇ ਸਕੱਤਰ ਸ. ਦਲਜੀਤ ਸਿੰਘ ਕਾਉਣੀ ਨੇ ਵੈਨਕੂਵਰ ਗੁਰਦੁਆਰੇ ਦੇ ਗ੍ਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ 19 ਜੁਲਾਈ 1914 ਨੂੰ ਲਿਖਿਆ ਸੀ। ਇਸ ਪੱਤਰ ਵਿੱਚੋਂ ਜਹਾਜ਼ ’ਤੇ ਭੁੱਖੇ-ਪਿਆਸੇ ਮੁਸਾਫ਼ਰਾਂ ਦੀਆਂ ਮੁਸ਼ਕਲਾਂ ਦੇ ਨਾਲ਼-ਨਾਲ਼ ਮੁਸਾਫ਼ਰਾਂ ਅਤੇ ਜਹਾਜ਼ ਦੇ ਆਗੂਆਂ ਦੇ ਚੜ੍ਹਦੀ ਕਲਾ ਦੇ ਜਜ਼ਬੇ ਦੇ ਝਲਕਾਰੇ ਮਿਲਦੇ ਹਨ ]



ਗੁਰਲਾਲ ਸਿੰਘ ਬਰਾੜ
91-94635-18172

19/7/1914

**ਭਾਈ (ਵੀਰ) ਬਲਵੰਤ ਸਿੰਘ ਜੀ,**

**ਗੁਰ ਫ਼ਤਿਹ**

**ਪਿਆਰੇ ਵੀਰ,**

ਤੁਹਾਡਾ ਖ਼ਤ ਮਿਲਿਆ। ਤੁਹਾਡੇ ਹੱਥੀਂ ਲਿਖਿਆ ਖ਼ਤ ਵੇਖ ਕੇ ਅਤਿਅੰਤ ਖ਼ੁਸ਼ੀ ਹੋਈ। ਪਿਆਰੇ ਵੀਰ ! ਮੈਂ ਆਪਣੇ ਬਾਰੇ ਕੀ ਲਿਖਾਂ । ਮੁਸ਼ਕਲਾਂ ਸਾਡੀਆਂ ਹਨ ਅਤੇ ਅਸੀਂ ਆਪਣੇ ਦੁੱਖਾਂ ਨਾਲ਼ ਤੁਹਾਨੂੰ ਹੋਰ ਦੁਖੀ ਨਹੀਂ ਕਰਨਾ ਚਾਹੁੰਦੇ ਪਰ (ਤੁਹਾਥੋਂ ਬਗ਼ੈਰ) ਸਾਡੇ ਦੁੱਖ ਸੁਣਨ ਵਾਲ਼ਾ ਹੋਰ ਕੋਈ ਨਹੀਂ ਹੈ। ਸਾਡੇ ਮਨ ਦਿਨ-ਰਾਤ ਦੁਖੀ ਰਹਿੰਦੇ ਹਨ। ਹਰ ਦਿਨ ਸਾਡੇ ਲਈ ਮੁਸੀਬਤਾਂ ਭਰਿਆ ਹੈ ਪਰ ਫਿਰ ਵੀ ਸਾਡੇ ਹੌਸਲੇ ਕਾਇਮ ਹਨ।

ਸਚਮੁੱਚ, ਅਸੀਂ ਬਹੁਤ ਬੁਰੀ ਹਾਲਤ ਵਿੱਚ ਹਾਂ। ਜੇਕਰ ਅਸੀਂ (ਕਾਨੂੰਨੀ ਲੜਾਈ) ਜਿੱਤ ਜਾਂਦੇ ਹਾਂ ਤਾਂ ਠੀਕ ਹੈ ਪਰ ਜੇਕਰ ਹਾਰ ਜਾਂਦੇ ਹਾਂ ਤਾਂ ਮਰ ਜਾਣਾ ਹੀ ਠੀਕ ਰਹੇਗਾ ਕਿਉਂਕਿ ਇਸ ਤਰ੍ਹਾਂ ਹੀ ਸਾਰੇ ਦੁੱਖਾਂ ਤੋਂ ਛੁਟਕਾਰਾ ਮਿਲੇਗਾ। ਇਹ ਜ਼ਾਲਮ (ਕੈਨੇਡੀਅਨ ਪੁਲਿਸ ਅਤੇ ਪਰਵਾਸ ਮਹਿਕਮੇ ਦੇ ਅਧਿਕਾਰੀ) ਸਾਨੂੰ ਰਾਤ ਨੂੰ ਚੈਨ ਨਾਲ਼ ਸੌਣ ਵੀ ਨਹੀਂ ਦਿੰਦੇ। ਪਿਛਲੀ ਰਾਤ ਜੋ ਕੁਝ ਵਾਪਰਿਆ, ਲਿਖ ਕੇ ਭੇਜ ਰਿਹਾ ਹਾਂ।

ਸਭ ਤੋਂ ਪਹਿਲਾਂ ਬੇਈਮਾਨ ਗਾਰਡਨਰ ਜੌਹਨਸਨ ਆਇਆ ਅਤੇ ਭਾਸ਼ਨ ਦੇਣ ਲੱਗਾ ਕਿ ‘ਤੁਹਾਨੂੰ ਵਾਪਸੀ ਦੇ ਹੁਕਮ ਹੋ ਗਏ ਹਨ। ਸਾਡੇ ਕੋਲ਼ ਰਸਦ-ਪਾਣੀ ਤਿਆਰ ਹੈ। ਤੁਹਾਡੇ ਲਈ ਨੇਕ ਸਲਾਹ ਹੈ ਕਿ ਇੱਥੋਂ ਚੁੱਪ-ਚਾਪ ਵਾਪਸ ਚਲੇ ਜਾਉ ਕਿਉਂਕਿ ਇੱਥੇ ਖੜ੍ਹੇ ਰਹਿਣ ਦਾ ਕੋਈ ਫ਼ਾਇਦਾ ਨਹੀਂ ਹੈ। ਬੰਦਰਗਾਹ ਦੀ ਹੱਦ ਤੋਂ ਤਿੰਨ ਮੀਲ ਦੂਰ ਜਾ ਕੇ ਜਹਾਜ਼ ’ਤੇ ਰਸਦ ਲੱਦਣ ਦਾ ਪ੍ਰਬੰਧ ਕੀਤਾ ਗਿਆ ਹੈ।’ ਅਸੀਂ ਉਸਨੂੰ ਕਿਹਾ ਕਿ ਮੁਸਾਫ਼ਰ ਵਾਪਸ ਜਾਣ ਲਈ ਤਿਆਰ ਹਨ ਪਰ ਰਸਦ-ਪਾਣੀ ਸਾਨੂੰ ਕਲਕੱਤੇ ਤੱਕ ਦਾ ਚਾਹੀਦਾ ਹੈ। ਸਾਨੂੰ, ਤੁਹਾਡੀ ਕਿਨਾਰੇ ਤੋਂ ਤਿੰਨ ਮੀਲ ਬਾਹਰ ਜਾ ਕੇ ਰਸਦ ਲੱਦਣ ਵਾਲ਼ੀ ਗੱਲ ਉੱਤੇ ਯਕੀਨ ਨਹੀਂ, ਇਸ ਲਈ ਅਸੀਂ ਚਾਹੁੰਦੇ ਹਾਂ ਕਿ ਰਸਦ ਇੱਥੋਂ ਹੀ ਜਹਾਜ਼ ’ਤੇ ਲੱਦੀ ਜਾਵੇ।

ਅਸੀਂ ਉਸਨੂੰ ਕਿਹਾ ਕਿ ਅਸੀਂ ਕਿਤੇ ਹੋਰ ਨਹੀਂ ਸਗੋਂ ਸਿੱਧੇ ਕਲਕੱਤੇ ਜਾਣਾ ਚਾਹੁੰਦੇ ਹਾਂ। ਉਹ ਬੋਲਿਆ ਕਿ ‘ਪੁਲਿਸ ਤੁਹਾਨੂੰ ਧੱਕੇ ਨਾਲ਼ ਵਾਪਸ ਭੇਜ ਦੇਵੇਗੀ।’ ਇਸ ਲਈ ਉਸਦੀ ਸਲਾਹ ਮੰਨ ਕੇ ਚੁੱਪ-ਚਾਪ ਚਲੇ ਜਾਈਏ। ਅਸੀਂ ਜਵਾਬ ਦਿੱਤਾ ਕਿ ਨਹੀਂ, ਪਹਿਲਾਂ ਰਸਦ-ਪਾਣੀ ਭੇਜੋ। ਇਹ ਸਭ, ਸ਼ਾਮੀ 7:30 ਵਜੇ ਵਾਪਰਿਆ ਪਰ ਜੋ ਕੁਝ ਇਸ ਤੋਂ ਬਾਅਦ ਵਾਪਰਿਆ, ਉਸਦਾ ਅਸੀਂ ਕਦੇ ਸੁਫ਼ਨਾਂ ਵੀ ਨਹੀਂ ਲਿਆ ਸੀ। ਰਾਤ ਨੂੰ 1:00 ਵਜੇ, ਮਿਸਟਰ ਰੀਡ ਅਤੇ ਬਾਕੀ ਅਧਿਕਾਰੀ, ਪੁਲਿਸ ਸਮੇਤ ਇੱਕ ਜਹਾਜ਼ ਵਿੱਚ ਚੜ੍ਹ ਕੇ ਆ ਗਏ। ਉਹ ਸਾਰੇ ਹਥਿਆਰਬੰਦ ਸਨ। ਉਹਨਾਂ ਕੋਲ਼ (ਸਾਡੇ ਜਹਾਜ਼ ਦੇ) ਕਪਤਾਨ ਨੂੰ ਦੇਣ ਲਈ ਇੱਕ ਪੱਤਰ ਸੀ। ਸਾਡੇ ਪਹਿਰੇਦਾਰ ਵੀ ਜਾਗਦੇ ਸਨ, ਇਸ ਕਰਕੇ ਉਹ ਜਹਾਜ਼ ’ਤੇ ਤਾਂ ਨਾ ਆ ਸਕੇ ਪਰ ਉਹ, ਸਾਡੇ ਇੱਕ ਆਦਮੀ ਨੂੰ ਜਾਣਦੇ ਸਨ। ਉਹਨਾਂ ਨੇ ਉਸਦਾ ਨਾਂ ਲੈ ਕੇ ਅਵਾਜ਼ ਮਾਰੀ ਅਤੇ ਕਪਤਾਨ ਨੂੰ ਬੁਲਾਉਣ ਲਈ ਕਿਹਾ। ਫਿਰ ਉਸਨੂੰ ਇੱਕ ਖ਼ਾਸ ਚਿੱਠੀ, ਕਪਤਾਨ ਨੂੰ ਦੇਣ ਲਈ ਕਹਿਣ ਲੱਗੇ। ਉਸਨੇ ਕਿਹਾ ਕਿ ਇਹ ਸਹੀ ਵਕਤ ਨਹੀਂ ਹੈ, ਤੁਸੀਂ ਇਸ ਚਿੱਠੀ ਨੂੰ ਸੁਭਾ ਲੈ ਕੇ ਆਉ ਪਰ ਉਹ ਜ਼ੋਰ ਪਾਉਣ ਲੱਗੇ ਕਿ ਉਹ ਜਹਾਜ਼ ਤੋਂ ਥੱਲੇ ਨੂੰ ਪੱਗ ਲਮਕਾ ਦੇਵੇ ਅਤੇ ਉਹ, ਚਿੱਠੀ ਉਸ ਵਿੱਚ ਬੰਨ੍ਹ ਦੇਣਗੇ। ਇੰਝ, ਉਹਨਾਂ ਚਿੱਠੀ ਭੇਜੀ। ਚਿੱਠੀ ਦਾ ਵਿਸ਼ਾ-ਵਸਤੂ ਕੁਝ ਇਸ ਤਰ੍ਹਾਂ ਸੀ : ਕਪਤਾਨ ਨੂੰ ਕਿਹਾ ਗਿਆ ਸੀ ਕਿ ਉਹ ਇੱਕ ਵਾਰ ਜਹਾਜ਼ ਨੂੰ ਵਾਪਸ ਮੋੜ ਲਵੇ। ਜੇਕਰ ਉਹ ਇੰਝ ਨਹੀਂ ਕਰ ਸਕਦਾ ਤਾਂ ਪੁਲਿਸ ਉਸਦੀ ਮਦਦ ਲਈ ਤਿਆਰ ਹੈ। ਜਿਉਂ ਹੀ ਅਸੀਂ ਪੱਤਰ ਦਾ ਉਦੇਸ਼ ਸਮਝੇ, ਅਸੀਂ ਜਵਾਬ ਤਿਆਰ ਕੀਤਾ ਅਤੇ ਮੂਰਖ਼ ਕਪਤਾਨ ਰਾਹੀਂ ਇਮੀਗ੍ਰੇਸ਼ਨ ਅਧਿਕਾਰੀਆਂ ਤੱਕ ਪਹੁੰਚਾਇਆ। ਰੀਡ ਬੋਲਿਆ ਕਿ (ਜਵਾਬੀ ਪੱਤਰ ਉੱਤੇ) ਕਪਤਾਨ ਜਾਂ ਦਲਜੀਤ ਸਿੰਘ ਦੇ ਦਸਤਖ਼ਤ ਨਹੀਂ ਹਨ। ਫਿਰ ਰੀਡ ਨੇ ਮੈਨੂੰ, ਕਪਤਾਨ ਨੂੰ ਬੁਲਾਉਣ ਲਈ ਕਿਹਾ ਅਤੇ ਮੈਂ ਬੁਲਾ ਲਿਆ। ਰੀਡ ਨੇ ਕਪਤਾਨ ਨੂੰ ਧਮਕਾਉਂਦਿਆਂ ਕਿਹਾ ਕਿ ਉਹ ਛੇਤੀ ਦੱਸੇ ਕਿ ਕੁਝ ਕਰ ਸਕਦਾ ਹੈ ਜਾਂ ਨਹੀਂ। ਕਪਤਾਨ ਨੇ ਕਿਹਾ ਕਿ ਉਹ ਹਿੰਦੂਆਂ (ਮੁਸਾਫਰਾਂ) ਦੇ ਦਬਾਅ ਕਾਰਨ ਕੁਝ ਨਹੀਂ ਕਰ ਸਕਦਾ ਅਤੇ ਜਹਾਜ਼ ਨਹੀਂ ਤੋਰ ਸਕਦਾ। ਫਿਰ ਰੀਡ, ਕਪਤਾਨ ਨੂੰ ਘਾਟ ’ਤੇ ਲੈ ਗਿਆ। ਅਸੀਂ ਕਪਤਾਨ ਨੂੰ ਕਿਹਾ ਕਿ ਉਹ ਸੁਭਾ ਤੱਕ ਜਹਾਜ਼ ’ਤੇ ਵਾਪਸ ਨਾ ਆਵੇ। ਫਿਰ ਅਸੀਂ ਰਾਤ ਨੂੰ, ਉਸਨੂੰ ਜਹਾਜ਼ ’ਤੇ ਵੜਨ ਨਹੀਂ ਦਿੱਤਾ। ਇਹ ਹੈ ਉਹ ਕਹਾਣੀ ਜੋ ਪਿਛਲੀ ਰਾਤ ਵਾਪਰੀ।

ਤੁਸੀਂ, ਸਾਨੂੰ ਸ਼ਾਂਤ ਰਹਿਣ ਲਈ ਕਿਹਾ ਸੀ ਪਰ ਜੇਕਰ ਅਸੀਂ ਤਿਆਰ ਨਾ ਹੁੰਦੇ ਤਾਂ ਤੁਹਾਡਾ ਜਹਾਜ਼ ਖੁਸ ਜਾਂਦਾ ਅਤੇ ਅਸੀਂ, ਬਿਨਾ ਤੁਹਾਡੀ ਜਾਣਕਾਰੀ ਦੇ, ਚਲੇ ਗਏ ਹੁੰਦੇ। ਇਸ ਤੋਂ ਬੁਰਾ ਹੋਰ ਕੀ ਹੋ ਸਕਦਾ ਸੀ ? ਇੱਕ ਤਾਂ ਅਸੀਂ ਭੁੱਖੇ ਹਾਂ ਅਤੇ ਦੂਜਾ ਇਹ ਜ਼ਾਲਮ, ਸਾਨੂੰ ਰਾਤ ਨੂੰ ਸੌਣ ਨਹੀਂ ਦਿੰਦੇ। ਤੁਸੀਂ ਆਪਣਾ ਖ਼ਿਆਲ ਰੱਖੋ। ਤੁਸੀਂ ਸਾਡੇ ਲਈ ਬੇਸ਼ੁਮਾਰ ਧਨ-ਦੌਲਤ ਖ਼ਰਚੀ ਹੈ ਅਤੇ ਅਸੀਂ ਤੁਹਾਨੂੰ ਬੇਸ਼ੁਮਾਰ ਦੁੱਖ ਦਿੱਤੇ ਨੇ। ਜੇਕਰ ਅਸੀਂ ਜਾਣਦੇ ਹੁੰਦੇ ਕਿ ਸਾਡੇ ਨਾਲ਼ ਏਦਾਂ ਦਾ ਵਿਹਾਰ ਹੋਵੇਗਾ ਤਾਂ, ਨਾ ਅਸੀਂ ਭੁੱਖੇ ਮਰਦੇ ਅਤੇ ਨਾ ਤੁਹਾਨੂੰ ਦੁਖੀ ਕਰਦੇ। ਜਾਂ ਤਾਂ ਅਸੀਂ ਆਉਂਦਿਆਂ ਹੀ ਉੱਤਰ ਜਾਂਦੇ ਤੇ ਜਾਂ ਉਦੋਂ ਹੀ ਵਾਪਸ ਚਲੇ ਜਾਂਦੇ ਪਰ ਕੋਈ ਗੱਲ ਨਹੀਂ, ਅਸੀਂ ਇਸ ਮੁਸ਼ਕਿਲ ਨਾਲ਼ ਜੂਝ ਰਹੇ ਹਾਂ। ਤੁਸੀਂ ਆਪਣਾ ਧਿਆਨ ਰੱਖੋ। ਹੋ ਸਕਦਾ ਹੈ ਕਿ ਉਹ (ਕੈਨੇਡੀਅਨ ਅਧਿਕਾਰੀ) ਤੁਹਾਡੀ ਜਾਣਕਾਰੀ ਤੋਂ ਬਿਨਾ ਹੀ, ਜਹਾਜ਼ ਵਾਪਸ ਭੇਜ ਦੇਣ। ਇਹ ਤੁਹਾਡੇ ਨਾਲ਼ ਬੜਾ ਧੱਕਾ ਹੋਵੇਗਾ। ਉਸ ਬੇਈਮਾਨ ਜੌਹਨਸਨ ਨੂੰ ਇੱਕ ਨੋਟਿਸ ਭੇਜੋ ਤੇ ਪੁੱਛੋ ਕਿ ਤੁਹਾਡੀ ਪ੍ਰਵਾਨਗੀ ਤੋਂ ਬਿਨਾ, ਜਹਾਜ਼ ਵਾਪਸ ਭੇਜਣ ਦਾ ਉਸਨੂੰ ਕੀ ਹੱਕ ਹੈ? ਮੈਂ ਤੁਹਾਨੂੰ ਜੌਹਨਸਨ



ਦੇ ਪੱਤਰ ਦੀ ਇੱਕ ਨਕਲ ਭੇਜ ਰਿਹਾ ਹਾਂ, ਜਿਸ ਦੇ ਅਧਾਰ ’ਤੇ ਤੁਸੀਂ, ਜੌਹਨਸਨ ਅਤੇ ਰੀਡ ਦੇ ਖ਼ਿਲਾਫ਼ ਕਾਰਵਾਈ ਕਰ ਸਕੋਗੇ, ਨਹੀਂ ਤਾਂ ਜੌਹਨਸਨ ਦੇ ਕਾਰਨ, ਤੁਸੀਂ ਆਪਣਾ ਜਹਾਜ਼ ਖੋ ਬੈਠੋਗੇ।

ਯਾਦ ਰੱਖੋ ਕਿ ਇਹ ਜਹਾਜ਼ (ਹੁਣ) ਤੁਹਾਡਾ ਹੈ ਅਤੇ ਤੁਸੀਂ ਹਰ ਤਰ੍ਹਾਂ ਦੀ ਮੰਗ ਪੂਰੀ ਕਰਵਾ ਸਕਦੇ ਹੋ। ਸਰਕਾਰ ਰੋਕ ਨਹੀਂ ਸਕਦੀ ਅਤੇ ਮਾਲਕ ਜਹਾਜ਼ ਖਾਲੀ ਕਰਵਾ ਸਕਦੇ ਹਨ। ਇਸ ਬੇਈਮਾਨੀ ਭਰੇ ਕਾਰੇ ਦੀ ਜੌਹਨਸਨ ਨੂੰ ਸਜ਼ਾ ਦਿਵਾਉਣੀ ਤੁਹਾਡਾ ਫ਼ਰਜ਼ ਹੈ। ਉਸਨੂੰ ਨੋਟਿਸ ਭੇਜੋ, ਨਹੀਂ ਤਾਂ ਤੁਸੀਂ ਆਪਣਾ ਜਹਾਜ਼ ਖੁਹਾ ਬੈਠੋਗੇ ਅਤੇ ਜੌਹਨਸਨ ਕਹੇਗਾ ਕਿ ਹਿੰਦੂ ਜ਼ਬਰਦਸਤੀ ਜਹਾਜ਼ ਵਾਪਸ ਲੈ ਗਏ ਹਨ।

ਤੁਹਾਡੀ ਪ੍ਰਵਾਨਗੀ ਬਿਨਾਂ ਕਪਤਾਨ ਜਹਾਜ਼ ਨੂੰ ਤੋਰ ਨਹੀਂ ਸਕਦਾ। ਕਪਤਾਨ ਨੂੰ ਵੀ ਇੱਕ ਨੋਟਿਸ ਭੇਜੋ ਕਿ ਨੁਕਸਾਨ ਦੀ ਭਰਪਾਈ ਦੇ ਜ਼ਿੰਮੇਵਾਰ ਮਾਲਕ ਹੋਣਗੇ। ਹੁਣ ਤੁਹਾਡੇ ’ਤੇ ਨਿਰਭਰ ਹੈ ਕਿ ਤੁਸੀਂ ਤੁਰੰਤ ਕੀ ਕਰਦੇ ਹੋ। ਖ਼ਾਲਸਾ (ਪੰਥ) ਇਸ ਜਹਾਜ਼ ਨੂੰ ਸੰਭਾਲ ਲਵੇ, ਨਹੀਂ ਤਾਂ ਤੁਹਾਡੀਆਂ, ਇਸ ਦੇ ਮੁਸਾਫ਼ਰਾਂ ਅਤੇ ਕੋਲ਼ੇ ਆਦਿ ਦੇ ਵਪਾਰ ਲਈ ਕੀਤੀਆਂ ਕੋਸ਼ਿਸ਼ਾਂ ਸਿਫ਼ਰ ਹੋ ਜਾਣਗੀਆਂ। ਸਾਡੀ ਹਾਲਤ ਤਾਂ ਇਹ ਹੈ ਪਰ ਫਿਰ ਵੀ ਅਸੀਂ ਤੁਹਾਡੀ (ਸੁਝਾਵਾਂ ਦੇ ਰੂਪ ਵਿੱਚ) ਮਦਦ ਕਰ ਰਹੇ ਹਾਂ। ਜਦੋਂ ਤੱਕ ਅਸੀਂ ਵਾਪਸ ਜਾਣ ਲਈ ਨਹੀਂ ਮੰਨਦੇ, ਉਦੋਂ ਤੱਕ ਇਹ ਜ਼ਾਲਮ ਸਾਨੂੰ ਰਸਦ-ਪਾਣੀ ਨਹੀਂ ਦੇਣਗੇ ਪਰ ਤੁਹਾਡੇ ਜਹਾਜ਼ ਦਾ ਨੁਕਸਾਨ ਕਰਵਾਉਣ ਨਾਲ਼ੋਂ, ਸਾਨੂੰ ਭੁੱਖੇ ਮਰਨਾ ਮਨਜ਼ੂਰ ਹੈ। ਫਿਰ ਯਾਦ ਕਰਾਉਂਦਾ ਹਾਂ ਕਿ ਕਪਤਾਨ ਅਤੇ ਜੌਹਨਸਨ ਨੂੰ ਨੋਟਿਸ ਭੇਜੋ। ਕਿਰਪਾ ਕਰਕੇ ਇੱਕ ਟੈਲੀਗ੍ਰਾਮ ਗਵਰਨਰ ਜਨਰਲ ਨੂੰ ਵੀ ਭੇਜੋ ਕਿ ਜੇਕਰ ਰੀਡ ਕੋਈ ਅਜਿਹੀ ਧੱਕੇ ਵਾਲ਼ੀ ਕਾਰਵਾਈ ਕਰਦਾ ਹੈ ਤਾਂ ਅਸੀਂ, ਇਸ ਦੀ ਜ਼ਿੰਮੇਵਾਰ ਸਰਕਾਰ ਨੂੰ ਹੀ ਸਮਝਾਂਗੇ। ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਦੇ ਕਾਗ਼ਜ਼ (ਸਬੂਤ) ਇਕੱਠੇ ਕਰੋ ਅਤੇ ਹਕੂਮਤ ਦੇ ਬਾਕੀ ਅਧਿਕਾਰੀਆਂ ਦਾ ਧਿਆਨ ਵੀ ਇਸ ਪਾਸੇ ਦਿਵਾਉ।

ਸਾਡੇ ਕੋਲ਼ ਰਾਸ਼ਨ ਨਹੀਂ ਹੈ। ਇਸ ਜ਼ੁਲਮੀ ਰਵੱਈਏ ਨੂੰ ਬੰਦ ਕਰਵਾਉਣ ਲਈ, ਕਿਰਪਾ ਕਰਕੇ (ਉੱਚ ਅਧਿਕਾਰੀਆਂ ਨੂੰ) ਇੱਕ ਟੈਲੀਗ੍ਰਾਮ ਭੇਜੋ। ਲਗਭਗ 400 ਟਨ ਪਾਣੀ ਜਹਾਜ਼ ’ਤੇ ਭੇਜ ਦਿੱਤਾ ਗਿਆ ਹੈ। ਪਿਛਲੀ ਰਾਤ, ਕੁਝ ਹੋਰ ਪਾਣੀ ਵੀ ਜਹਾਜ਼ ਲਈ ਲਿਆਂਦਾ ਗਿਆ ਸੀ ਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵਾਪਸ ਭੇਜ ਦਿੱਤਾ।

ਜਦੋਂ ਤੱਕ ਸਾਡੇ ਵਿੱਚ ਜਾਨ ਹੈ, ਅਸੀਂ ਧੱਕੇ ਨਾਲ਼ ਜਹਾਜ਼ ਨੂੰ ਵਾਪਸ ਨਹੀਂ ਲਿਜਾਣ ਦੇਵਾਂਗੇ, ਭਾਵੇਂ ਅਸੀਂ ਭੁੱਖੇ ਵੀ ਮਰ ਜਾਈਏ, ਸਾਨੂੰ ਕੋਈ ਪਰਵਾਹ ਨਹੀਂ। ਜੇਕਰ ਸਾਡੇ ਕੋਲ਼ ਉਹ ਚੀਜ਼ (?) ਹੁੰਦੀ ਤਾਂ ਬਹੁਤ ਚੰਗਾ ਹੁੰਦਾ ਪਰ ਤੁਸੀਂ ਜੋ ਕਹੋਗੇ, ਅਸੀਂ ਮੰਨਗੇ। ਉਹ (ਅਧਿਕਾਰੀ) ਧੱਕੇ ਨਾਲ਼ (ਤੁਹਾਡਾ ਜਹਾਜ਼) ਖੋਹ ਰਹੇ ਹਨ, ਕੁਝ ਸੋਚੋ, ਕੁਝ ਕਰੋ।

**ਸਹੀ / ਦਲਜੀਤ ਸਿੰਘ**

ਤੁਹਾਡੀ ਬੇਨਤੀ ਮੰਨ ਕੇ, ਅਸੀਂ ਬਹੁਤ ਮੁਸ਼ਕਿਲ (ਭੁੱਖ ਅਤੇ ਪਿਆਸ) ਵਿੱਚੋਂ ਗੁਜ਼ਰ ਰਹੇ ਹਾਂ ਪਰ ਇਹ ਜ਼ਾਲਮ, ਸਾਨੂੰ ਰਾਤ ਨੂੰ ਸੌਣ ਵੀ ਨਹੀਂ ਦਿੰਦੇ। ਗੁੱਸਾ ਨਾ ਕਰਿਓ ਕਿ (ਹੁਣ) ਅਸੀਂ ਤੁਹਾਡਾ ਹੁਕਮ ਨਹੀਂ ਮੰਨ ਰਹੇ। ਚੰਗਾ ਹੋਵੇਗਾ ਕਿ ਗਵਰਨਰ ਜਨਰਲ ਨੂੰ ਖ਼ਤ ਜਾਂ ਤਾਰ ਭੇਜ ਕੇ ਸੂਚਿਤ ਕਰੋ ਕਿ ਪੁਲਿਸ ਕੁਝ ਅਜਿਹਾ ਕਰਨ ਜਾ ਰਹੀ ਹੈ, ਜਿਸਦੇ ਅਸੀਂ ਜ਼ਿੰਮੇਵਾਰ ਨਹੀਂ ਹੋਵਾਂਗੇ। ਅਜੇ ਤੱਕ ਅਸੀਂ ਕਾਨੂੰਨ ਦੇ ਅਨੁਸਾਰ ਚੱਲਣ ਦੇ ਇੱਛੁਕ ਹਾਂ। ਅਜਿਹੇ ਹਾਲਾਤਾਂ ਵਿੱਚ, ਜਿਹਾ ਕਿ ਰਾਤ ਵਾਪਰਿਆ, ਜਦ ਤੱਕ ਅਸੀਂ ਮਰ ਨਹੀਂ ਜਾਂਦੇ, ਅਸੀਂ ਸਾਡੇ ਫ਼ੌਜ ਵਿਚਲੇ (ਭਾਰਤੀ ਫ਼ੌਜੀ) ਭਰਾਵਾਂ ਦੇ ਵੀ ਸੰਪਰਕ ਵਿੱਚ ਹਾਂ। ਮੌਤ ਇਸ ਜਹਾਜ਼ ਦੇ ਚਾਰ-ਚੁਫ਼ੇਰੇ ਮੰਡਰਾ ਰਹੀ ਹੈ ਪਰ ਖ਼ਾਲਸਾ (ਸਿੱਖ ਵਿਸ਼ਵਾਸ) ਇਸ ਨੂੰ ਛਿੱਤਰ ਨਾਲ਼ ਕੁੱਟ ਕੇ ਵਾਪਸ ਭੇਜਣ ਲਈ ਤਿਆਰ-ਬਰ-ਤਿਆਰ ਹੈ।

ਅਸੀਂ ਨਹੀਂ ਜਾਣਦੇ ਕਿ ਸਾਨੂੰ ਦੁਬਾਰਾ ਖ਼ਤ ਲਿਖਣ ਦਾ ਮੌਕਾ ਮਿਲੇਗਾ ਜਾਂ ਨਹੀਂ, ਪਰ ਅਕਾਲ ਪੁਰਖ ਦੀ ਸਹਾਇਤਾ ਨਾਲ਼, ਉਮੀਦ ਹੈ ਕਿ ਕੁਝ ਨਾ ਕੁਝ ਜ਼ਰੂਰ ਕਰਾਂਗੇ। ਅਸੀਂ ਇੱਕ ਪੱਤਰ ਲਿਖ ਰਹੇ ਹਾਂ ਜੋ ਕਿ ਅਜੇ ਪੂਰਾ ਨਹੀਂ ਹੋਇਆ ਪਰ ਜਦੋਂ ਪੂਰਾ ਹੋ ਗਿਆ ਅਤੇ ਤੁਹਾਨੂੰ ਮਿਲ ਗਿਆ ਤਾਂ ਉਸਦੀ ਨਕਲ ਕਰਕੇ, ਦਸਤਖ਼ਤ ਕਰਕੇ, ਅਖ਼ਬਾਰਾਂ ਨੂੰ ਦੇ ਦੇਣੀ ਅਤੇ ਉਸਦੀਆਂ ਨਕਲਾਂ ਅੰਦਰੂਨੀ ਮਾਮਲਿਆਂ ਦੇ ਮੰਤਰੀ ਅਤੇ ਗਵਰਨਰ ਜਨਰਲ ਨੂੰ ਵੀ ਭੇਜ ਦੇਣੀਆਂ।

ਭਾਵੇਂ ਅਸੀਂ ਸਫ਼ਲ ਨਹੀਂ ਹੋਏ ਪਰ ਅਸੀਂ ਇਹ ਸਿੱਧ ਕਰ ਦਿਆਂਗੇ ਕਿ ਅਸੀਂ ਕਾਨੂੰਨ ਦੇ ਅਨੁਸਾਰ ਸਾਂ। ਵੰਦੇ ਮਾਤਰਮ । ਅਸੀਂ ਹੈਰਾਨ ਹਾਂ ਕਿ ਕਪਤਾਨ ਨੇ ਰਵਾਨਗੀ ਪੱਤਰ ਲੈ ਲਿਆ ਹੈ।

### ਦਿਲ -ਦਿਮਾਗ਼ ਮਜ਼ਬੂਤ ਰੱਖੋ

ਸਾਨੂੰ ਕਪਤਾਨ ਰਾਹੀਂ ਪਤਾ ਲੱਗਿਆ ਹੈ ਕਿ ਸਾਡੇ ਪਿਆਰੇ ਵੀਰ ਸਰਦਾਰ ਭਾਗ ਸਿੰਘ ਨੂੰ ਸਿਆਟਲ ਵਿੱਚ ਕਿਸੇ ਝੂਠੇ ਕੇਸ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਖ਼ਬਰ ਸੁਣ ਕੇ ਅਸੀਂ ਬਹੁਤ ਪ੍ਰੇਸ਼ਾਨ ਹਾਂ। ਕਿਰਪਾ ਕਰਕੇ ਸਾਨੂੰ ਇਸ ਸੰਬੰਧੀ ਤਫ਼ਸੀਲ ਨਾਲ਼ ਦੱਸੋ (ਲਿਖੋ)। ਇਹ ਵੀ ਸੁਣਿਆਂ ਹੈ ਕਿ ਪੰਜ-ਛੇ ਹੋਰ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਅਸੀਂ ਬਹੁਤ ਮਜ਼ਬੂਰ ਹਾਂ। ਤੁਸੀਂ, ਸਾਡੀ ਹਾਲਤ ਸਮਝ ਸਕਦੇ ਹੋ। ਸਾਨੂੰ ਆਪਣੇ ਪਿਆਰੇ ਭਰਾਵਾਂ ਦੀ ਗ੍ਰਿਫ਼ਤਾਰੀ ’ਤੇ ਬੇਹਦ ਅਫ਼ਸੋਸ ਹੈ। ਸਾਨੂੰ ਅਜੇ ਵੀ ਯਕੀਨ ਨਹੀਂ ਆ ਰਿਹਾ ਪਰ ਸਾਨੂੰ ਗੁਰੂ ’ਤੇ ਭਰੋਸਾ ਹੈ ਕਿ ਇਹ ਸਭ ਝੂਠ ਹੀ ਨਿਕਲੇਗਾ।

- ਬੰਦੇ ਮਾਤਰਮ

**ਸਹੀ/ ਦਲਜੀਤ ਸਿੰਘ**

**19 ਜੁਲਾਈ 1914, ਐਤਵਾਰ.**

ਜੇਕਰ ਅਸੀਂ ਤੁਹਾਨੂੰ ਆਪਣੀ ਪ੍ਰੇਸ਼ਾਨੀ ਦੱਸੀਏ ਤਾਂ ਤੁਸੀਂ ਹੋਰ ਦੁਖੀ ਹੋਵੋਗੇ। ਉਹ (ਕੈਨੇਡੀਅਨ ਅਧਿਕਾਰੀ) ਸਾਨੂੰ ਜਬਰੀ ਵਾਪਸ ਭੇਜਣਾ ਚਾਹੁੰਦੇ ਅਤੇ ਬਾਅਦ ਵਿੱਚ, ਉਹ ਤੁਹਾਨੂੰ ਕਹਿਣਗੇ ਕਿ ਜਹਾਜ਼ ਨੂੰ ਮੁਸਾਫ਼ਰ ਲੈ ਗਏ ਹਨ। ਅੱਜ ਰਾਤ ਲਗਭਗ 1:30 ਵਜੇ, ਪੁਲਿਸ ਨਾਲ਼ ਭਰੀ ਹੋਈ ਇੱਕ ਬੀਂਡੀ ਕਿਸ਼ਤੀ ਆਈ। ਉਹਨਾਂ ਨੇ ਮੁਸਾਫ਼ਰਾਂ ਨੂੰ ਡਰਾ-ਧਮਕਾ ਕੇ ਜਹਾਜ਼ ’ਤੇ ਚੜ੍ਹਨ ਅਤੇ ਭਾਈ ਗੁਰਦਿੱਤ ਸਿੰਘ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ। ਅਸੀਂ ਪਹਿਲਾਂ ਕੋਈ ਲੜਾਈ-ਝਗੜਾ ਨਹੀਂ ਕੀਤਾ। ਅਸੀਂ ਰਸਦ ਤੋਂ ਬਿਨਾ ਜਹਾਜ਼ ਨੂੰ ਕਿਵੇਂ ਲੈ ਜਾਈਏ? ਉਹਨਾਂ ਨੇ ਸਾਡੇ ’ਤੇ ਪਾਣੀ ਦੀਆਂ ਬੁਛਾਰਾਂ ਸੁੱਟੀਆਂ ਅਤੇ ਧੱਕੇ ਨਾਲ਼ ਜਹਾਜ਼ ’ਤੇ ਚੜ੍ਹਨ ਦੀ ਕੋਸ਼ਸ਼ ਕਰਨ ਲੱਗੇ। ਇਹ ਵੇਖ ਕੇ ਸਿੱਖਾਂ (ਮੁਸਾਫ਼ਰਾਂ) ਨੇ ਆਪਣੀਆਂ ਜਾਨਾਂ ਤਲ਼ੀਆਂ ਉੱਤੇ ਧਰ ਲਈਆਂ ਅਤੇ ਕੋਲ਼ੇ ਮਾਰ-ਮਾਰ ਕੇ ਉਹਨਾਂ ਨੂੰ ਭਜਾ ਦਿੱਤਾ। ਉਹਨਾਂ ਦੀ ਕਿਸ਼ਤੀ ਦੇ ਸਾਰੇ ਸ਼ੀਸ਼ੇ ਟੁੱਟ ਗਏ। ਬੜੀ ਸ਼ਾਨਦਾਰ ਲੜਾਈ ਹੋਈ। ਉਹਨਾਂ ਦੋ-ਚਾਰ ਵਾਰ ਸਾਡੇ ’ਤੇ ਫ਼ਾਇਰ ਵੀ ਕੀਤੇ ਪਰ ਚੰਗੇ ਭਾਗੀਂ ਸਾਰੇ ਬਚ ਗਏ।ਪੁਲਿਸ ਦੇ ਤੇਜ਼ਧਾਰ ਹਥਿਆਰਾਂ ਨਾਲ਼ ਸਾਡੇ ਚਾਰ ਸਾਥੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ ਪਰ ਗੁਰੂ ਦੇ ਆਸਰੇ ਨਾਲ਼ ਅਸੀਂ ਜਿੱਤ ਗਏ ਅਤੇ ਆਪਣੇ ਝੰਡੇ ਦੀ ਸ਼ਾਨ ਬਰਕਰਾਰ ਰੱਖੀ। ਅਸੀਂ ਮਰਨ-ਮਾਰਨ ਲਈ ਤਿਆਰ ਹਾਂ। ਅਸੀਂ, ਤੁਹਾਡੇ ਕਹੇ ਬਿਨਾਂ ਜਹਾਜ਼ ਪਿੱਛੇ ਨਹੀਂ ਮੋੜਾਂਗੇ ਅਤੇ ਉਦੋਂ ਹੀ ਤੁਰਾਂਗੇ, ਜਦੋਂ ਉਹ ਪਹਿਲਾਂ ਰਸਦ ਭੇਜਣਗੇ। ਤੁਹਾਡੀ ਆਗਿਆ ਅਤੇ ਰਸਦ ਤੋਂ ਬਿਨਾਂ ਜਾਣ ਨਾਲ਼ੋਂ ਸਾਡੇ ਲਈ ਮਰ ਜਾਣਾ ਬਿਹਤਰ ਹੈ। ਜਹਾਜ਼ ਦੇ ਕਪਤਾਨ ਨੂੰ ਇੱਕ ਨੋਟਿਸ ਭੇਜੋ ਕਿ ਜੇਕਰ ਉਸਨੇ ਤੁਹਾਡੀ ਆਗਿਆ ਤੋਂ ਬਿਨਾਂ ਜਹਾਜ਼ ਵਾਪਸ ਮੋੜਿਆ ਤਾਂ ਉਸਨੂੰ ਹਜ਼ਾਰਾਂ ਡਾਲਰ, ਹਰਜ਼ਾਨੇ ਦੇ ਰੂਪ ਵਿੱਚ ਭਰਨੇ ਪੈਣਗੇ। ਇਮੀਗ੍ਰੇਸ਼ਨ ਦੇ ਅਧਿਕਾਰੀ ਉਸਨੂੰ ਬਚਾਉਣਾ ਚਾਹੁੰਦੇ ਹਨ ਅਤੇ ਪੁਲਿਸ ਉਹਨਾਂ ਦੇ ਨਾਲ਼ ਹੈ। ਚੰਗਾ ਹੋਵੇ ਜੇਕਰ ਤੁਸੀਂ, ਗਵਰਨਰ ਜਨਰਲ ਨੂੰ ਇੱਕ ਤਾਰ ਭੇਜੋ ਅਤੇ ਉਸਨੂੰ ਦੱਸੋ ਕਿ ‘ਇਮੀਗ੍ਰੇਸ਼ਨ ਦੇ ਅਧਿਕਾਰੀ ਸਾਡੀ ਸਹਿਮਤੀ ਤੋਂ ਬਿਨਾਂ ਜਹਾਜ਼ ਨੂੰ ਵਾਪਸ ਭੇਜਣਾ ਚਾਹੁੰਦੇ ਹਨ।’ ਉਸਨੂੰ ਦੱਸੋ ਕਿ ਉਸਦੇ ਅਧਿਕਾਰੀਆਂ ਦੀਆਂ ਕਰਤੂਤਾਂ ਦੇ ਨਤੀਜੇ, ਉਸਨੂੰ ਭੁਗਤਣੇ ਪੈਣਗੇ। ਇੱਕ ਜ਼ਬਰਦਸਤ ਤਾਰ ਭੇਜ ਕੇ, ਉਸਨੂੰ ਦੱਸੋ ਕਿ ਪੁਲਿਸ ਜਹਾਜ਼ ’ਤੇ ਧੱਕੋ-ਜੋਰੀ ਚੜ੍ਹ ਕੇ ਜਹਾਜ਼ ਨੂੰ ਲੁੱਟਣਾ ਚਾਹੁੰਦੀ ਹੈ। ਉਸਨੂੰ ਲਿਖੋ ਕਿ ‘ਇਹ ਸਾਡਾ ਆਖਰੀ ਨੋਟਿਸ ਹੈ’ ਅਤੇ ਜਦੋਂ ਤੱਕ ਤੁਸੀਂ ਖ਼ੁਦ ਆ ਕੇ, ਸਰਕਾਰ ਵੱਲੋਂ, ਸਾਨੂੰ ਵਾਪਸ ਜਾਣ ਲਈ ਨਹੀਂ ਕਹਿੰਦੇ, ਅਸੀਂ ਏਥੇ ਹੀ ਮਰਾਂਗੇ। ਤੁਸੀਂ ਘਬਰਾਉ ਨਾ, ਜਿਸ ਤਰੀਕੇ ਨਾਲ਼ ਉਹ ਸਾਡੇ ਨਾਲ਼ ਧੱਕਾ ਕਰ ਰਹੇ ਨੇ, ਅਸੀਂ ਮਰਨ-ਮਾਰਨ ਲਈ ਤਿਆਰ ਹਾਂ। ਅਸੀਂ ਸ਼ਰਮਿੰਦਗੀ ਦੀ ਮੌਤ ਨਹੀਂ ਮਰਾਂਗੇ।

ਤੁਹਾਡਾ ਸਰਕਾਰ ਉੱਤੇ ਇੱਕ ਚੰਗਾ ਦਾਵ੍ਹਾ ਬਣਦਾ ਹੈ। ਗਵਰਨਰ ਜਨਰਲ, ਰੀਡ, ਕਪਤਾਨ ਅਤੇ ਜੌਹਨਸਨ ਨੂੰ ਨੋਟਿਸ ਭੇਜੋ। ਪਿਛਲੀ ਰਾਤ ਵਾਪਰਨ ਵਾਲ਼ੀ ਘਟਨਾਂ ਬਹੁਤ ਗੰਭੀਰ ਹੈ ਅਤੇ ਸਾਡੇ ਵਾਪਸ ਜਾਣ ਤੋਂ ਪਹਿਲਾਂ ਏਥੇ ਖ਼ੂਨ-ਖ਼ਰਾਬਾ ਜ਼ਰੂਰ ਹੋਵੇਗਾ। ਹਾਪਕਿਨਸਨ ਨੇ ਸਾਨੂੰ ਕਿਹਾ ਸੀ ਕਿ ਬਲਵੰਤ ਸਿੰਘ, ਭਾਗ ਸਿੰਘ ਤੇ ਰਹੀਮ, ਉਹਨਾਂ ਦੇ ਨਿਸ਼ਾਨੇ ’ਤੇ ਹਨ। ਸਾਡਾ ਖ਼ਿਆਲ ਹੈ ਕਿ ਉਹ, ਮੈਨੂੰ ਅਤੇ (ਬਾਬਾ) ਗੁਰਦਿੱਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਆਏ ਸਨ। ਸਾਰਾ ਮਾਜਰਾ ਲਿਖ ਦਿੱਤਾ ਹੈ। ਸਾਨੂੰ, ਹੁਣ ਬਾਹਰੋਂ ਕੋਈ ਖ਼ਬਰ ਨਹੀਂ ਮਿਲਦੀ। ਹਸਪਤਾਲ ’ਚੋਂ ਪਤਾ ਲਗਾਉ ਕਿ ਚਿੱਟੀ ਚਮੜੀ ਵਾਲ਼ੇ (ਗੋਰੇ ਸਿਪਾਹੀ) ਕਿੰਨੇ ਕੁ ਜ਼ਖ਼ਮੀ ਹੋਏ ਨੇ ? ਸਚਮੁੱਚ, ਉਹਨਾਂ ਨਾਲ਼ ਬਹੁਤ ਬੁਰੀ ਹੋਈ। ਇਹ ਬੇਈਮਾਨ ਲੋਕ, ਸਾਨੂੰ ਨੀਂਵਾਂ ਵਿਖਾਉਣਾ ਚਾਹੁੰਦੇ ਹਨ। ਹੋਰ ਕਰ ਵੀ ਕੀ ਸਕਦੇ ਹਨ ? ਰਾਤੀਂ ਭੁੱਖੇ-ਪਿਆਸੇ ਸਿੱਖਾਂ ਨੇ, ਉਹਨਾਂ ਨੂੰ ਚੰਗੇ ਹੱਥ ਵਿਖਾਏ ਅਤੇ ਜੇਕਰ ਇਹ ਕੁਝ ਨਾ ਹੁੰਦਾ, ਉਹ ਧੱਕੇ ਨਾਲ਼ ਜਹਾਜ਼ ਨੂੰ ਲੈ ਜਾਂਦੇ। ਜੇਕਰ ਜ਼ਿਆਦਾ ਨਾ ਲਿਖ ਸਕੋ ਤਾਂ ਕੁਝ ਸਤਰਾਂ ਹੀ ਲਿਖ ਭੇਜੋ ਅਤੇ ਉੱਤੇ ਦੀਵਾਨ ਦੀ ਮੋਹਰ ਜ਼ਰੂਰ ਲਾਇਆ ਜੇ ਤਾਂ ਕਿ ਸਾਨੂੰ ਯਕੀਨ ਆ ਜਾਵੇ। ਚਿੱਠੀ-ਪੱਤਰੀ ਬਿਨਾਂ ਬਹੁਤ ਮੁਸ਼ਕਲ ਹੈ। ਅਸੀਂ ਇਹਨਾਂ ਜ਼ਾਲਮਾਂ ਨੂੰ ਕਿਹਾ ਕਿ ਸਾਨੂੰ, ਸਾਡੇ ਸਾਥੀਆਂ ਨਾਲ਼ ਮਿਲਾ ਦਿਉ ਤਾਂ ਕਿ ਉਹਨਾਂ ਨੂੰ ਦਿੱਤੀ ਖੇਚਲ ਲਈ, ਅਸੀਂ ਉਹਨਾਂ ਦਾ ਧੰਨਵਾਦ ਕਰ ਸਕੀਏ ਪਰ ਇਹ ਨਹੀਂ ਮੰਨਦੇ।

**(ਸਹੀ/ ਦਲਜੀਤ ਸਿੰਘ)**

**ਅਨੁਵਾਦ :**

**ਗੁਰਲਾਲ ਸਿੰਘ ਬਰਾੜ**